# ਸੇਧ

ਜਨਵਰੀ 1976 (ਜਿਲਦ 5 ਨੰਬਰ 1)

**January 1976**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ

ਜਿਲਦ 5
ਜਨਵਰੀ 1976
ਨੰਬਰ 1

* ਡਾ. ਜ. ਸ. ਗਰੇਵਾਲ (13)
* ਡਾ. ਫ਼ੌਜਾ ਸਿੰਘ (23)
* ਸੁਰਜੀਤ ਹਾਂਸ (35)
* ਪ੍ਰੋ. ਜੋਤਿੰਦਰ ਕੌਰ ਸੰਧੂ (46)

ਤੇ

* ਜਗਜੀਤ ਸਿੰਘ (50)
* ਗਿਆਨ ਸਿੰਘ ਸੰਧੂ (58)

ਅਤੇ

* ਪ੍ਰੋ. ਕਿਸ਼ਨ ਸਿੰਘ (30, 62)

ਰਾਗ ਗਉੜੀ ਮਹਲਾ ੯

ਸਾਧੋ ਮਨ ਕਾ ਮਾਨੁ ਤਿਆਗਉ ।

ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ਰਹਾਉ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ।

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ।

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂ ਗੁਰਮੁਖਿ ਜਾਨਾ ॥੨॥੧॥

Edited, Printed & Published
by Gurvel Singh Pannu,
A/42, Defence Colony,
New Delhi-110024.
Ph. No. 62 63 00
Printed at 'LOK PRINTERS'
A1/12, Krishan Nagar, Delhi-51.

Price : Rs. 1.25 Per Copy
Subscription :
Annual (India) : Rs. 12
(UK) : £ 4
(USA, Canada) : $ 8
Life membership Rs. 100/
£ 50 / $ 100

WITH BEST COMPLIMENTS

FROM

**RULDU RAM & SONS**

PATIALA ROAD, NABHA

DISTRIBUTORS

**GOPIKA PURE GHEE**

MANUFACTURED BY

HINDUSTAN MILKFOOD MANUFACTURERS LTD.
(MAKERS OF "HORLICKS")

WITH BEST COMPLIMENTS
from

**RACMANN**
ALLOY STEEL

**RACMANN**

**SPRINGS PVT. LTD.**

Manufacturers & Exporters

AUTOMOBILE LEAF SPRINGS
AND AGRICULTURAL IMPLEMENTS

Phones : 586048-586283
Grams : RACMANN

53, INDUSTRIAL AREA, NAJAFGARH ROAD
NEW DELHI-110015 (INDIA)

WITH BEST COMPLIMENTS

from

**CHAUDHRY FORGINGS**

C-116, INDUSTRIAL AREA

BULANDSHEHR ROAD

P. O. BOX No. 36

**GHAZIABAD (U. P.)**

Phones : (off.) 3484 (Resi) : 2984

MANUFACTURERS OF CRANK SHAFTS

GEARS, BLANK SHAFTS



## ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ
## ਦੀਆਂ ਕੁਝ ਇਕ ਚੋਣਵੀਆਂ ਪੁਸਤਕਾਂ

| | | |
|---|---|---|
| ਮੁਢਲੀ ਉਨਵੀਂ ਸਦੀ ਦਾ ਪੰਜਾਬ (ਡਾ: ਜ. ਸ. ਗਰੇਵਾਲ ਤੇ ਮਿੱਸ ਇੰਦੂ ਬੰਗਾ) | ਰੁਪੈ | 22.00 |
| ਸਿਖ ਫਿਲਾਸਫੀ ਦੀ ਰੂਪ ਰੇਖਾ (ਪ੍ਰੋ. ਪ੍ਰੀਤਮ ਸਿੰਘ) | ,, | 15.00 |
| ਪੁਰਾਤਣ ਜਨਮ ਸਾਖੀ (ਡਾ: ਹਰਿਭਜਨ ਸਿੰਘ) | ,, | 1.15 |
| ਸਿੱਧ ਗੋਸ਼ਟ : ਇਕ ਅਧਿਐਨ (ਡਾ. ਭਾਈ ਜੋਧ ਸਿੰਘ) | ,, | 1.86 |
| ਗੁਰਬਾਣੀ ਵਿਚ ਬੱਦੀ ਦਾ ਸੰਕਲਪ (ਪ੍ਰੋ. ਕਿਸ਼ਨ ਸਿੰਘ) | ,, | 2.00 |
| ਧੁਰ ਕੀ ਬਾਣੀ (ਪ੍ਰੋ. ਪ੍ਰੀਤਮ ਸਿੰਘ ਸਫ਼ੀਰ) | ,, | 2.00 |
| ਗੁਰੂ ਨਾਨਕ ਦਾ ਰਹੱਸਯਵਾਦ (ਸ. ਰਾਮ ਸਿੰਘ) | ,, | 3.60 |
| ਮੀਰਾਸੀਆਂ ਦਾ ਪਿਛੋਕੜ ਤੇ ਭਾਈ ਮਰਦਾਨਾ (ਸ. ਸ਼ਮਸ਼ੇਰ ਸਿੰਘ ਅਸ਼ੋਕ) | ,, | 2.40 |
| ਯਾਦਾਂ ਦਾ ਝਰੋਖਾ (ਡਾ. ਪਿਆਰ ਸਿੰਘ, ਸ੍ਰੀ ਨ. ਸ. ਖਹਿਰਾ) | ,, | 3.60 |
| ਅਲਿਵਿਦਾ ਸੁਰਗਵਾਸੀ ਸ਼ਿਵ ਕੁਮਾਰ ਦਾ (ਡਾ. ਪਿਆਰ ਸਿੰਘ) | ,, | 18.00 |
| ਪੰਜਾਬੀ ਨਾਵਲ : ਸਰਵੇਖਣ ਤੇ ਮੁਲਾਂਕਣ (ਡਾ. ਕ. ਸ. ਥਿੰਦ) | ,, | 7.50 |
| ਡੀਲਕਸ | ,, | 15.00 |

| | |
|---|---|
| From Guru Nanak To Maharaja Ranjit Singh (Dr. J. S. Grewal) | Rs. 20.00 |
| Early Nineteenth Century Punjab (Dr. J. S. Grewal & Miss Indu Banga) | 25.00 |
| Medieval India : History & Historians (Dr. J. S. Grewal) | 22.00 |
| Studies in Local & Regional History (Dr. J. S. Grewal) | 25.00 |
| Secularism & Sikh Faith (Dr. Attar Singh) | 1.50 |
| Whitman's Idea of the Poet (Dr. Harsharan Singh) | 5.00 |
| Determinism in Hemingway (Dr. R. Srivastava) | 3.90 |

**Journals :** 1. Journal of Sikh Studies II (Rs. 4.00);
2. Journal of Sciences I (Rs. 5.00)
3. Khoj Darpan I, II & III (Rs. 3.00)

**Note :** Discount as under :

(i) Research journals — 25%. (ii) General Books — $33\frac{1}{3}\%$

(iii) Lectures on religion & ethics (on one publication)—$33\frac{1}{3}\%$

For details contact/write to the University Publications Deptt.

ਆਓ

## ਆਪਣੇ ਬੱਚਿਆਂ ਦੇ ਭਵਿਖਤ ਨੂੰ ਉੱਜਲਾ ਬਣਾਈਏ !

ਪਰਵਾਰ ਨਿਯੋਜਨ ਪਰੋਗਰਾਮ ਜਨਤਾ ਨੂੰ ਸੁਖੀ ਬਣਾਉਣ ਦੀ ਸਾਡੀ ਸਮੁੱਚੀ ਨੀਤੀ ਦਾ ਇਕ ਜ਼ਰੂਰੀ ਅੰਗ ਹੈ । ਸੱਚ ਪੁੱਛੋ ਤਾਂ ਪਰਵਾਰ ਨਿਯੋਜਨ ਦਾ ਇਕੋ ਇਕ ਉਦੇਸ਼ ਜਨਤਾ ਦੀ ਭਲਾਈ ਹੀ ਹੈ । ਪਰਵਾਰ ਨੂੰ ਛੋਟਾ ਰਖਣਾ ਇਸ ਲਈ ਜ਼ਰੂਰੀ ਨਹੀਂ ਕਿ ਸਾਨੂੰ ਬੱਚੇ ਪਸੰਦ ਨਹੀਂ, ਸਗੋਂ ਇਸ ਲਈ ਕਿ ਅਸੀਂ ਹਰ ਬੱਚੇ ਨੂੰ ਵਧਣ ਫੁਲਣ ਤੇ ਤਰੱਕੀ ਕਰਨ ਦੇ ਪੂਰੇ ਪੂਰੇ ਮੌਕੇ ਦੇਣਾ ਚਾਹੁੰਦੇ ਹਾਂ । ਅਸੀਂ ਆਪਣੇ ਬੱਚਿਆਂ ਨੂੰ ਇਕ ਚੰਗੇਰੀ ਦੁਨੀਆਂ ਵਿਰਸੇ ਵਿਚ ਦੇਣਾ ਚਾਹੁੰਦੇ ਹਾਂ । ਹਰ ਮਾਤਾ-ਪਿਤਾ ਦੀ ਇਹੋ ਖ਼ਾਹਿਸ਼ ਹੁੰਦੀ ਹੈ ਤੇ ਸਾਡੇ ਯੋਜਨਾਬੰਦ ਵਿਕਾਸ ਦਾ ਵੀ ਇਹੀ ਉੱਦੇਸ਼ ਹੈ ।

— ਇੰਦਰਾ ਗਾਂਧੀ

davp 75/325



**With Best Compliments**

**from**

## SAHIBDITTAMAL SURJIT SINGH

**WHOLESALE CLOTH MERCHANTS**

**specialists in nylons & silks**

KATARA SUBASH
Chandni Chowk
DELHI-6.

**Ph. Nos. Shop. 269282**
**Off. 263936**
**Resi. 222345**
**GRAM : NYLSILK**

## ਖੁਸ਼ਹਾਲੀ ਲਈ ੨੦ ਕਦਮ

ਜਨਤਾ ਲਈ ਰਲੀਫ ਦਾ ਸਮਾਂ-ਸਮਾਜ ਵਿਰੋਧੀਆਂ ਲਈ ਬਿਪਤਾ ਦਾ ਸਮਾਂ ਪ੍ਰਧਾਨ ਮੰਤਰੀ ਦਾ 20 ਸੂਤਰੀ ਪਰੋਗਰਾਮ ਸਮਾਜਿਕ ਇਨਕਲਾਬ ਦਾ ਸੱਦਾ ਹੈ : ਸ਼ਾਨਦਾਰ ਭਵਿਖ ਵਲ ਵਧਦਾ ਕਦਮ ਹੈ । ਦਿੱਲੀ ਵਿਚ ਇਸ ਦੌਰਾਨ ਹੋਈ ਪ੍ਰਗਤੀ ਇਕ ਚਮਤਕਾਰ ਹੈ ।

**ਕੀਮਤਾਂ ਘੱਟ ਹੋਈਆਂ :—**

— ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵਿਚ ਕਮੀ । ਆਦਰਸ਼ਕ ਵੰਡ ਪ੍ਰਣਾਲੀ ਲਾਗੂ । ਜਮ੍ਹਾਂਖੋਰਾਂ ਅਤੇ ਕਾਲਾ ਧੰਧਾ ਕਰਨ ਵਾਲਿਆਂ ਵਿਰੁਧ 9278 ਛਾਪੇ । ਕੀਮਤਾਂ ਦੀ ਰੋਕਥਾਮ ਲਈ 167 ਪੰਚਾਇਤੀ ਅਤੇ 66 ਮੁਹੱਲਾ ਕਮੇਟੀਆਂ । 225 ਸ਼ਹਿਰੀ ਅਤੇ ਦਿਹਾਤੀ ਸਹਿਕਾਰੀ ਕਮੇਟੀਆਂ ਵਲੋਂ ਸਸਤੇ ਜਨਤਾ ਕਪੜੇ ਦੀ ਵਿਕਰੀ ।

**ਬੇਘਰਾਂ ਲਈ ਘਰ : ਬੇਜ਼ਮੀਨਿਆਂ ਲਈ ਜ਼ਮੀਨ :**

— ਇਕ ਹੀ ਦਿਨ ਵਿਚ (14 ਜੁਲਾਈ) 861 ਦਿਹਾਤੀ ਬੇਜ਼ਮੀਨਿਆਂ ਲੋਕਾਂ ਨੂੰ ਜ਼ਮੀਨ । 5000 ਏਕੜ ਹੋਰ ਜ਼ਮੀਨ ਵੰਡਣ ਦੀ ਯੋਜਨਾ । 778 ਲੋਕਾਂ ਨੂੰ ਮਕਾਨ ਬਨਾਉਣ ਲਈ ਪਲਾਟ । 8786 ਹੋਰ ਲੋਕਾਂ ਨੂੰ ਛੇਤੀ ਹੀ ਥਾਂ ਦੇਣ ਦੇ ਪਰੋਗਰਾਮ । ਦਿਹਾਤੀ ਇਲਾਕਿਆਂ ਵਿਚ ਮਕਾਨਾਂ ਲਈ 15 ਲੱਖ ਰੁਪਏ ਦੀ ਗਰਾਂਟ । ਮਕਾਨ ਬਨਾਉਣ ਲਈ 70,000 ਪਲਾਟ ਮੌਜੂਦ ।

**ਘਟੋ ਘਟ ਮਜ਼ਦੂਰੀ ਵਿਚ ਵਾਧਾ :**

— ਸਨਅਤਾਂ ਅਤੇ ਖੇਤਾਂ ਵਿਚ ਲਗੇ 8 ਲੱਖ ਮਜ਼ਦੂਰਾਂ ਦੀ ਮਜ਼ਦੂਰੀ ਵਿਚ 20 ਤੋਂ 50 ਫੀ ਸਦੀ ਤਕ ਦਾ ਵਾਧਾ । 3500 ਤੋਂ ਵਧੇਰੇ ਨੌਜੁਆਨ ਸਨਅਤਾਂ ਵਿਚ ਅਪਰੈਂਟਿਸ ।

**ਵਿਦਿਆਰਥੀਆਂ ਨੂੰ ਰਲੀਫ :—**

— ਗਰੀਬ ਵਿਦਿਆਰਥੀਆਂ ਲਈ ਮੁਫ਼ਤ ਪਾਠ ਪੁਸਤਕਾਂ । ਸਕੂਲਾਂ, ਕਾਲਜਾਂ ਵਿਚ ਬੁਕ ਬੈਂਕ । ਸਕੂਲਾਂ ਵਿਚ ਪੈਨਸਿਲ-ਕਾਪੀਆਂ ਆਦਿ ਸਸਤੇ ਦਰਾਂ ਉਤੇ । ਹੋਸਟਲਾਂ ਵਿਚ ਸਸਤਾ ਭੋਜਨ । ਸਕੂਲਾਂ ਵਿਚ ਸੁਧਾਰ ਦਾ 20 ਸੂਤਰੀ ਜ਼ੋਰਦਾਰ ਪਰੋਗਰਾਮ ।

**ਉਤਪਾਦਨ ਵਧਿਆ :—**

— ਹੜਤਾਲਾਂ ਅਤੇ ਤਾਲਾਬੰਦੀਆਂ ਖਤਮ । ਉਤਪਾਦਨ ਵਧਿਆ । ਹੱਥਖੱਡੀ ਸਨਅਤ ਦੀ 150 ਕਰੋੜ ਰੁਪਏ ਦੀ ਵਿਕਾਸ ਯੋਜਨਾ । ਨਵੇਂ ਉਦਮੀ ਸਨਅਤਕਾਰਾਂ ਲਈ ਵਿਸ਼ੇਸ਼ ਯੋਜਨਾਵਾਂ । ਖੇਤੀ ਵਿਚ ਇਨਕਲਾਬ — ਦਿਹਾਤੀ ਵਿਕਾਸ ਨਿਗਮ ਦੀ ਯੋਜਨਾ । ਸਬਜ਼ੀ ਦੀ ਖੇਤੀ 48000 ਏਕੜ ਤੋਂ ਵਧਾ ਕੇ 85000 ਏਕੜ ਵਿਚ । ਪਿੰਡਾਂ ਵਿਚ ਬੈਂਕ ਅਤੇ ਬਹੁ-ਉਦੇਸ਼ਮਈ ਸਹਿਕਾਰੀ ਕਮੇਟੀਆਂ । ਕਰਜ਼ ਤੋਂ ਛੁਟਕਾਰਾ ਦੇਣ ਦੇ ਪ੍ਰਬੰਧ ।

**ਸਮਾਜ ਵਿਰੋਧੀਆਂ ਦੇ ਪੈਰ ਉਖੜ ਗਏ :—**

— ਬੇਈਮਾਨ ਵਪਾਰੀਆਂ ਵਿਰੁਧ 930 ਛਾਪੇ । ਚੋਰੀ ਛਪੇ ਦੇ ਵਪਾਰ ਉਤੇ 10 ਕਰੋੜ ਰੁਪਏ ਦੇ ਵਿਕਰੀ ਟੈਕਸ ਦੀ ਵਸੂਲੀ । 54 ਸਰਕਾਰੀ ਕਰਮਚਾਰੀ ਸਮਿਉਂ ਪਹਿਲਾਂ ਰੀਟਾਇਰ ਤੇ ਕੁਝ ਬਰਖਾਸਤ । ਕਰਮਚਾਰੀਆਂ ਦੀ ਕੰਮ ਕਰਨ ਦੀ ਯੋਗਤਾ, ਇਮਾਨਦਾਰੀ ਉਤੇ ਕਰੜੀ ਨਜ਼ਰ ।

**ਸੁੰਦਰ ਹਰੀ ਭਰੀ ਦਿੱਲੀ :—**

— ਦੋਵੇਂ ਵੇਲੇ ਸਫ਼ਾਈ ਅਤੇ ਰਾਤ ਨੂੰ ਵੀ ਸਫ਼ਾਈ ਦਾ ਪ੍ਰਬੰਧ । ਗੈਰ-ਅਧਿਕਾਰਤ ਉਸਾਰੀ ਹਟਾਈ ਗਈ । ਚੌੜੀਆਂ ਸੁੰਦਰ ਸੜਕਾਂ । ਦਿੱਲੀ ਵਿਚ 5 ਲੱਖ ਨਵੇਂ ਦਰਖਤ ।

**ਗੌਰਵਮਈ ਪ੍ਰਾਪਤੀ :—**

ਇਹ ਗੌਰਵਮਈ ਪ੍ਰਾਪਤੀ ਹਾਸਲ ਕੀਤੀ ਤੁਸੀਂ : ਭਾਵ ਦਿੱਲੀ ਵਾਸੀਆਂ ਨੇ—ਸਿਰਫ਼ 5 ਮਹੀਨਿਆਂ ਵਿਚ । ਤੁਹਾਡੇ ਨਾਲ ਕਦਮ ਮਿਲਾ ਕੇ ਚਲ ਰਿਹਾ ਹੈ : ਦਿੱਲੀ ਪ੍ਰਸ਼ਾਸਨ, ਤੁਹਾਡਾ ਪ੍ਰਸ਼ਾਸਨ ।

ਆਓ ! ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਇਸ ਮਹਾਨ ਪਰੋਗਰਾਮ ਵਿਚ ਸਹਾਇਕ ਅਤੇ ਭਾਈਵਾਲ ਬਣੀਏਂ ।

**ਸੂਚਨਾ ਅਤੇ ਪਰਚਾਰ ਡਾਇਰੈਕਟੋਰੇਟ, ਦਿੱਲੀ ਪ੍ਰਸ਼ਾਸਨ, ਦਿੱਲੀ ਵਲੋਂ ਜਾਰੀ**





# QUALITY PRODUCTS TO YOUR SPECIFICATIONS

■ COPPER AND COPPER ALLOYS

COPPER BASED ALLOYS : SILVER BEARING COPPER : SILVER BRONZES : CHROMIUM COPPER : CADMIUM COPPER : ARSENICAL COPPER : CUPRO NICKEL : BEARING BRONZES ETC.

ALUMINIUM BASED ALLOYS : ALUMINIUM NOTCHED BARS : DIE CASTING ALLOYS : ALUMINIUM MANGANESE : ALUMINIUM MAGNESIUM : ALUMINIUM SILICON ETC.

MASTER ALLOYS : PHOSPHORUS COPPER : ARSENIC COPPER : CUPRO MANGENESE : ALUMINIUM CADMIUM COPPER : ALUMINIUM CHROMIUM : COPPER NICKEL ETC.

THE ABOVE ALLOYS CAN BE SUPPLIED IN THE FORM OF INGOTS, RODS, WIRES, FLATS, PROFILES ETC.

SPECIAL PURPOSE PRODUCTS : GROOVED CONTACT WIRE : CADMIUM CATENARY : COAXIAL COPPER TAPE AND SLIVERLESS COPPER WIRES AND OTHER SPECIALISED ITEMS.

WE ALSO UNDERTAKE CONVERSION OF COPPER SCRAP INTO ROLLED RODS, WIRES, FLATS/STRIPS ETC TO MEET SPECIFIC REQUIREMENTS.

■ 'JEMMEX' SUPER ENAMELLED COPPER & ALUMINIUM WIRES AND 'JEMMEX' DOUBLE PAPER COVERED ALUMINIUM & COPPER WIRES

■ AAC & ACSR CONDUCTORS

■ 'JAIPUR' SINGLE & POLYPHASE ELECTRICITY METERS

■ PERMANENT MAGNETS

WE ARE CONTRIBUTING SUCCESSFULLY TO BOTH IMPORT SUBSTITUTION AND EXPORTS OF NON-TRADITIONAL ITEMS TO AN EXPANDING RANGE OF QUALITY CONSCIOUS NEW MARKETS.

JAIPUR METALS AND ELECTRICALS LIMITED
JAIPUR 302 006.

CABLE : 'METALS' PHONE : 74251 TELEX : 036-222

'K' — SYMBOL OF INDUSTRIAL VITALITY

*** ਨਵੇਂ 10 ਸਾਲਾ ਐਨੂਇਟੀ ਸਰਟੀਫ਼ੀਕੇਟ**

ਜਿਨ੍ਹਾਂ ਵਿਚ 84 ਮਹੀਨੇ ਵਿਆਜ ਮਿਲਦਾ ਰਹੇਗਾ ਤਾਂ ਜੋ ਖਾਤੇਦਾਰ ਬਚਿਆਂ ਦੀ ਉਚੇਰੀ ਵਿਦਿਆ ਜਾਂ ਇਸ ਤਰ੍ਹਾਂ ਦੀਆਂ ਹੋਰ ਲੋੜਾਂ ਦਾ ਖ਼ਰਚਾ ਪੂਰਾ ਕਰ ਸਕੇ ।

ਮਿਆਦ ਪੁਗਣ ਤੇ ਪੂੰਜੀ ਚੋਖੇ ਪ੍ਰੀਮੀਅਮ ਸਹਿਤ ਵਾਪਸ (10.25% ਮਿਸ਼ਰਤ ਵਿਆਜ ਦੇ ਹਿਸਾਬ)

*** ਰਾਸ਼ਟਰੀ ਬੱਚਤ ਸਰਟੀਫ਼ੀਕੇਟਾਂ ਵਿਚ ਲਗੀ ਪੂੰਜੀ ਉਤੇ ਟੈਕਸ-ਛੋਟ ਦੀ ਹਦ ਵਧਾ ਦਿਤੀ ਗਈ ਹੈ ।**

| | **ਪਹਿਲੀ ਹੱਦ** | **ਹੁਣ ਦੀ ਹੱਦ** |
|---|---|---|
| ਇਕ ਬਾਲਗ਼ ਲਈ | 50,000 ਰੁਪਏ | 75,000 ਰੁਪਏ |
| ਦੋ ਬਾਲਗ਼ਾਂ ਲਈ (ਸਾਂਝੇ ਤੌਰ ਤੇ) | 1,00,000 ਰੁਪਏ | 1,50,000 ਰੁਪਏ |

(ਇਨ੍ਹਾਂ ਸਰਟੀਫ਼ੀਕੇਟਾਂ ਉਤੇ 6% ਸਾਲਾਨਾ ਟੈਕਸ-ਮੁਕਤ ਵਿਆਜ ਮਿਲਦਾ ਹੈ)

*** 5 ਸਾਲਾ ਰਿਕਰਿੰਗ ਡਿਪਾਜ਼ਿਟ ਖ਼ਾਤਿਆਂ ਲਈ ਵਾਧੂ ਲਾਭ**

ਪੰਜ ਸਾਲ ਤੋਂ ਮਗਰੋਂ ਵੀ ਜਮ੍ਹਾਂ ਕਰਾਉਣ ਦਾ ਸਿਲਸਿਲਾ ਜਾਰੀ ਰਖਿਆ ਜਾ ਸਕਦਾ ਹੈ ਜਾਂ ਮਿਆਦ ਪੁਗਣ ਤੇ ਮਿਲਣ ਵਾਲੀ ਰਕਮ ਅਗੋਂ ਹੋਰ ਸਮੇਂ ਲਈ ਵੀ ਸਰਕਾਰ ਪਾਸ ਰਖੀ ਜਾ ਸਕਦੀ ਹੈ (ਅਜਿਹੀ ਹਾਲਤ ਵਿਚ ਹਰ ਪੂਰੇ ਇਕ ਸਾਲ ਲਈ 9.25% ਮਿਸ਼ਰਤ ਵਿਆਜ ਮਿਲੇਗਾ) ਹੁਣ 20 ਰੁਪਏ ਦੇ ਖਾਤਿਆਂ ਤੇ ਵੀ ਗਰੰਟੀ ਸ਼ੁਦਾ ਬੱਚਤ ਸਕੀਮ ਦਾ ਲਾਭ ਮਿਲਣ ਲਗ ਪਿਆ ਹੈ ।

ਜਾਣਕਾਰੀ ਲਈ ਇਸ ਪਤੇ ਤੇ ਲਿਖੋ :

ਰਾਸ਼ਟਰੀ ਬੱਚਤ ਕਮਿਸ਼ਨਰ,
ਪੋਸਟ ਬਾਕਸ ਨੰ: 96, ਨਾਗਪੁਰ

davp. 75/82



## ਤਿੰਨ ਸੌ ਸਾਲ ਪਹਿਲਾਂ

ਸ੍ਰੀ ਗੁਰੂ ਤੇਗ਼ ਬਹਾਦਰ ਨੌਵੀਂ ਪਾਤਸ਼ਾਹੀ ਨੇ ਚਾਂਦਨੀ ਚੌਕ ਦਿੱਲੀ ਵਿਚ ਲਾਸਾਨੀ ਸ਼ਹਾਦਤ ਦਿੱਤੀ। ਇਹ ਮਾਨਵ ਸ਼ਾਨ, ਸ਼ਾਂਤੀ ਤੇ ਆਜ਼ਾਦੀ ਲਈ ਬੇ-ਮਿਸਾਲ ਕੁਰਬਾਨੀ ਸੀ ।

ਇਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ —

"ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ"

ਆਪਣੇ ਮਹਾਨ ਗੁਰੂ ਦੀ ਸ਼ਹੀਦੀ ਦੇ ਦਿਵਸ ਤੇ ਆਓ ਸ਼ਰਧਾਂਜਲੀ ਭੇਂਟ ਕਰੀਏ ਕਿ ਸਾਨੂੰ ਵੀ ਆਪਣੇ ਕਾਰਜ ਉਸੇ ਦ੍ਰਿੜ੍ਹਤਾ ਨਾਲ ਕਰਨ ਦਾ ਬਲ ਪਰਾਪਤ ਹੋਵੇ ।

"ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਐ ।
ਬਾਂਹ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋੜੀਐ ॥"

**ਦੀ ਪੰਜਾਬ ਐਂਡ ਸਿੰਧ ਬੈਂਕ ਲਿਮਟਿਡ**

ਰਜਿ: ਆਫਿਸ : ਹਾਲ ਬਾਜ਼ਾਰ, ਅੰਮ੍ਰਿਤਸਰ
ਸੈਂਟਰਲ ਤੇ ਪ੍ਰਸ਼ਾਸਨਿਕ ਆਫਿਸ :
ਐਚ. ਬਲਾਕ, ਕਨਾਟ ਸਰਕਸ, ਨਵੀਂ ਦਿੱਲੀ-110001

| ਅਵਤਾਰ ਸਿੰਘ ਬੱਗਾ | ਇੰਦਰਜੀਤ ਸਿੰਘ |
|---|---|
| ਜਨਰਲ ਮੈਨੇਜਰ | ਚੇਅਰਮੈਨ |

CC/PSB-9/75

**ਅਪੀਲ** : 'ਸੋਧ' ਦੇ ਮਿੱਤਰ ਪਿਆਰੇ
'ਸੋਧ' ਦੇ ਦਸ ਦਸ ਸਾਲਾਨਾ ਗਾਹਕ
ਬਣਾਨ ਦਾ ਉਦਮ ਕਰਨ। --ਸੰਪਾਦਕ

ਬਦੇਸ਼ਾਂ ਵਿਚ ਰਹਿਣ ਵਾਲੇ ਪਾਠਕ
ਚੰਦੇ ਇਨ੍ਹਾਂ ਸਜਣਾਂ ਨੂੰ ਭੇਜ ਸਕਦੇ ਹਨ :

* H. S. SAINI,
95, BURNS AVE.,
SOUTHALL, MIDDX.,
U. K.

* G. S. PANNU,
3368 E, 27th AVE.,
VANCOUVER (B.C.)
CANADA.



**ਡਾ. ਜ. ਸ. ਗਰੇਵਾਲ**

# ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਭ ਤੋਂ ਪਹਿਲੇ ਫ਼ਾਰਸੀ ਵਾਕਿਆਨਿਗਾਰ

ਮੱਧਕਾਲੀਨ ਫ਼ਾਰਸੀ ਵਾਕਿਆਨਿਗਾਰਾਂ ਦੀ ਸਾਡੇ ਵਿਚ ਇੰਨੀ ਇਤਬਾਰਯੋਗਤਾ ਬਣੀ ਹੋਈ ਹੈ ਕਿ ਅਸੀਂ ਹਰ ਵਾਕਿਆਨਿਗਾਰੀ ਦਾ ਮੁੱਢ ਤੋਂ ਹੀ ਇੰਨਾ ਭਰੋਸਾ ਕਰ ਲੈਂਦੇ ਹਾਂ ਜਿਸ ਦਾ ਅਸਲ ਵਿਚ ਉਹਦਾ ਹੱਕ ਨਹੀਂ ਬਣਦਾ। ਕਈ ਇਤਿਹਾਸਕਾਰਾਂ ਦੀ ਰੁਚੀ ਹੈ ਕਿ ਉਹ ਹਰ ਕਿਸੇ ਦੀ ਵਾਕਿਆਨਿਗਾਰੀ (Chronicle) ਨੂੰ ਬੜੀ ਮੋਟੀ ਨਜ਼ਰ ਨਾਲ ਵੇਖਦੇ ਹਨ ਅਤੇ ਇਸ ਗੱਲ ਬਾਰੇ ਸੁਚੇਤ ਨਹੀਂ ਹਨ ਕਿ ਕੋਈ ਵਾਕਿਆਨਿਗਾਰ(Chronicler)ਕਿਸੇ ਇਕ ਗੱਲ ਬਾਰੇ ਕਾਫ਼ੀ ਇਤਬਾਰਯੋਗ ਹੋ ਸਕਦਾ ਹੈ ਅਤੇ ਦੂਸਰੀ ਚੀਜ਼ ਬਾਰੇ ਨਾ-ਗੁਫਤਾ-ਬਿਹ । ਇਸ ਕਰਕੇ ਸਾਡੇ ਲਈ ਕਿਸੇ ਵਾਕਿਆਨਿਗਾਰ ਦੀ ਕਿਸੇ ਗੱਲ ਬਾਰੇ ਗਵਾਹੀ ਪੇਸ਼ ਕਰਦਿਆਂ ਉਹਦੇ ਮੰਤਵ, ਆਮ ਪਹੁੰਚ ਅਤੇ ਤਰੀਕੇ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ।

ਏਸ ਲੇਖ ਵਿਚ ਸਾਡਾ ਮਨੋਰਥ ਫ਼ਾਰਸੀ ਦੇ ਸਭ ਤੋਂ ਪਹਿਲੇ ਤਿੰਨ ਲਿਖਾਰੀਆਂ ਨੂੰ ਵਿਚਾਰਨਾ ਹੈ ਜਿਹਨਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੰਖੇਪ ਵਰਨਣ ਦਿਤਾ ਹੈ। ਉਹ ਮੁੱਢਲੇ 1780–ਵੇਂ ਸਾਲਾਂ ਵਿਚ ਲਿਖ ਰਹੇ ਸਨ ਅਤੇ ਗੁਰੂ ਤੇਗ਼ ਬਹਾਦਰ ਦੀ ਗੱਦੀ ਦੇ ਕੋਈ ਸੌ ਸਾਲ ਪਿੱਛੋਂ । ਪਹਿਲਾ ਹੈ ਬੁੱਧ ਸਿੰਘ ਅਰੋੜਾ ਕਰਤਾ **ਰਿਸਾਲਾ ਦਰ ਅਹਿਵਾਲ-ਏ-ਨਾਨਕ ਸ਼ਾਹ।** ਦੂਸਰਾ **ਹਕੀਕਤ ਇ-ਬਿਨਾ-ਇ-ਸਿੱਖਾਂ ਵ ਅਰੂਜ-ਇ-ਫਿਰਕਾ-ਇ-ਸਿਖਾਂ** ਦਾ ਬੇਨਾਮ ਲਿਖਾਰੀ ਹੈ। ਤੀਸਰਾ ਗ਼ੁਲਾਮ ਹੁਸੈਨ ਹੈ ਪ੍ਰਸਿੱਧ **ਸੀਆਰ-ਅਲ-ਮੁਤਾਖਰੀਨ** ਦਾ ਰਚੈਤਾ। ਇਹਨਾਂ ਤਿੰਨ੍ਹਾਂ ਦੇ ਅੰਗਰੇਜ਼ੀ ਤਰਜਮੇ ਹੋਣ ਦਾ ਮਤਲਬ ਹੈ ਕਿ ਇਹਨਾਂ ਦਾ ਇਤਿਹਾਸਕਾਰਾਂ ਲਈ ਬਹੁਤ ਮਹੱਤਵ ਰਿਹਾ ਹੈ।

**ਰਿਸਾਲਾ ਦਰ ਅਹਿਵਾਲ-ਏ-ਨਾਨਕ ਸ਼ਾਹ** ਦੇ ਮੁੱਢ ਵਿਚ ਹੀ ਬੁੱਧ ਸਿੰਘ ਲਿਖਦਾ ਹੈ ਕਿ ਉਹਨੇ ਹਿਜਰੀ 1197 (1783 ਈ.) ਵਿਚ ਜੇਮਜ਼ ਬਰਾਊਨ ਦੀ ਨੌਕਰੀ ਲੈ ਲਈ ਸੀ ਅਤੇ ਸਾਲ ਬਾਅਦ ਜੇਮਜ਼ ਬਰਾਊਨ ਨੇ ਉਹਨੂੰ ਨਾਨਕ ਦੇ ਪੈਰੋਕਾਰਾਂ ਬਾਰੇ ਲਿਖਣ ਨੂੰ ਕਿਹਾ। 1780–ਵੇਂ ਸਾਲਾਂ ਵਿਚ ਸਿੱਖ ਦਿੱਲੀ ਦੀ ਰਾਜਧਾਨੀ ਲਈ ਖ਼ਤਰਾ ਬਣ ਗਏ ਸਨ ਅਤੇ ਨਵਾਬ ਵਜ਼ੀਰ ਅਵਧ ਲਈ ਵੀ ਜਿਹੜਾ ਕਿ ਈਸਟ ਇੰਡੀਆ ਕੰਪਨੀ ਦਾ ਸਾਥੀ ਸੀ। 1780 ਵਿਚ ਵਾਰਿਨ ਹੇਸਟਿੰਗਜ਼ ਨੇ ਮੇਜਰ ਬਰਾਊਨ ਨੂੰ ਸ਼ਾਹ ਆਲਮ ਦੀ ਹਾਲਤ ਅਤੇ ਸਿੱਖਾਂ ਦੀ ਸਥਿਤੀ ਬਾਰੇ ਇਤਲਾਹ ਇਕੱਠੀ ਕਰਨ ਦੀ ਜ਼ਿੰਮੇਦਾਰੀ ਲਾਈ ਸੀ। ਇਹ ਗੱਲ ਸਮਝ ਆਉਂਦੀ ਹੈ ਕਿ ਜੇਮਜ਼ ਬਰਾਊਨ ਨੇ ਬੁੱਧ ਸਿੰਘ ਨੂੰ ਸਿੱਖਾਂ ਦੀ ਉਤਪਤੀ ਅਤੇ ਵਿਕਾਸ ਦਾ ਇਤਿਹਾਸ ਲਿਖਣ ਨੂੰ ਕਿਉਂ ਮੁਕੱਰਰ ਕੀਤਾ ਸੀ। ਬਰਾਊਨ ਦਾ **ਰਿਸਾਲੇ** ਬਾਰੇ ਆਪਣਾ ਕਥਨ ਵੀ ਮਾਅਨੀਖੇਜ਼ ਹੈ : "ਮੈਂ ਫਾਰਸੀ ਵਿਚ ਤਾਰੀਖ ਦੇ ਖਾਕੇ ਦਾ ਅੰਗਰੇਜ਼ੀ ਵਿਚ ਤਰਜਮਾ ਕੀਤਾ ਹੈ ਅਤੇ ਆਪਣੇ ਮੁਅੱਜ਼ਜ਼ ਆਕਾਵਾਂ ਨੂੰ ਪੇਸ਼ ਕਰਦਾ ਹਾਂ ਕਿਉਂਕਿ ਮੈਨੂੰ ਇਸ ਗੱਲ ਦਾ ਭਰੋਸਾ ਹੈ ਕਿ

ਏਸ ਫਿਰਕੇ ਦੀ ਤੇਜ਼ੀ ਨਾਲ ਹੋ ਰਹੀ ਤਰੱਕੀ ਨੇ ਬੰਗਾਲ ਦੀ ਸਰਕਾਰ ਲਈ ਇਹਦੇ, ਇਹਦੀ ਤਾਕਤ ਅਤੇ ਸਰਕਾਰ ਬਾਰੇ ਜਾਣਨਾ ਜ਼ਰੂਰੀ ਕਰ ਦਿਤਾ ਹੈ।" ਪ੍ਰਤੱਖ ਹੀ 18ਵੀਂ ਸਦੀ ਦੇ ਆਖ਼ਰੀ ਹਿੱਸੇ ਵਿਚ ਸਿੱਖਾਂ ਦੀ ਸਿਆਸੀ ਕਾਮਯਾਬੀ ਨੇ ਉਹਨਾਂ ਨੂੰ ਈਸਟ ਇੰਡੀਆ ਕੰਪਨੀ ਲਈ ਮਹੱਤਵਪੂਰਨ ਬਣਾ ਦਿਤਾ ਸੀ। ਸਿੱਖਾਂ ਦੇ ਭੂਤਕਾਲ ਵਿਚ ਬਰਤਾਨਵੀ ਦਿਲਚਸਪੀ ਦਰ-ਅਸਲ ਸਿੱਖਾਂ ਦੀ ਵਰਤਮਾਨ ਵਿਚ ਸਿਆਸੀ ਕਾਮਯਾਬੀ ਨੂੰ ਸ਼ਰਧਾਂਜਲੀ ਸੀ।

1780-ਆਂ ਵਿਚ ਬੁੱਧ ਸਿੰਘ ਸਿੱਖ ਇਤਿਹਾਸ ਬਾਰੇ ਇਤਲਾਹ ਕਿਵੇਂ ਹਾਸਿਲ ਕਰ ਸਕਦਾ ਸੀ ? ਬਰਾਊਨ ਦੇਵਨਾਗਰੀ ਵਿਚ ਦੋ ਹੱਥ-ਲਿਖਤਾਂ ਦਾ ਜ਼ਿਕਰ ਕਰਦਾ ਹੈ ਜਿਹੜੀਆਂ ਲਾਹੌਰ ਦੇ ਦੋ ਬੰਦਿਆਂ ਕੋਲ ਸਨ ਅਤੇ ਜਿਹਨਾਂ ਨੂੰ 'ਉਹ ਮਿਲਿਆ' ਸੀ। ਉਹਨੇ ਉਹਨਾਂ ਨੂੰ ਇਕ ਨੁਸਖ਼ੇ ਦਾ ਫ਼ਾਰਸੀ ਵਿਚ ਤਰਜਮਾ ਕਰਨ ਨੂੰ ਵੀ ਕਿਹਾ ਸੀ। ਬੁੱਧ ਸਿੰਘ ਵੀ ਇਸ ਗੱਲ ਦਾ ਜ਼ਿਕਰ ਕਰਦਾ ਹੈ ਕਿ ਉਹਨੇ ਮਲੇਰਕੋਟਲੇ ਦੇ ਕਿਸੇ ਅਜਾਇਬ ਸਿੰਘ ਨੂੰ ਸਿੱਖਾਂ ਦਾ ਬਿਰਤਾਂਤ ਲਿਖਣ ਲਈ ਮਿਲਵਰਤਣ ਦੇਣ ਨੂੰ ਕਿਹਾ ਸੀ। ਪਰ ਉਹ ਕਿਸੇ ਦੇਵਨਾਗਰੀ ਜਾਂ ਗੁਰਮੁਖੀ ਹੱਥ-ਲਿਖਤ ਦਾ ਜ਼ਿਕਰ ਨਹੀਂ ਕਰਦਾ। ਅਸਲ ਵਿਚ ਬੁੱਧ ਸਿੰਘ ਤਾਂ ਇਹ ਵੀ ਕਹਿੰਦਾ ਹੈ ਕਿ ਸਿੱਖ ਇਸ ਤੋਂ ਪਹਿਲਾਂ ਕਦੇ ਵੀ ਇਤਿਹਾਸਿਕ ਬਿਰਤਾਂਤ ਦਾ ਵਿਸ਼ਾ ਨਹੀਂ ਬਣੇ ਸਨ। ਤਾਂ ਫੇਰ 1780-ਆਂ ਵਿਚ ਕੋਈ ਲਿਖਾਰੀ ਸਿੱਖਾਂ ਬਾਰੇ ਕਿਵੇਂ ਇਤਲਾਹ ਹਾਸਿਲ ਕਰ ਸਕਦਾ ਸੀ ? ਬੁੱਧ ਸਿੰਘ ਦਾ ਜਵਾਬ ਸਾਫ ਅਤੇ ਸਪਸ਼ਟ ਹੈ : ਇਹ ਇਤਲਾਹ ਉਹਨਾਂ ਸਮਕਾਲੀਆਂ ਤੋਂ ਲਈ ਜਾ ਸਕਦੀ ਸੀ ਜਿਹਨਾਂ ਬਾਰੇ ਸਮਝਿਆ ਜਾਂਦਾ ਸੀ ਕਿ ਉਹਨਾਂ ਨੂੰ ਘਟਨਾਵਾਂ ਦੀ ਜਾਣਕਾਰੀ ਹੈ। ਇੰਜ ਇਕੱਠੀ ਕੀਤੀ ਇਤਲਾਹ ਫਾਰਸੀ ਨੁਸਖੇ ਦੇ ਰੂਪ ਵਿਚ ਬਰਾਊਨ ਨੂੰ ਪੇਸ਼ ਕਰ ਦਿਤੀ ਗਈ। ਬਰਾਊਨ ਅਨੁਸਾਰ ਇਹ 'ਮਿਤੀਆਂ ਦੇ ਨਿਯਮਿਤ ਕਰਮ ਵਿਚ ਬਹੁਤ ਨੁਕਸਦਾਰ ਅਤੇ ਤਾਰੀਖ ਦੇ ਨਾਉਂ ਦੀ ਹੱਕਦਾਰ ਨਹੀਂ। ਕਿਸੇ ਅਜੋਕੇ ਸਿੱਖ ਇਤਿਹਾਸਕਾਰ ਅਨੁਸਾਰ **ਰਿਸਾਲੇ** ਦੇ ਕਰਤਾ ਦਾ ਇਤਿਹਾਸਕ ਗਿਆਨ 'ਸਚਮੁੱਚ ਬਹੁਤ ਕਮਜ਼ੋਰ' ਸੀ।

ਹੁਣ ਅਸੀਂ **ਰਿਸਾਲੇ** ਵਿਚ ਦਿਤੇ ਗੁਰੂ ਤੇਗ਼ ਬਹਾਦਰ ਦੇ ਬਿਰਤਾਂਤ ਵਲ ਆ ਸਕਦੇ ਹਾਂ :

"ਗੁਰੂ ਰਾਮ ਰਾਇ ਨੂੰ ਗੱਦੀ ਦੀ ਦਾਤ ਗੁਰੂ ਅਰਜਨ ਤੋਂ ਮਿਲੀ ਸੀ ਅਤੇ ਰਾਮ ਰਾਇ ਤੋਂ ਇਹ ਪਦਵੀ ਗੁਰੂ ਹਰਿ ਰਾਇ ਨੂੰ। ਹਰਿ ਰਾਇ ਤੋਂ ਬ਼ਾਅਦ ਹਰਿ ਕ੍ਰਿਸ਼ਨ ਦੀ ਵਾਰੀ ਆਈ। ਉਹਦੇ ਸਮੇਂ ਤਕ (ਗੁਰੂਆਂ ਦਾ) ਪਹਿਰਾਵਾ ਅਤੇ ਚਾਲ ਢਾਲ ਦਰਵੇਸ਼ਾਂ ਵਾਲੀ ਸੀ। ਅੱਜ ਕਲ ਵੀ ਨਾਨਕ ਪੰਥੀਆਂ ਵਿਚ ਇਹੀ ਚੀਜ਼ ਪ੍ਰਚਲਤ ਹੈ। ਉਹਨਾਂ ਦੀ ਕਿਸੇ ਨਾਲ ਦੁਸ਼ਮਣੀ ਨਹੀਂ ਸੀ ਅਤੇ ਉਹ ਬੈਰਾਗੀਆਂ ਅਤੇ ਹੋਰ ਸਨਮਾਨੇ ਫਕੀਰਾਂ ਦੇ ਟੋਲਿਆਂ ਵਾਂਗੂੰ ਰਹਿੰਦੇ ਸਨ।

"1193 ਹਿਜਰੀ ਵਿਚ ਔਰੰਗਜ਼ੇਬ ਦੇ ਰਾਜ ਸਮੇਂ ਗੁਰੂ ਹਰਿ ਕ੍ਰਿਸ਼ਨ ਦੇ ਲੜਕਾ ਪੈਦਾ ਹੋਇਆ। ਉਹਦਾ ਨਾਉ ਤੇਗ਼ ਬਹਾਦਰ ਰੱਖਿਆ ਗਿਆ। ਜਦ ਉਹ ਬਾਲਗ਼ ਹੋਇਆ ਤਾਂ ਉਹਦੇ ਵਿਚ ਭਗਤੀ ਅਤੇ ਤਪੱਸਿਆ ਦੇ ਗੁਣ ਸ਼ੋਭਦੇ ਸਨ। ਉਹਦੇ ਮੁਰੀਦ ਉਹਨੂੰ ਸਚੇ ਪਾਤਿਸ਼ਾਹ ਕਹਿੰਦੇ ਸਨ। ਗੁਰੂ ਤੇਗ਼ ਬਹਾਦਰ ਦਾ ਮੁਰੀਦਾਂ ਅਤੇ ਬੇਗਾਨਿਆਂ ਲਈ ਸਦਾ-ਵਰਤ ਲੰਗਰ ਸੀ ਜਿਹੜਾ ਸਭ ਧਿਰਾਂ ਤੋਂ ਆਉਂਦੇ ਚੜ੍ਹਾਵਿਆਂ ਨਾਲ ਚਲਦਾ ਸੀ। ਏਸ ਕਰਕੇ ਬਹੁਤ ਸਾਰੇ ਬੰਦੇ ਉਹਦੇ ਮਗਰ ਲਗ ਗਏ।

"ਲਾਹੌਰ ਸੂਬੇ ਦੇ ਖ਼ਬਰ-ਨਵੀਸਾਂ ਨੇ ਏਸ ਮੁਆਮਲੇ ਦੀ ਸ਼ਹਿਨਸ਼ਾਹ ਨੂੰ ਇਤਲਾਹ



ਦਿਤੀ ਜਿਹੜਾ ਦੱਖਣ ਨੂੰ ਉਥੋਂ ਦੀ ਹਾਲਤ ਠੀਕ ਕਰਨ ਗਿਆ ਸੀ। ਕਿਉਂਕਿ ਸ਼ਹਿਨਸ਼ਾਹ ਨੂੰ ਸਾਧੂ ਸੰਤਾਂ ਦੀ ਅਲੌਕਿਕ ਸ਼ਕਤੀ ਨੂੰ ਪਰਖਣ ਦਾ ਸ਼ੌਕ ਸੀ ਉਹਨੇ ਗੁਰੂ ਤੇਗ਼ ਬਹਾਦਰ ਨੂੰ ਦਰਬਾਰ ਵਿਚ ਪੇਸ਼ ਕਰਨ ਲਈ ਖ਼ਾਸ ਏਲਚੀ ਭੇਜੇ।

"ਸ਼ਾਹੀ ਫਰਮਾਨ ਦੇ ਮੁਤਾਬਿਕ ਗੁਰੂ ਤੇਗ਼ ਬਹਾਦਰ ਆਪਣੀ ਜਗ੍ਹਾ ਤੋਂ ਸ਼ਹਿਨਸ਼ਾਹ ਦੇ ਦਰਬਾਰ ਲਈ ਚਲ ਪਿਆ। ਸ਼ਹਿਨਸ਼ਾਨ ਨੇ ਦਰਬਾਰ ਵਿਚ ਉਸ ਤੋਂ ਕਰਾਮਾਤ ਵਿਖਾਉਣ ਦੀ ਮੰਗ ਕੀਤੀ। ਗੁਰੂ ਤੇਗ਼ ਬਹਾਦਰ ਨੇ ਕਿਹਾ ਕਿ ਮੈਂ ਰੱਬ ਦੀ ਯਾਦ ਵਿਚ ਡੁੱਬਿਆ ਮਾਮੂਲੀ ਫਕੀਰ ਹਾਂ ਅਤੇ ਮੇਰੇ ਪਾਸ ਕੋਈ ਕਰਾਮਾਤ ਨਹੀਂ। ਤਾਂ ਸ਼ਹਿਨਸ਼ਾਹ ਨੇ ਸਵਾਲ ਕੀਤਾ ਕਿ ਸੱਚਾ ਪਾਤਿਸ਼ਾਹ ਕਿਉਂ ਕਹਾਉਂਦਾ ਹੈਂ ਅਤੇ ਤੇਗ਼ ਬਹਾਦਰ ਕਿਵੇਂ ਹੈਂ ? ਤੇਗ਼ ਬਹਾਦਰ ਨੇ ਕਿਹਾ ਕਿ ਜੋ ਕੁਝ ਮੈਂ ਹਾਂ ਅਤੇ ਜੋ ਮੇਰਾ ਹੈ ਉਹ ਰੱਬ ਦੀ ਬਖਸ਼ਿਸ਼ ਹੈ। ਮੈਨੂੰ ਸ਼ੁਹਰਤ ਜਾਂ ਸਨਮਾਨ ਦਾ ਕੋਈ ਖ਼ਿਆਲ ਨਹੀਂ। ਜਦੋਂ ਸ਼ਹਿਨਸ਼ਾਹ ਨੂੰ ਗੁਰੂ ਤੇਗ਼ ਬਹਾਦਰ ਦੀ ਕਰਾਮਾਤੀ ਸ਼ਕਤੀਆਂ ਦਾ ਕੋਈ ਸਬੂਤ ਨਾ ਮਿਲਿਆ ਤਾਂ ਉਹਨੇ ਗੁਰੂ ਨੂੰ ਸਜ਼ਾਇ ਮੌਤ ਦੇ ਦਿਤੀ। ਏਸ ਸਮੇਂ ਗੁਰੂ ਤੇਗ਼ ਬਹਾਦਰ ਦੇ ਨਾਲ ਮਰਦਾਨਾ ਨਾਮ ਦਾ ਆਦਮੀ ਸੀ। ਉਹਨੇ ਗੁਰੂ ਨੂੰ ਕਿਹਾ ਕਿ ਜੇ ਹੁਕਮ ਹੋਵੇ ਤਾਂ ਇਕੋ ਸ਼ਬਦ ਨਾਲ ਹੇਠਲੀ ਉਪਰ ਕਰ ਦੇਵਾਂ। ਗੁਰੂ ਤੇਗ਼ ਬਹਾਦਰ ਨੂੰ ਆਪਣੇ ਪਿਤਾ ਦੀ ਵਿਛੋੜੇ ਵੇਲੇ ਦੀ ਨਸੀਹਤ ਯਾਦ ਆਈ ਕਿ ਸਾਧੂ ਆਦਮੀ ਆਪਣੀ ਜ਼ਿੰਦਗੀ ਤਾਂ ਦੇ ਦਿੰਦਾ ਹੈ ਪਰ ਰੱਬ ਦੀ ਕੁਦਰਤ ਦਾ ਭੇਤ ਨਹੀਂ ਦਿੰਦਾ। ਉਹਨੇ ਕਿਹਾ ਕਿ ਅਜਿਹੇ ਕੰਮ ਲਈ ਅਜੇ ਸਮਾਂ ਨਹੀਂ ਆਇਆ। ਜ਼ੁਲਮ ਦਾ ਬਦਲਾ ਲੈਣ ਲਈ ਮਰਦ ਕਾ ਚੇਲਾ ਉਠੇਗਾ।

"ਦੱਖਣ ਵਿਚ ਜਿਸ ਜਗ੍ਹਾ 'ਤੇ ਗੁਰੂ ਨੂੰ ਕਤਲ ਕੀਤਾ ਗਿਆ ਸੀ ਉੱਥੇ ਪ੍ਰਭਾਵਸ਼ਾਲੀ ਇਮਾਰਤ ਹੈ। ਹੁਣ ਇਹ ਮਸ਼ਹੂਰ ਪੂਜਾ ਅਸਥਾਨ ਹੈ। ਗੁਰੂ ਤੇਗ਼ ਬਹਾਦਰ ਦੀ ਮੌਤ ਸਮੇਂ ਉਹਦੀ ਪਤਨੀ ਗਰਭਵਤੀ ਸੀ ਅਤੇ ਲੜਕਾ ਪੈਦਾ ਹੋਣ 'ਤੇ ਉਹਦਾ ਨਾਉਂ ਗੋਬਿੰਦ ਸਿੰਘ ਰੱਖਿਆ ਗਿਆ।"

ਗੁਰੂ ਤੇਗ਼ ਬਹਾਦਰ ਬਾਰੇ ਏਸ ਸੰਖੇਪ ਵਰਨਣ ਵਿਚ ਬੁੱਧ ਸਿੰਘ ਬਹੁਤ ਵੱਡੀਆਂ ਗ਼ਲਤੀਆਂ ਕਰਦਾ ਹੈ। ਏਸ ਵਰਨਣ ਵਿਚ ਗੁਰੂ ਅਰਜਨ ਦਾ ਜਾਨਸ਼ੀਨ ਗੁਰੂ ਹਰਿ ਗੋਬਿੰਦ ਨਹੀਂ ਸਗੋਂ ਰਾਮ ਰਾਇ ਹੈ। ਗੁਰੂ ਤੇਗ਼ ਬਹਾਦਰ ਅਸਲ ਵਿਚ ਗੁਰੂ ਹਰਿ ਕ੍ਰਿਸ਼ਨ ਦੇ ਬਾਬੇ ਦੇ ਛੋਟੇ ਭਾਈ ਸਨ, ਉਹਨਾਂ ਨੂੰ ਗੁਰੂ ਹਰਿ ਕ੍ਰਿਸ਼ਨ ਦੇ ਲੜਕੇ ਕਿਹਾ ਗਿਆ ਹੈ। ਔਰੰਗਜ਼ੇਬ ਗੁਰੂ ਤੇਗ਼ ਬਹਾਦਰ ਨੂੰ ਦੱਖਣ ਵਿਚ ਬੁਲਾਉਂਦਾ ਹੈ ਅਤੇ ਬੁੱਧ ਸਿੰਘ ਅਨੁਸਾਰ ਉਹਨਾਂ ਨੂੰ ਉੱਥੇ ਸ਼ਹੀਦ ਕੀਤਾ ਗਿਆ ਹੈ ਅਤੇ ਸ਼ਹੀਦੀ ਦੀ ਥਾਉਂ ਪ੍ਰਭਾਵਸ਼ਾਲੀ ਇਮਾਰਤ ਹੈ। ਇਸ ਵਰਨਣ ਵਿਚ ਗੁਰੂ ਗੋਬਿੰਦ ਸਿੰਘ ਨੂੰ ਪਿਤਾ ਦੀ ਮੌਤ ਤੋਂ ਬਾਅਦ ਪੈਦਾ ਹੋਏ ਕਿਹਾ ਗਿਆ ਹੈ। ਇਹ ਤੱਥਾਂ ਦੀਆਂ ਘੋਰ ਗ਼ਲਤੀਆਂ ਹਨ ਅਤੇ ਇਹਨਾਂ ਤੋਂ ਉਹਨਾਂ ਬੰਦਿਆਂ ਦੀ ਅਗਿਆਨਤਾ ਦਾ ਪਤਾ ਲਗਦਾ ਹੈ ਜਿਹਨਾਂ ਤੋਂ ਬੁੱਧ ਸਿੰਘ ਨੇ ਪੁੱਛ ਗਿੱਛ ਕੀਤੀ ਹੋਣੀ ਹੈ। ਬਹੁਤ ਸੰਭਵ ਹੈ ਕਿ ਬੁੱਧ ਸਿੰਘ ਨੂੰ ਇਤਲਾਹ ਦੇਣ ਵਾਲਿਆਂ ਨੂੰ ਆਪਣੀ ਲਾਇਲਮੀ ਦਾ ਵੀ ਪਤਾ ਨਾ ਹੋਵੇ। ਉਹ ਵੀ ਉਹੀ ਕੁਝ ਕਹੀ ਜਾ ਰਹੇ ਸਨ ਜਿਹੜਾ ਉਹਨਾਂ ਦੂਜਿਆਂ ਤੋਂ ਸੁਣਿਆ ਹੋਣਾ ਹੈ। ਉਹਨਾਂ ਨੂੰ ਦੂਜਿਆਂ 'ਤੇ ਭਰੋਸਾ ਸੀ ਅਤੇ ਉਹਨਾਂ ਨੂੰ ਆਪ ਸੱਚੇ ਹੋਣ ਦਾ ਵਿਸ਼ਵਾਸ ਸੀ। ਪਰ ਭਰੋਸਾ ਪ੍ਰਮਾਣਿਕਤਾ (authenticity) ਦੀ ਥਾਉਂ ਨਹੀਂ ਲੈ ਸਕਦਾ। ਖ਼ੈਰ ਸਾਨੂੰ ਬੁੱਧ ਸਿੰਘ ਦੇ ਵਰਨਣ ਵਿਚ ਗੁਰੂ ਤੇਗ਼ ਬਹਾਦਰ ਬਾਰੇ

ਜੋ ਮਿਲਦਾ ਹੈ ਉਹ ਇਹ ਹੈ ਕਿ ਸਮਕਾਲੀ ਗੁਰੂ ਤੇਗ਼ ਬਹਾਦਰ ਬਾਰੇ ਇਹ ਗੱਲਾਂ ਸਮਝਦੇ ਸਨ। ਇਥੇ ਸਾਨੂੰ 18ਵੀਂ ਸਦੀ ਵਿਚ ਪ੍ਰਚਲਤ ਜ਼ਬਾਨੀ ਰਵਾਇਤ (oral tradition) ਦੇ ਕੁਝ ਟੁਕੜੇ ਮਿਲਦੇ ਹਨ।

18ਵੀਂ ਸਦੀ ਦੀ ਪਰੰਪਰਾ ਵਿਚ ਸਾਨੂੰ ਜਿਹੜੇ ਗੁਰੂ ਤੇਗ਼ ਬਹਾਦਰ ਬਾਰੇ ਬੁੱਧ ਸਿੰਘ ਦੇ ਵਰਨਣ ਵਿਚ ਅੰਸ਼ ਮਿਲਦੇ ਹਨ ਅਸੀਂ ਉਹਨਾਂ ਵਲ ਧਿਆਨ ਕਰ ਸਕਦੇ ਹਾਂ। ਗੁਰੂ ਤੇਗ਼ ਬਹਾਦਰ ਵਿਚ ਸੱਚੇ ਭਗਤ ਵਾਲੀਆਂ ਖ਼ੂਬੀਆਂ ਸਨ; ਉਹਨਾਂ ਦੇ ਚੇਲੇ ਉਹਨਾਂ ਨੂੰ ਸੱਚਾ ਪਾਤਿਸ਼ਾਹ ਕਹਿੰਦੇ ਸਨ, ਉਹ ਸਦਾ ਵਰਤ ਲੰਗਰ ਲਾਈ ਰਖਦੇ ਸਨ; ਅਤੇ ਉਹਨਾਂ ਦੇ ਬਹੁਤ ਸਾਰੇ ਪੈਰੋਕਾਰ ਸਨ; ਖ਼ਬਰਨਵੀਸਾਂ ਨੇ ਸ਼ਹਿਨਸ਼ਾਹ ਨੂੰ ਗੁਰੂ ਤੇਗ਼ ਬਹਾਦਰ ਦੇ ਪੈਰੋਕਾਰਾਂ ਬਾਰੇ ਆਪਣੀਆਂ ਰਪਟਾਂ ਭੇਜੀਆਂ, ਸ਼ਹਿਨਸ਼ਾਹ ਨੇ ਉਹਨਾਂ ਪਾਸੋਂ ਕਰਾਮਾਤ ਦੀ ਮੰਗ ਕੀਤੀ ਅਤੇ ਗੁਰੂ ਸਾਹਿਬ ਨੇ ਕਰਾ-ਮਾਤ ਵਿਖਾਉਣ ਤੋਂ ਇਨਕਾਰ ਕਰ ਦਿਤਾ, ਸ਼ਹਿਨਸ਼ਾਹ ਨੇ ਤੇਗ਼ ਬਹਾਦਰ ਨਾਉਂ ਦੀ ਤਸ਼ਰੀਹ ਚਾਹੀ (ਕਿਉਂਕਿ ਇਸ ਤੋਂ ਦੁਨਿਆਵੀ ਤਾਕਤ ਹਾਸਿਲ ਕਰਨ ਦੀ ਖਾਹਿਸ਼ ਮਲੂਮ ਹੁੰਦੀ ਸੀ), ਅਤੇ ਗੁਰੂ ਸਾਹਿਬ ਨੇ ਅਜਿਹੀ ਸ਼ਬਦਾਵਲੀ 'ਚ ਗੱਲ ਸਮਝਾਈ ਜਿਸ ਤੋਂ ਰਾਜਨੀਤਕ ਉੱਦੇਸ਼ ਦਾ ਦੋਸ਼ ਗਲਤ ਸਾਬਤ ਹੁੰਦਾ ਸੀ। ਕਿਸੇ ਮੁਰੀਦ ਨੇ ਆਪਣੀਆ ਸਿੱਧੀਆਂ ਰਾਹੀਂ ਸ਼ਹਿਰ, ਸ਼ਹਿਨ-ਸ਼ਾਹ ਅਤੇ ਸਲਤਨਤ ਨੂੰ ਤਬਾਹ ਕਰਨ ਦੀ ਪੇਸ਼ਕਸ਼ ਕੀਤੀ ਪਰ ਗੁਰੂ ਸਾਹਿਬ ਨੇ ਉਹਨੂੰ ਰੋਕ ਦਿਤਾ; ਪਰ ਆਉਣ ਵਾਲੇ ਸਮੇਂ ਵਿਚ ਸਲਤਨਤ ਦੀ ਤਬਾਹੀ ਦੀ ਭਵਿਸ਼ਬਾਣੀ ਕੀਤੀ ਗਈ। ਇਹੀ ਅੰਸ਼ ਥੋੜੇ ਬਹੁਤ ਥੋੜੇ ਫੇਰ ਬਦਲ ਨਾਲ ਸਾਨੂੰ ਗੁਰੂ ਤੇਗ਼ ਬਹਾਦਰ ਦੇ ਹੋਰਨਾਂ ਵਰਨਣਾਂ ਵਿਚ ਵੀ ਮਿਲਣਗੇ।

ਗੁਰੂ ਤੇਗ਼ ਬਹਾਦਰ ਦੀ ਗੁਰਿਆਈ ਬਾਰੇ ਇਤਲਾਹ ਇਕੱਠੀ ਕਰਨ ਦੀ ਮੁਸ਼ਕਿਲ ਸਾਨੂੰ **ਹਕੀਕਤ-ਇ-ਬਿਨਾ ਏ ਸਿਖਾਂ ਵ ਅਰੂਜ-ਇ-ਫਿਰਕਾ-ਇ-ਸਿਖਾਂ** ਵਿਚ ਪ੍ਰਤੱਖ ਮਿਲਦੀ ਹੈ। ਇਸ ਰਚਨਾ ਨੂੰ ਗਲਤ ਹੀ ਤੈਮੂਰ ਸ਼ਾਹ ਅਬਦਾਲੀ ਦੇ ਨਾਉਂ ਲਾਇਆ ਗਿਆ ਹੈ। ਬਹੁਤ ਸੰਭਵ ਹੈ ਕਿ ਇਹ 1784 ਦੇ ਕਰੀਬ ਕਿਸੇ ਮੁਗ਼ਲ ਦਰਬਾਰ ਨਾਲ ਤੁਅਲਕ ਰੱਖਣ ਵਾਲੇ ਆਦਮੀ ਨੇ ਲਿਖੀ ਹੋਵੇ। ਏਸ ਸਮੇਂ ਸਿੱਖ ਇਤਿਹਾਸ ਵਿਚ ਦਿਲਚਸਪੀ ਰੱਖਣ ਵਾਲੀ ਇਕੋ ਇਕ ਤਾਕਤ ਈਸਟ ਇੰਡੀਆ ਕੰਪਨੀ ਸੀ ਅਤੇ ਸ਼ਾਇਦ ਇਹ ਕਿਰਤ ਵੀ ਕੰਪਨੀ ਦੇ ਕਿਸੇ ਅਫਸਰ ਲਈ ਹੀ ਲਿਖੀ ਗਈ ਹੋਵੇ।

**ਇੰਡੀਅਨ ਹਿਸਟੋਰੀਕਲ ਕੁਅਰਟਰਲੀ** ਵਿਚ **ਹਕੀਕਤ** ਦੇ ਆਪਣੇ ਤਰਜਮੇ ਵਿਚ ਇੰਦੂ ਭੂਸ਼ਨ ਬੈਨਰਜੀ ਨੇ 'ਸਪਸ਼ਟ ਭੁਲੇਖਿਆਂ ਅਤੇ ਕਾਲਕ੍ਰਮ (Chronology) ਦੀਆਂ ਵਾਹਿਯਾਤੀਆਂ' ਵਲ ਧਿਆਨ ਦਵਾਇਆ ਅਤੇ ਆਸ ਪ੍ਰਗਟ ਕੀਤੀ 'ਕਿ ਇਸ ਦਾ ਸ਼ਾਇਦ ਅਜੇ ਵੀ ਕੋਈ ਮੁੱਲ ਹੈ'। ਹਾਂ, 18ਵੀਂ ਸਦੀ ਦੇ ਪਿਛਲੇ ਅੱਧ ਦੀਆਂ ਘਟਨਾਵਾਂ ਲਈ ਸ਼ਾਇਦ ਇਸ ਦਾ ਕੋਈ ਮੁੱਲ ਹੋਵੇ। ਪਰ ਮੁੱਢਲੇ ਸਿੱਖ ਇਤਿਹਾਸ ਲਈ ਇਹਦੇ ਵਿਚ ਕੁਝ ਨਹੀਂ ਹੈ। ਹੁਣ ਅਸੀਂ ਇਹਦੇ ਬਿਰਤਾਂਤ ਵਲ ਮੋੜਾ ਪਾ ਸਕਦੇ ਹਾਂ।

"ਗੁਰੂ ਤੇਗ਼ ਬਹਾਦਰ ਗੁਰੂ ਨਾਨਕ ਦੀ ਗੱਦੀ ਦਾ ਨੌਵਾਂ ਗੁਰੂ ਸੀ ਜਿਸ ਦੇ ਜਾਨਸ਼ੀਨਾਂ ਦੀ ਲੜੀ ਵਿਚ ਅੰਗਦ, ਅਮਰਦਾਸ, ਰਾਮਦਾਸ, ਅਰਜਨ, ਹਰਿ ਗੋਬਿੰਦ, ਹਰਿ ਰਾਇ ਅਤੇ ਹਰਿ ਕ੍ਰਿਸ਼ਨ ਸਨ। ਉਹਦੇ ਬਹੁਤ ਸਾਰੇ ਸਿੱਖ ਅਤੇ ਪੈਰੋਕਾਰ ਸਨ। ਉਹਨਾਂ ਦੀ ਸ਼ਬਦਾਵਲੀ ਵਿਚ ਮੁਰਸ਼ਿਦ ਨੂੰ ਗੁਰੂ ਅਤੇ ਮੁਰੀਦ ਨੂੰ ਸਿੱਖ ਕਹਿੰਦੇ ਹਨ। ਗੁਰੂ ਤੇਗ਼ ਬਹਾਦਰ ਦੇ ਸਮੇਂ



ਸਿੱਖਾਂ ਦੀ ਗਿਣਤੀ ਬਹੁਤ ਹੋ ਗਈ ਸੀ।

"ਬਾਦਸ਼ਾਹ ਸਲਾਮਤ ਖੁਲਦ-ਇ-ਮਕਾਨੀ ਦਾ ਰਾਜ ਸੀ। ਉਹਨੇ ਆਪਣੀ ਸਲਤਨਤ ਦੇ ਸੂਬੇਦਾਰ ਅਤੇ ਫ਼ੌਜਦਾਰਾਂ ਨੂੰ ਸ਼ਰੀਅਤ ਦੀ ਪੈਰਵੀ ਅਤੇ ਸਰਕਸ਼ਾਂ ਦੇ ਮੰਦਰ ਬੁੱਤਾਂ ਨੂੰ ਤੋੜਨ ਦੇ ਸਖ਼ਤ ਹੁਕਮ ਦਿਤੇ ਹੋਏ ਸਨ। ਜਿਹੜੇ ਔਹਦੇਦਾਰ ਸ਼ਰੀਅਤ ਤੋਂ ਲਾਂਭੇ ਹੁੰਦੇ ਉਹਨਾਂ ਨੂੰ ਬਰਤਰਫ਼ ਕਰ ਦਿਤਾ ਜਾਂਦਾ। ਹਰ ਸਾਲ ਸਦਰ-ਇ-ਸਦੂਰ ਸ਼ਰੀਅਤ ਦੇ ਆਲਮਾਂ ਨੂੰ ਆਪਣੀ ਹਾਜ਼ਰੀ 'ਚ ਬੁਲਾਉਂਦਾ ਤਾਂ ਜੋ ਉਹਨਾਂ ਦੀ ਮੁਸਤਨਿਦ ਕਿਤਾਬ ਦੀ ਯੋਗਤਾ ਪਰਖੀ ਜਾ ਸਕੇ। ਜੇ ਉਹਨਾਂ ਦੇ ਜਵਾਬ ਠੀਕ ਹੁੰਦੇ ਤਾਂ ਉਹ ਆਪਣੇ ਆਪਣੇ ਔਹਦਿਆਂ 'ਤੇ ਚਲੇ ਜਾਂਦੇ। ਜਵਾਬ ਠੀਕ ਨਾ ਹੁੰਦੇ ਤਾਂ ਉਹਨਾਂ ਦੀ ਥਾਉਂ ਹੋਰਨਾਂ ਨੂੰ ਲਾ ਦਿਤਾ ਜਾਂਦਾ।

"ਸ਼ਹਿਨਸ਼ਾਹ ਨੂੰ ਖ਼ਬਰ ਪਹੁੰਚੀ ਕਿ ਗੁਰੂ ਤੇਗ਼ ਬਹਾਦਰ ਦੇ ਆਸੇ ਪਾਸੇ ਬੰਦਿਆਂ ਦਾ ਮੇਲਾ ਲੱਗਾ ਰਹਿੰਦਾ ਹੈ, ਜ਼ਿਮੀਂਦਾਰਾਂ ਦਾ ਉਸ ਵਿਚ ਇਤਕਾਦ ਹੈ ਅਤੇ ਨਵੇਂ ਧਾਰਮਿਕ ਭਾਈਚਾਰੇ ਦੀ ਨੀਂਹ ਰੱਖੀ ਗਈ ਹੈ। ਸ਼ਹਿਨਸ਼ਾਹ ਨੇ ਹੁਕਮ ਦਿਤਾ ਕਿ ਗੁਰੂ ਤੇਗ਼ ਬਹਾਦਰ ਦੇ ਪੈਰੋਕਾਰਾਂ ਨੂੰ ਕਿਸੇ ਕਿਸਮ ਦੀ ਤਕਲੀਫ਼ ਨਹੀਂ ਦੇਣੀ ਜੇ ਉਹ ਫਕੀਰਾਂ ਵਾਂਗੂ ਰਹਿੰਦੇ ਹੋਣ ਜਿਵੇਂ ਕਿ ਨਾਨਕ ਪੰਥੀਆਂ ਦਾ ਵਿਹਾਰ ਹੈ। ਸਲਤਨਤ ਦੇ ਦੂਸਰੇ ਅੱਤੀਏਦਾਰਾਂ ਵਾਂਗੂ ਉਹਨਾਂ ਨੂੰ ਵੀ ਮਦਦ-ਇ-ਮੁਆਸ਼ ਦਿਤੀ ਜਾ ਸਕਦੀ ਸੀ ਜਿਵੇਂ ਕਹਾਵਤ ਹੈ 'ਕੀ ਦੋਸਤ ਕੀ ਦੁਸ਼ਮਣ ਦਾਅਵਤ 'ਤੇ ਸਭ ਨੂੰ ਜੀ ਆਇਆਂ', ਸ਼ਰਤ ਇਹ ਹੈ ਕਿ ਉਹਨਾਂ ਪਾਸ ਘੋੜੇ, ਹਥਿਆਰ, ਸ਼ਾਨ ਸ਼ੌਕਤ ਅਤੇ ਜੰਗ ਦਾ ਸਾਮਾਨ ਨਹੀਂ ਚਾਹੀਦਾ। ਸਰਹਿੰਦ ਪਰਗਨੇ ਦੇ ਫ਼ੌਜਦਾਰ ਨੇ ਗੁਰੂ ਤੇਗ਼ ਬਹਾਦਰ ਨੂੰ ਇਹ ਹੁਕਮ ਪਹੁੰਚਾ ਦਿਤਾ। ਪੈਰੋਕਾਰਾਂ ਦੀ ਬਹੁਤ ਵੱਡੀ ਗਿਣਤੀ ਹੋਣ ਕਾਰਨ ਮਾਣਮੱਤੇ ਅਤੇ ਵਿਸ਼ਵਾਸ-ਭਰੇ ਗੁਰੂ ਤੇਗ਼ ਬਹਾਦਰ ਨੇ ਜਵਾਬ ਦਿਤਾ ਕਿ ਮੈਂ ਫਕੀਰ ਹਾਂ ਅਤੇ ਜੋ ਕੁਝ ਮੇਰੇ ਪਾਸ ਹੈ ਉਹ ਰੱਬ ਦੀ ਦਾਤ ਹੈ ਜਿਸਨੂੰ ਕੋਈ ਖੋਹ ਨਹੀਂ ਸਕਦਾ। ਕਿਉਂਕਿ ਮੈਂ ਆਪਣੇ ਸਥਾਨ 'ਤੇ ਹੀ ਪੱਕੀ ਤਰ੍ਹਾਂ ਟਿਕਿਆ ਰਹਿੰਦਾ ਹਾਂ, ਇਸ ਕਰਕੇ ਮੇਰੇ ਮਾਮਲਿਆਂ ਵਿਚ ਦਖ਼ਲ ਦੇਣਾ ਹੱਕ ਬਜਾਨਬ ਨਹੀਂ। ਇਹ ਬਹਿਸ ਲੰਬੀ ਚਲੀ ਗਈ ਜਿਸ ਕਰਕੇ ਫ਼ੈਸਲਾ ਲੜਾਈ ਰਾਹੀਂ ਕਰਨਾ ਪਿਆ ਅਤੇ ਗੁਰੂ ਨੂੰ ਤਾਕਤ ਨਾਲ ਆਪਣੀ ਜਗ੍ਹਾ ਤੋਂ ਕਢ ਦਿਤਾ ਗਿਆ।

'ਗੁਰੂ ਤੇਗ਼ ਬਹਾਦਰ ਸ਼ਾਹਜਹਾਨਾਬਾਦ ਅਤੇ ਲਾਹੌਰ ਦੇ ਵਿਚਕਾਰਲੇ ਜੰਗਲ ਦੇ ਇਲਾਕੇ ਵਿਚ ਚਲਾ ਗਿਆ ਅਤੇ ਆਪਣੀ ਜ਼ਿੰਦਗੀ ਦੇ ਮੁਸ਼ਕਿਲ ਦੇ ਦਿਨ ਲੰਘਾਉਣ ਲੱਗਾ। ਉਹਦੇ ਚੇਲੇ ਉਹਨੂੰ ਖੁਫੀਆ ਤੌਰ 'ਤੇ ਮਿਲਦੇ ਅਤੇ ਜੋ ਕੁਝ ਉਹਨਾਂ ਕੋਲ ਤਿਲ ਫੁਲ ਹੁੰਦਾ ਭੇਂਟ ਚੜ੍ਹਾਉਂਦੇ। ਗੁਰੂ ਤੇਗ਼ ਬਹਾਦਰ ਬੇਹਵਾਸ ਆਦਮੀਆਂ ਵਾਂਗੂ ਹੋ ਗਿਆ। ਉਹਨੇ ਕਈ ਵਾਰ ਘੋੜਿਆਂ ਨੂੰ ਗੋਲੀ ਮਾਰੀ। ਉਹ ਆਪਣੇ ਸਿੱਖਾਂ ਨੂੰ ਪੁਛਦਾ ਜੇ ਕਿਸੇ ਨੇ ਗੁਰੂ ਨਾਨਕ ਨੂੰ ਮਿਲਣਾ ਹੈ। ਜਿਹੜਾ ਕੋਈ ਹਾਂ ਕਹਿੰਦਾ ਉਹ ਉਹਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਉਂਦਾ। ਉਹਦੇ ਸਾਥੀ ਉਹਦਾ ਸਸਕਾਰ ਕਰ ਦਿੰਦੇ। ਇਸ ਤਰੀਕੇ ਨਾਲ ਕਈ ਸਿੱਖ ਅਤੇ ਬਹੁਤ ਸਾਰੇ ਘੋੜੇ ਮਾਰੇ ਗਏ। ਜਿਹੜਾ ਬੰਦਾ ਗੁਰੂ ਦੇ ਹੱਥੋਂ ਮਾਰਿਆ ਜਾਂਦਾ ਉਹਨੂੰ 'ਸ਼ਹੀਦੀ ਸਿੰਘ' ਕਿਹਾ ਜਾਂਦਾ ਅਤੇ ਉਹਦੇ ਪੁੱਤ ਪੋਤਰਿਆਂ ਦਾ ਇਹੀ ਨਾਉਂ ਵੱਜਦਾ। ਸਿੱਖ ਲੁੱਟ ਦੇ ਮਾਲ ਦੇ ਤਿੰਨ ਇਕੋ ਜਿਹੇ ਹਿੱਸੇ ਕਰ ਲੈਂਦੇ ਸਨ: (1) ਗੁਰੂ ਨਾਨਕ ਦੇ ਜੱਦੀਆਂ (2) ਉਹਦੇ ਜਾਨਸ਼ੀਨਾਂ ਦੇ ਜੱਦੀਆਂ (3) ਸ਼ਹੀਦੀ ਸਿੰਘਾਂ ਲਈ।

"ਇਹਨਾਂ ਦਿਨਾਂ ਵਿਚ ਗੁਰੂ ਤੇਗ਼ ਬਹਾਦਰ ਇੱਕਾ ਦੁਕਾ ਪੇਸ਼ੀਨਗੋਈਆਂ ਕਰਦਾ ਰਹਿੰਦਾ ਸੀ। ਕੁਝ ਪੇਸ਼ੀਨਗੋਈਆਂ ਦੀ ਪੂਰਤੀ ਨੇ ਅਣਜਾਣ ਸਿੱਖਾਂ ਦਾ ਵਿਸ਼ਵਾਸ਼ ਹੋਰ ਵੀ ਪੱਕਾ ਕਰ ਦਿੱਤਾ। ਉਹਨੇ ਸਿੱਖਾਂ ਨੂੰ ਕਿਹਾ ਕਿ ਰੱਬੀ ਹੁਕਮ ਅਨੁਸਾਰ ਚਿੜੀਆਂ ਬਾਜ਼ਾਂ ਨਾਲ ਲੜਣਗੀਆਂ ਅਤੇ ਬੇਨਾਉਂ ਨੀਵੀਆਂ ਜ਼ਾਤਾਂ ਦੇ ਬੰਦੇ ਲੋਕਾਂ ਦੇ ਆਗੂ ਹੋਣਗੇ। ਗੁਰੂ ਦੇ ਪੈਰੋਕਾਰਾਂ ਨੇ ਭਵਿਸ਼ਬਾਣੀ ਦੇ ਬੋਲਾਂ ਨੂੰ ਆਪਣੀ ਕਾਮਯਾਬੀ ਦੀ ਪੇਸ਼ਗੀ ਸਮਝਿਆ। ਗੁਰੂ ਨੇ ਉਹਨਾਂ ਨੂੰ ਹਥਿਆਰ ਰੱਖਣ ਅਤੇ ਲੋਹਾ ਪੂਜਣ ਨੂੰ ਕਿਹਾ ਤਾਂ ਜੋ ਉਹ ਉੱਚੇ ਹੋ ਸਕਣ। ਹੁਣ ਸਿੱਖਾਂ ਲਈ ਕੜਾ ਅਰਥਾਤ ਗੁੱਟ ਜਾਂ ਪਗੜੀ ਉਦਾਲੇ ਚੱਕਰ ਪਹਿਨਣਾ ਜ਼ਰੂਰੀ ਸੀ। ਗੁਰੂ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਹ ਨੀਵੀਆਂ ਜ਼ਾਤਾਂ ਨੂੰ ਮਾੜੀ ਨਜ਼ਰ ਨਾਲ ਨਾ ਵੇਖਣ ਅਤੇ ਜਿਹੜਾ ਵੀ ਉਹਨਾਂ ਦੇ ਦਾਇਰੇ ਵਿਚ ਆਉਣਾ ਚਾਹੁੰਦਾ ਹੈ ਉਹ ਆਪਣੇ ਪਹਿਲੇ ਵਿਸ਼ਵਾਸ ਦੇ ਬਾਵਜੂਦ ਆ ਸਕਦਾ ਹੈ। ਉਹਨਾਂ ਨੂੰ ਇਕੱਠਿਆਂ ਖਾਣਾ ਚਾਹੀਦਾ ਹੈ। ਉਹਨਾਂ ਦਾ ਇਹ ਵਿਹਾਰ ਅੱਜ ਵੀ ਕਾਇਮ ਹੈ। ਸਿੱਖਾਂ ਦੀ ਫ਼ੌਜ ਨੂੰ ਦਲ ਕਿਹਾ ਜਾਣ ਲੱਗਿਆ ਅਤੇ ਸਿੱਖਾਂ ਨੂੰ ਖਾਲਸਾ। ਪਿਛਲੇਰੀ ਸ਼ਬਦਾਵਲੀ ਦਾ ਕਾਰਨ ਹੈ ਕਿ ਕਈ ਵਾਰ ਫ਼ੌਜਦਾਰ ਸਿੱਖਾਂ ਨੂੰ ਖ਼ਾਲਿਸਾ-ਸ਼ਰੀਫ਼ਾ ਖ਼ਾਲੀ ਕਰਨ ਦਾ ਹੁਕਮ ਦਿੰਦੇ। ਸਿੱਖ ਜਵਾਬ ਦਿੰਦੇ ਸਨ ਕਿ ਉਹ ਆਪ ਖ਼ਾਲਸਾ ਹਨ ਅਰਥਾਤ ਸਾਰੀ ਮਨੁਖਤਾ ਦਾ ਤੱਤ। ਗੁਰੂ ਤੇਗ਼ ਬਹਾਦਰ ਨੇ ਆਪਣੇ ਪੈਰੋਕਾਰਾਂ ਨੂੰ ਵਿਸ਼ੇਸ਼ ਸਰੂਪ ਧਾਰਨ ਨੂੰ ਕਿਹਾ। ਜੇ ਦੂਸਰੇ ਦਾੜ੍ਹੀ ਮੁੱਛ ਮਨਾਉਂਦੇ ਸਨ ਤਾਂ ਸਿੱਖਾਂ ਨੂੰ ਵਾਲ ਰੱਖਣੇ ਚਾਹੀਦੇ ਹਨ। ਸਿੱਖਾਂ ਨੂੰ ਤੰਬਾਕੂਨੋਸ਼ੀ ਨਾਲ ਸਖਤ ਨਫ਼ਰਤ ਹੈ। ਉਹ ਹੁੱਕੇ ਨੂੰ ਬੇਸਬਰਾ ਕਹਿੰਦੇ ਹਨ (ਲਫਜ਼ੀ ਮਾਅਨੇ ਜਿਸ ਨੂੰ ਸਬਰ ਨਾ ਆਵੇ) ਉਹ ਭੰਗ ਨੂੰ 'ਸੁੱਖ' ਤੋਂ ਸੁੱਖਾ ਕਹਿੰਦੇ ਹਨ, ਅਤੇ ਇਹਨੂੰ ਬੜੇ ਸ਼ੌਕ ਨਾਲ ਪੀਂਦੇ ਹਨ। ਉਹ ਆਪਣੇ ਠਕਾਣਿਆਂ ਵਿਚ ਔਰਤਾਂ ਨਹੀਂ ਵੜਨ ਦਿੰਦੇ। ਜੇ ਕੋਈ ਏਸ ਮਰਯਾਦਾ ਦੀ ਉਲੰਘਣਾ ਕਰਦਾ ਹੈ ਤਾਂ ਉਹਨੂੰ ਜੁਰਮਾਨਾ ਲਗਦਾ ਹੈ। ਪਰ ਉਹਨਾਂ ਦੇ ਪਾਸ ਬਹੁਤ ਸਾਰੇ ਖ਼ੂਬਸੂਰਤ ਨੌਜਵਾਨ ਹਨ। ਉਹ ਸਾਰੇ ਅੱਛੇ ਖ਼ੁਸ਼ਪੋਸ਼ ਅਤੇ ਹਥਿਆਰਬੰਦ ਘੋੜਸਵਾਰ ਹਨ। ਦਿਨੇ ਉਹ ਆਪਣੇ ਮਾਲਿਕਾਂ ਦੀ ਖਿਦਮਤ ਕਰਦੇ ਹਨ ਰਾਤੀਂ ਮਾਲਿਕ ਉਹਨਾਂ ਦੀ ਖਿਦਮਤ ਕਰਦੇ ਹਨ। ਮਾਲਿਕ ਦੀ ਮੌਤ ਦੇ ਬਾਅਦ ਉਹ ਉਹਦੀ ਜਾਇਦਾਦ ਦੇ ਵਾਰਿਸ ਅਤੇ ਫ਼ੌਜ ਦੇ ਮਾਲਿਕ ਹੋ ਜਾਂਦੇ ਹਨ।

"ਕਿੱਸਾ ਕੋਤਾਹ ਉਪਰ ਦੱਸੀ ਦਿਮਾਗ਼ੀ ਹਾਲਤ ਵਿਚ ਗੁਰੂ ਤੇਗ਼ ਬਹਾਦਰ ਨੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਚਿੱਠੀ ਲਿਖੀ ਕਿ ਉਹ (ਔਰੰਗਜ਼ੇਬ ਤੋਂ ਬਾਅਦ) ਸ਼ਹਿਨਸ਼ਾਹ ਬਣੇਗਾ। ਖ਼ੁਲਦ ਮੰਨਜ਼ਿਲ ਬਹਾਦਰ ਸ਼ਾਹ (ਪਹਿਲਾਂ ਸ਼ਹਿਜ਼ਾਦਾ ਮੁਅੱਜ਼ਮ) ਦੇ ਰਾਜ ਸਮੇਂ ਗੁਰੂ ਤੇਗ਼ ਬਹਾਦਰ ਸ਼ਾਹਜਹਾਨਬਾਦ ਗਿਆ ਅਤੇ ਸ਼ਹਿਨਸ਼ਾਹ ਨੇ ਗੁਰੂ ਨੂੰ ਵਾਅਦੇ ਅਨੁਸਾਰ ਕਈ ਪਿੰਡਾਂ ਦੀ ਜਾਗੀਰ ਦਿਤੀ। ਗੁਰੂ ਤੇਗ਼ ਬਹਾਦਰ ਲਾਹੌਰ ਵਲ ਨੂੰ ਵਾਪਿਸ ਚਲਾ ਗਿਆ ਅਤੇ ਇਕ ਵਾਰ ਫੇਰ ਉਹਦੇ ਨਾਲ ਬਹੁਤ ਸਾਰੇ ਬੰਦੇ ਰਲ ਗਏ ਜਿਹਨਾਂ ਵਿਚ ਜ਼ਿਮੀਂਦਾਰ, ਗ਼ਰੀਬ ਗੁਰਬਾ ਅਤੇ ਸਰਕਸ਼ ਲੋਕ ਸਨ। ਥੋੜੇ ਹੀ ਸਮੇਂ ਵਿਚ ਗੁਰੂ ਤੇਗ਼ ਬਹਾਦਰ ਨਵੇਂ ਫਿਰਕੇ ਦਾ ਲੀਡਰ ਬਣ ਗਿਆ।

"ਸੱਚ ਮੁੱਚ ਨਵਾਂ ਫਿਰਕਾ ਹੋਂਦ ਵਿਚ ਆ ਰਿਹਾ ਸੀ। ਜਿਹੜਾ ਵੀ ਹਿੰਦੂ ਗੁਰੂ ਤੇਗ਼ ਬਹਾਦਰ ਪਾਸ ਦੀਖਿਆ ਲਈ ਆਉਂਦਾ ਉਹਨੂੰ ਨਵੇਂ ਧਰਮ ਵਿਚ ਦਾਖਿਲ ਕਰ ਲਿਆ



ਜਾਂਦਾ ਭਾਵੇਂ ਉਹ ਖ਼ਤਰੀ ਹੋਵੇ (ਜਿਹੜੇ ਹਿੰਦੂ ਸਮਾਜ ਦੇ ਸਭ ਤੋਂ ਪ੍ਰਾਚੀਨ ਅੰਸ਼ ਹਨ), ਚਾਹੇ ਉਹ ਜੱਟ ਹੋਵੇ (ਜਿਹੜੇ ਉਸ ਇਲਾਕੇ ਵਿਚ ਬਹੁਤ ਹਨ)। ਇਸੇ ਤਰ੍ਹਾਂ ਤਰਖਾਣ, ਲੁਹਾਰ, ਕ੍ਰਿਸਾਨ, ਹੱਟਵਾਣੀਏ, ਕੰਮੀ, ਕਾਰੀਗਰ ਵੀ ਨਾਲ ਰਲਾ ਲਏ ਜਾਂਦੇ। ਜਦ ਕੋਈ ਆਦਮੀ ਗੁਰੂ ਤੇਗ਼ ਬਹਾਦਰ ਕੋਲ ਸਿੱਖ ਹੋਣ ਲਈ ਆਉਂਦਾ ਤਾਂ ਗੁਰੂ ਖੰਡ ਅਤੇ ਪਾਣੀ ਮੰਗਵਾਉਂਦਾ ਅਤੇ ਪੈਰੋਕਾਰਾਂ ਵਿਚੋਂ ਕਿਸੇ ਨੂੰ ਅਰਦਾਸ ਕਰਨ ਲਈ ਕਹਿੰਦਾ। ਪੈਰੋਕਾਰ ਉਠ ਖਲੋਂਦਾ ਅਤੇ ਉਹ ਗੁਰੂ ਨਾਨਕ ਦੀ ਮਹਿਮਾਂ ਵਿਚ ਪੰਜਾਬੀ ਵਿਚ ਕੁਝ ਕਹਿੰਦਾ। ਉਹ ਇਹਨੂੰ ਅਰਦਾਸ ਕਹਿੰਦੇ। ਇਹ ਵੀ ਕਿਆਸ ਹੈ ਕਿ ਉਹਨਾਂ ਨੇ ਮੁਗ਼ਲਾਂ ਤੋਂ ਲਫਜ਼ ਅਰਜ਼ਦਾਸ਼ਤ ਸੁਣਿਆ ਹੋਇਆ ਸੀ ਅਤੇ ਇਹਨੂੰ ਹੀ ਅਰਦਾਸ ਬਣਾ ਲਿਆ। ਫੇਰ ਮਿੱਠੇ ਪਾਣੀ ਨੂੰ ਤਲਵਾਰ, ਛੁਰੇ ਜਾਂ ਕਿਸੇ ਹਥਿਆਰ ਨਾਲ ਹਿਲਾਇਆ ਜਾਂਦਾ। ਸਭ ਇਕੋ ਭਾਂਡੇ 'ਚੋਂ ਪੀਂਦੇ ਚਾਹੇ ਕੋਈ ਕੋਲੀ ਹੋਵੇ ਚਾਹੇ ਜਟ ਚਾਹੇ ਜਨੇਊ ਪਹਿਣਨ ਵਾਲਾ। ਜੋ ਬਾਕੀ ਰਹਿੰਦਾ ਉਹ ਪ੍ਰਸ਼ਾਦ ਹੈ ਜਿਹੜਾ ਉਹਨਾਂ ਦੀ ਬੋਲੀ ਵਿਚ ਤਬੱਰੁਕ ਦੇ ਬਰਾਬਰ ਹੈ। ਉਹ ਸਲਾਮ ਅਲੈਕ ਦੀ ਥਾਉਂ ਵਾਹਗੁਰੂ ਜੀ ਕੀ ਫਤਿਹ ਕਹਿੰਦੇ ਹਨ। ਉਹ ਲੜਨ ਸਮੇਂ ਵਾਹਗੁਰੂ ਦਾ ਜੈਕਾਰਾ ਬੁਲਾਉਂਦੇ ਹਨ। ਜਦ ਉਹਨਾਂ ਦੇ ਘੋੜੇ ਸਰਪਟ ਦੌੜਦੇ ਹਨ ਤਾਂ ਉਹ ਆਪਣੇ ਵਾਲ ਖਿਲਾਰ ਲੈਂਦੇ ਹਨ।

"ਪਰ ਥੋੜੀ ਦੇਰ ਬਾਅਦ ਗੁਰੂ ਤੇਗ਼ ਬਹਾਦਰ ਦੀ ਵਫ਼ਾਤ ਹੋਈ ਅਤੇ ਗੁਰੂ ਗੋਬਿੰਦ ਸਿੰਘ ਚਨੌਤੀ ਨੂੰ ਸ੍ਵੀਕਾਰ ਕਰਨ ਵਾਲਾ ਜਾਂਨਸ਼ੀਨ ਹੋ ਗਿਆ।"

**ਹਕੀਕਤ** ਦੇ ਕਰਤਾ ਨੂੰ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ ਗੁਰਪ੍ਰਨਾਲੀ ਦਾ ਪਤਾ ਹੈ ਜਿਸ ਵਿਚ ਗੁਰੂ ਤੇਗ਼ ਬਹਾਦਰ ਨੌਂਵੇਂ ਗੁਰੂ ਹਨ। ਪਰ ਉਹਨੂੰ ਗੁਰੂ ਤੇਗ਼ ਬਹਾਦਰ ਬਾਰੇ ਬਸ ਇੰਨਾ ਹੀ ਪਤਾ ਹੈ। ਉਹਨੂੰ ਔਰੰਗਜ਼ੇਬ ਦੇ ਹੁਕਮ ਨਾਲ ਹੋਈ ਸ਼ਹੀਦੀ ਦਾ ਵੀ ਪਤਾ ਨਹੀਂ ਹੈ। ਉਹ ਗੁਰੂ ਤੇਗ਼ ਬਹਾਦਰ ਦੀ ਬਹਾਦਰ ਸ਼ਾਹ ਨਾਲ ਜਾਗੀਰ ਲੈਣ ਲਈ ਮੁਲਾਕਾਤ ਕਰਵਾ ਦਿੰਦਾ ਹੈ। ਏਸ ਬੇਹੂਦਾ ਖਿਆਲ ਤੋਂ ਪਤਾ ਲਗਦਾ ਹੈ ਕਿ **ਹਕੀਕਤ** ਦੇ ਲਿਖਾਰੀ ਨੇ ਉਹਨਾਂ ਬੰਦਿਆਂ ਤੋਂ ਜ਼ਬਾਨੀ ਇਤਲਾਹ ਲਈ ਸੀ ਜਿਹੜੇ ਗੁਰੂ ਤੇਗ਼ ਬਹਾਦਰ ਨੂੰ ਗੁਰੂ ਗੋਬਿੰਦ ਸਿੰਘ ਨਾਲ ਰਲਾ ਮਿਲਾ ਰਹੇ ਸਨ। ਮਿਸਾਲ ਵਜੋਂ ਗੁਰੂ ਤੇਗ਼ ਬਹਾਦਰ ਖਾਲਸੇ ਦੇ ਨਵੇਂ ਧਰਮ ਦਾ ਸਿਰਜਣਹਾਰ ਬਣਾ ਕੇ ਪੇਸ਼ ਕੀਤਾ ਗਿਆ ਹੈ। ਉਹਨਾਂ ਦੀ ਸ਼ਸਤਰ ਧਾਰਨ ਅਤੇ ਕੇਸ ਰਖਣ ਦੀ ਜ਼ਿੰਮੇਦਾਰੀ ਨੂੰ ਸਾਫ਼ ਸਾਫ਼ ਲਿਖਿਆ ਹੈ। **ਹਕੀਕਤ** ਦੇ ਲਿਖਣ ਵਾਲਾ ਕਈ ਅਜਿਹੇ ਵਾਕਿਆਵਾਂ ਦਾ ਜ਼ਿਕਰ ਕਰਦਾ ਹੈ ਜਿਹੜੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੀ ਯਾਦ ਦਿਲਾਉਂਦੇ ਹਨ। ਪਰ ਇਹਨਾਂ ਘਟਨਾਵਾਂ ਦਾ ਗੁਰੂ ਤੇਗ਼ ਬਹਾਦਰ ਦੀ ਜ਼ਿੰਦਗੀ ਨਾਲ ਦੂਰ ਦਾ ਸੰਬੰਧ ਵੀ ਨਹੀਂ ਹੈ। ਇਹ ਕਹਿਣਾ ਥੁੜਕਥਨੀ ਹੈ ਕਿ **ਹਕੀਕਤ-ਇ-ਬਿਨਾ ਇ ਸਿਖਾਂ ਵ ਅਰੂਜ-ਇ-ਫਿਰਕਾ-ਇ-ਸਿੱਖਾਂ** ਸਾਨੂੰ ਗੁਰੂ ਤੇਗ਼ ਬਹਾਦਰ ਦੀ ਗੁਰਿਆਈ ਬਾਰੇ ਕੁਝ ਨਹੀਂ ਦਸਦੀ।

ਸੱਯਦ ਗ਼ੁਲਾਮ ਹੁਸੈਨ ਤਬਾਤਬਾਈ ਬਾਰਸੂਖ ਘਰਾਣੇ ਨਾਲ ਤੁਅੱਲਕ ਰਖਦਾ ਸੀ ਜਿਸ ਨੇ ਆਪਣੀ ਕਿਰਤ ਮੁਢਲੇ 1780-ਆਂ ਵਿਚ ਲਿਖੀ। ਉਹਨੇ ਖ਼ਿਦਮਤ ਨਾਲ ਬੰਗਾਲ ਦੇ ਅਫ਼ਸਰਾਂ ਦਾ ਧਿਆਨ ਖਿੱਚਿਆ ਅਤੇ **ਸੀਅਰ-ਅਲ-ਮੁਤਾਖਰੀਨ** ਦਾ ਲਿਖੇ ਜਾਣਾ ਉਹਦੇ ਅੰਗਰੇਜ਼-ਪ੍ਰੇਮ ਨਾਲ ਮੇਲ ਖਾਂਦਾ ਹੈ। ਉਹਦੀ ਕਿਰਤ ਦਾ ਕੰਪਨੀ ਦੀ ਸਰਪ੍ਰਸਤੀ ਥੱਲੇ ਫੌਰੀ ਤੌਰ 'ਤੇ ਅੰਗਰੇਜ਼ੀ ਤਰਜਮਾ ਹੋਇਆ ਭਾਵੇਂ ਫਾਰਸੀ ਮਤਨ (text) ਬਹੁਤ ਪਿਛੋਂ 1833 ਵਿਚ ਛਪਿਆ ਸੀ।

**ਸੀਆਰ-ਅਲ-ਮੁਤਾਖਰੀਨ** ਦੇ 400 ਸਫੇ ਅਤੇ ਕੋਈ 30 ਲੱਖ ਸ਼ਬਦ ਹਨ । ਕਰਤਾ ਦਾ ਕਥਿੱਤ ਮੰਤਵ ਔਰੰਗਜ਼ੇਬ ਦੀ ਮੌਤ ਤੋਂ ਲੈ ਕੇ ਆਪਣੇ ਸਮੇਂ ਤਕ ਮੁਗਲ ਸਲਤਨਤ ਦਾ ਸਾਧਾਰਨ ਇਤਿਹਾਸ ਲਿਖਣਾ ਸੀ । ਉਹਦੀ ਕਿਰਤ ਦਾ ਖੇਤਰ ਅਤੇ ਆਕਾਰ ਪ੍ਰਭਾਵਸ਼ਾਲੀ ਹੈ । ਪਰ ਅਸਲ ਵਿਚ ਮੁਗਲ ਸਲਤਨਤ ਦਾ ਨਾਦਰਸ਼ਾਹ ਦੇ ਹਮਲੇ ਤਕ ਬ੍ਰਿਤਾਂਤ ਪਹਿਲੇ 100 ਸਫ਼ਿਆਂ ਵਿਚ ਮੁੱਕ ਜਾਂਦਾ ਹੈ । ਬਾਕੀ ਦੀ ਕਿਰਤ ਵਿਚ ਉਤਰ-ਪੱਛਮੀ ਸੂਬਿਆਂ ਦੀਆਂ ਘਟਨਾਵਾਂ ਦਾ ਅਮਲੀ ਤੌਰ ਤੇ ਕੋਈ ਹਵਾਲਾ ਨਹੀਂ ਹੈ । ਇਹ ਲਿਖਤ ਬੰਗਾਲ ਦੇ ਮੁਆਮਲਿਆਂ ਨਾਲ ਵਿਸ਼ੇਸ਼ ਕਰਕੇ ਸੰਬੰਧ ਰਖਦੀ ਹੈ ਜਿਸ ਵਿਚ ਈਸਟ ਇੰਡੀਆ ਕੰਪਨੀ ਦੀ ਕਾਰਗੁਜ਼ਾਰੀ ਸ਼ਾਮਿਲ ਹੈ । ਏਸ ਵਿਉਂਤ ਅਨੁਸਾਰ ਸਿੱਖਾਂ ਦਾ ਜ਼ਿਕਰ ਫਰਖ ਸੀਅਰ ਦੇ ਰਾਜ ਦੇ ਪ੍ਰਸੰਗ ਵਿਚ ਆਉਂਦਾ ਹੈ । ਗ਼ੁਲਾਮ ਹੁਸੈਨ ਸਾਰੀ **ਸੀਆਰ-ਅਲ-ਮੁਤਾਖਰੀਨ** ਵਿਚ ਸਿੱਖਾਂ ਨੂੰ ਤਿੰਨ ਸਫ਼ੇ ਦਿੰਦਾ ਹੈ ਅਤੇ ਗੁਰੂ ਤੇਗ਼ ਬਹਾਦਰ ਨੂੰ 200 ਸ਼ਬਦ । ਅਤੇ ਇਹ ਸ਼ਬਦ ਹਨ :

"(ਗੁਰੂ ਨਾਨਕ) ਦਾ ਅੱਠਵਾਂ ਜਾਂਨਸ਼ੀਨ ਤੇਗ਼ ਬਹਾਦਰ ਨਾਮੀ ਬਹੁਤ ਸਾਰੇ ਪੈਰੋਕਾਰਾਂ ਕਾਰਨ ਬਾਰਸੂਖ ਹੋ ਗਿਆ । ਜਦ ਉਹ ਇਕ ਥਾਉਂ ਤੋਂ ਦੂਸਰੇ ਥਾਉਂ ਜਾਂਦਾ ਤਾਂ ਕਈ ਹਜ਼ਾਰ ਆਦਮੀ ਉਹਦੇ ਨਾਲ ਹੁੰਦੇ । ਉਹਦੇ ਸਮਕਾਲੀ ਹਾਫਿਜ਼ ਆਦਮ ਦੇ ਵੀ ਬਹੁਤ ਸਾਰੇ ਮੁਰੀਦ ਪੈਰੋਕਾਰ ਸਨ ਜਿਹੜਾ ਸ਼ੇਖ ਅਹਿਮਦ ਸਰਹਿੰਦੀ ਦੇ ਫਿਰਕੇ ਦਾ ਹਾਮੀ ਸੀ । ਇਹ ਦੋਵੇਂ (ਗੁਰੂ ਤੇਗ਼ ਬਹਾਦਰ ਅਤੇ ਹਾਫਿਜ਼ ਆਦਮ) ਪੰਜਾਬ ਵਿਚ ਲੁਟ ਮਾਰ ਕਰਦੇ ਫਿਰਦੇ ਸਨ । ਤੇਗ਼ ਬਹਾਦਰ ਹਿੰਦੂਆਂ ਤੋਂ ਪੈਸੇ ਉਗਰਾਹੁੰਦਾ ਅਤੇ ਹਾਫਿਜ਼ ਆਦਮ ਮੁਸਲਮਾਨਾਂ ਤੋਂ । ਸ਼ਾਹੀ ਵਾਕਿਆਨਿਗਾਰਾਂ ਨੇ ਸ਼ਹਿਨਸ਼ਾਹ ਆਲਮਗੀਰ ਨੂੰ ਲਿਖ ਭੇਜਿਆ ਕਿ ਦੋ ਫਕੀਰਾਂ ਨੇ, ਇਕ ਹਿੰਦੂ ਇਕ ਮੁਸਲਮਾਨ ਨੇ, ਫਲਾਂ ਫਲਾਂ ਤਰੀਕਾ ਅਪਨਾਇਆ ਹੋਇਆ ਹੈ । ਅਤੇ ਇਹ ਵੀ ਲਿਖਿਆ ਕਿ ਜੇ ਇਹਨਾਂ ਦੇ ਵਕਾਰ 'ਚ ਵਾਧਾ ਹੋ ਗਿਆ ਤਾਂ ਇਹ ਸਰਕਸ਼ ਹੋ ਸਕਦੇ ਹਨ । ਖ਼ਬਰ ਮਿਲਣ ਤੇ ਔਰੰਗਜ਼ੇਬ ਨੇ ਲਾਹੌਰ ਦੇ ਹਾਕਿਮ ਨੂੰ ਲਿਖਿਆ ਕਿ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇ । ਹਾਫਿਜ਼ ਆਦਮ ਨੂੰ ਪਠਾਨਾਂ ਦੇ ਮੁਲਕ ਵਿਚ ਪੇਸ਼ਾਵਰ ਅਟਕ ਤੋਂ ਪਾਰ ਸਲਤਨਤ ਦੇ ਇਲਾਕਿਆਂ ਤੋਂ ਬਦਰ ਕਰ ਦਿਤਾ ਜਾਵੇ ਅਤੇ ਮੁੜ ਕੇ ਨਾ ਆਉਣ ਦਿਤਾ ਜਾਵੇ । ਤੇਗ਼ ਬਹਾਦਰ ਨੂੰ ਗ੍ਰਿਫਤਾਰੀ ਤੋਂ ਬਾਅਦ ਹਰਾਸਤ ਵਿਚ ਰਖਿਆ ਜਾਵੇ । ਸ਼ਹਿਨਸ਼ਾਹ ਦੇ ਹੁਕਮ ਦੀ ਤਾਮੀਲ ਹੋਈ । ਕੁਝ ਦਿਨਾਂ ਬਾਅਦ ਤੇਗ਼ ਬਹਾਦਰ ਬਾਰੇ ਹੋਰ ਹੁਕਮ ਆਇਆ ਕਿ ਉਹਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਵੇ ਅਤੇ ਲਾਸ਼ ਦੇ ਟੁਕੜੇ ਟੁਕੜੇ ਕਰਕੇ ਸ਼ਹਿਰ ਦੀ ਫਸੀਲ ਦੇ ਵੱਖਰੇ ਵੱਖਰੇ ਥਾਵਾਂ 'ਤੇ ਲਟਕਾਏ ਜਾਣ । ਹੁਕਮ ਦੀ ਤਾਮੀਲ ਹੋਈ । ਪਰ ਗੁਰੂ ਤੇਗ਼ ਬਹਾਦਰ ਦੇ ਪੈਰੋਕਾਰ ਫਕੀਰਾਂ ਵਾਂਗੂ ਫਿਰਦੇ ਸਨ ਅਤੇ ਹਥਿਆਰਬੰਦ ਹੋਣਾ ਉਹਨਾਂ ਦਾ ਮਾਮੂਲ ਨਹੀਂ ਸੀ ।"

ਏਸ ਸੰਖੇਪ ਵਰਨਣ ਨੂੰ ਬਹੁਤ ਸਾਰੇ ਯੂਰਪੀ ਲਿਖਾਰੀਆਂ ਨੇ ਪ੍ਰਮਾਣਿਕ (authentic) ਮੰਨ ਲਿਆ ਹੈ । ਕਈ ਹੋਰ ਇਤਿਹਾਸਕਾਰਾਂ ਨੇ ਏਸ ਵਰਨਣ ਨੂੰ ਜਾਣ ਬੁਝ ਕੇ ਤਰੋੜ ਮਰੋੜਿਆ ਕਹਿ ਕੇ ਰੱਦ ਕੀਤਾ ਹੈ ਪਰ ਗ਼ੁਲਾਮ ਹੁਸੈਨ ਦੀ ਤਾਰੀਖਦਾਨ ਦੇ ਤੌਰ ਤੇ ਪਹੁੰਚ (approach) ਅਤੇ ਕਾਰਜਵਿਧੀ (method) ਵਲ ਧਿਆਨ ਨਹੀਂ ਮਾਰਿਆ । ਅਜ ਕਲ੍ਹ ਇਹ ਵੀ ਸੁਝਾਉ ਆਇਆ ਹੈ ਕਿ ਗ਼ੁਲਾਮ ਹੁਸੈਨ ਦਾ ਵਰਨਣ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਦੇ 'ਸੌ ਵਰ੍ਹਿਆਂ ਦੇ ਅੰਦਰ ਅੰਦਰ ਕਲਮਬੰਦ' ਕੀਤਾ ਗਿਆ ਜਿਹੜਾ ਕਿ ਕਿਸੇ ਪਹਿਲੇ ਵਰਨਣ 'ਤੇ ਅਧਾਰਿਤ ਹੈ ਜਿਹੜਾ



ਵਰਨਣ ਕਿ ਸਾਡੇ ਵੇਖਣ ਵਿਚ ਅਜੇ ਤਕ ਨਹੀਂ ਆਇਆ । ਗ਼ੁਲਾਮ ਹੁਸੈਨ ਦਾ ਅਜਿਹੀ ਮਿਹਨਤ ਭਰੀ ਵਿਦਵਤਾ ਦਾ ਕੋਈ ਦਾਅਵਾ ਨਹੀਂ ਹੈ । ਉਹ ਇਹ ਗੱਲ ਕਹਿੰਦਾ ਕਿਸੇ ਪਹਿਲੇ ਵਰਨਣ ਨੂੰ ਵੇਖਣ ਤੋਂ ਸੁਬਕਦੋਸ਼ ਹੋ ਜਾਂਦਾ ਹੈ ਕਿ ਕੋਈ ਅਜਿਹਾ ਵਰਨਣ ਹੋਂਦ 'ਚ ਨਹੀਂ ਹੈ । ਉਹਨੇ ਸਿਰਫ਼ ਉਹ ਚੀਜ਼ ਕਲਮਬੰਦ ਕੀਤੀ ਜਿਹੜੀ ਉਹਨੂੰ 'ਭਰੋਸੇਯੋਗ ਬੰਦਿਆਂ' ਤੋਂ ਜ਼ਬਾਨੀ ਮਿਲ ਸਕੀ ।

ਤਾਂ ਫਿਰ ਗ਼ੁਲਾਮ ਹੁਸੈਨ ਦੀ ਕਾਰਜਵਿਧੀ ਬੁੱਧ ਸਿੰਘ ਜਾਂ **ਹਕੀਕਤ-ਇ-ਬਿਨਾ** ਦੇ ਕਰਤੇ ਤੋਂ ਵੱਖਰੀ ਨਹੀਂ ਹੈ । ਉਹਦੇ ਗੁਰੂ ਤੇਗ਼ ਬਹਾਦਰ ਦੇ ਵਰਨਣ ਦੇ ਸਵੀਕਾਰਯੋਗ ਅੰਸ਼ ਪ੍ਰਤੱਖ ਹੀ ਬਹੁਤ ਸਾਧਾਰਨ ਹਨ : ਗੁਰੂ ਤੇਗ਼ ਬਹਾਦਰ ਗੁਰੂ ਨਾਨਕ ਦੇ 8ਵੇਂ ਜਾਂਨਸ਼ੀਨ ਸਨ ਅਤੇ ਉਹਨਾਂ ਦੀ ਸ਼ਹੀਦੀ ਔਰੰਗਜ਼ੇਬ ਦੇ ਹੁਕਮ ਨਾਲ ਹੋਈ । ਗ਼ੁਲਾਮ ਹੁਸੈਨ 'ਕਦੋਂ' ਅਤੇ 'ਕਿੱਥੇ' ਦੇ ਸਵਾਲਾਂ ਵਿਚ ਨਹੀਂ ਜਾਂਦਾ । ਅਸਲ ਵਿਚ ਤਾਂ ਉਹ ਇਹ ਪ੍ਰਭਾਵ ਦਿੰਦਾ ਹੈ ਕਿ ਗੁਰੂ ਸਾਹਿਬ ਦੀ ਸ਼ਹੀਦੀ ਲਾਹੌਰ ਹੋਈ । ਔਰੰਗਜ਼ੇਬ ਨੇ ਲਾਹੌਰ ਦੇ ਹਾਕਿਮ ਨੂੰ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਹੁਕਮ ਦਿਤਾ ਕਿਉਂਕਿ ਵਾਕਿਆ-ਨਵੀਸਾਂ ਨੇ ਰਪਟ ਦਿਤੀ ਸੀ ਕਿ ਗੁਰੂ ਸਾਹਿਬ ਦੇ ਬਹੁਤ ਜ਼ਿਆਦਾ ਪੈਰੋਕਾਰ ਹਨ, ਉਹ ਹਿੰਦੂਆਂ ਤੋਂ ਪੈਸੇ ਉਗਰਾਹੁੰਦੇ ਹਨ ਅਤੇ ਉਹ ਸੰਭਵ ਰੂਪ ਵਿਚ ਖ਼ਤਰਨਾਕ ਸਨ । ਗ਼ੁਲਾਮ ਹੁਸੈਨ ਦੀ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਬਾਰੇ ਸਿੱਖ ਪਰੰਪਰਾ ਨਾਲ ਉਕੀ ਹੀ ਵਾਕਫੀਅਤ ਨਹੀਂ ਹੈ । ਸਾਫ਼ ਹੀ ਉਹ ਉਹਨਾਂ ਆਦਮੀਆਂ ਦੀ ਜ਼ਬਾਨੀ ਰਵਾਇਤ 'ਤੇ ਨਿਰਭਰ ਸੀ ਜਿਹਨਾਂ ਪਾਸ ਗੁਰੂ ਤੇਗ਼ ਬਹਾਦਰ ਨੂੰ ਯਾਦ ਰਖਣ ਦੀ ਕੋਈ ਵਜਾਹ ਨਹੀਂ ਸੀ । ਕਾਲਭੰਗ (anachronistic) ਤਰੀਕੇ ਨਾਲ ਗੁਰੂ ਤੇਗ਼ ਬਹਾਦਰ ਨਾਲ ਹਾਫਿਜ ਆਦਮ ਨੂੰ ਜੋੜਨ ਸਦਕੇ ਗ਼ੁਲਾਮ ਹੁਸੈਨ ਦਾ ਵਰਨਣ ਭਾਵੇਂ ਦਿਲ ਲਗਦਾ ਮਾਲੂਮ ਹੁੰਦਾ ਹੈ ਪਰ ਇਸ ਦੇ ਨਾਲ ਉਹਦਾ ਹੋਰ ਵੀ ਪੋਲ ਖੁਲ੍ਹਦਾ ਹੈ । ਉਹਨੇ ਹਾਫਿਜ਼ ਆਦਮ ਬਾਰੇ ਵੀ ਕੋਈ ਲਿਖਤੀ ਰਿਕਾਰਡ ਨਹੀਂ ਵੇਖਿਆ ਸੀ । ਜ਼ਬਾਨੀ ਇਤਲਾਹ ਦੀਆਂ ਕਈ ਲੜੀਆਂ ਦੀ ਤਰਕਸ਼ਾਲੀ ਪੁਨਰ ਉਸਾਰੀ ਕਰਨੀ ਉਹਦੇ ਵੱਸ ਦੀ ਗੱਲ ਨਹੀਂ । ਸਾਨੂੰ ਉਹਦੇ ਗੁਰੂ ਤੇਗ਼ ਬਹਾਦਰ ਦੇ ਵਰਨਣ ਦੇ ਆਖਰੀ ਫਿਕਰੇ ਵਿਚ ਉਹਦੀ ਈਮਾਨਦਾਰੀ ਦੀ ਝਲਕ ਪੈਂਦੀ ਹੈ : "ਪਰ ਗੁਰੂ ਤੇਗ਼ ਬਹਾਦਰ ਦੇ ਪੈਰੋਕਾਰ ਫਕੀਰਾਂ ਵਾਂਗੂ ਫਿਰਦੇ ਸਨ ਅਤੇ ਸ਼ਸਤਰ ਧਾਰਨੇ ਉਹਨਾਂ ਦੀ ਆਦਤ ਨਹੀਂ ਸੀ ।" ਤਾਂ ਫਿਰ ਗੁਰੂ ਸਾਹਿਬ ਦੀ ਸ਼ਹੀਦੀ ਕਿਉਂ ਹੋਈ ? ਗ਼ੁਲਾਮ ਹੁਸੈਨ ਦਾ ਇਸ ਗੱਲ ਨੂੰ ਜਾਣਨ ਦਾ ਕੋਈ ਦਾਅਵਾ ਨਹੀਂ । ਉਹਨੇ ਦੂਸਰਿਆਂ ਤੋਂ ਮਿਲੀ ਜ਼ਬਾਨੀ ਇਤਲਾਹ ਦੇ ਭਾਂਤ ਭਾਂਤ ਦੇ ਟੁਕੜਿਆਂ ਨੂੰ ਜਿੰਨਾ ਕੁ ਹੋ ਸਕਿਆ ਸਮਝਣ ਦੀ ਕੋਸ਼ਿਸ਼ ਕੀਤੀ । ਉਹ ਗੱਲ ਨੂੰ ਬਹੁਤਾ ਨਾ ਸਮਝ ਸਕਿਆ ਕਿਉਂਕਿ ਉਹਦੇ ਪਾਸ ਬਹੁਤ ਥੋੜੀ ਪ੍ਰਮਾਣਿਕ ਗਵਾਹੀ ਸੀ ।

ਇਹਨਾਂ ਪਹਿਲੇ ਲਿਖਾਰੀਆਂ ਵਲ ਧਿਆਨ ਮਾਰੀਏ ਤਾਂ ਸਾਨੂੰ ਉਹਨਾਂ ਦੇ ਗੁਰੂ ਤੇਗ਼ ਬਹਾਦਰ ਦੀ ਗੁਰਿਆਈ ਦੇ ਬਿਰਤਾਂਤ ਵਿਚ ਕਈ ਸਾਂਝੀਆਂ ਗੱਲਾਂ ਮਿਲਦੀਆਂ ਹਨ । ਭਾਵੇਂ ਉਹ ਇਕ ਦੂਸਰੇ ਨੂੰ ਜਾਣਦੇ ਨਹੀਂ ਸਨ ਪਰ ਉਹਨਾਂ ਨੇ ਇਕ ਦੂਸਰੇ ਤੋਂ ਤਿੰਨ ਸਾਲਾਂ ਦੇ ਅੰਦਰ ਅੰਦਰ ਆਪਣੀਆਂ ਕਿਰਤਾਂ ਲਿਖੀਆਂ । ਦੋ ਤਾਂ ਸਾਨੂੰ ਪੱਕਾ ਪਤਾ ਹੈ, ਅੰਗਰੇਜ਼ ਅਫ਼ਸਰਾਂ ਦੇ ਕਹਿਣ 'ਤੇ ਲਿਖਣ ਵਾਲੇ ਸਨ ਅਤੇ ਤੀਸਰੇ ਨੇ ਵੀ ਸ਼ਾਇਦ ਅੰਗਰੇਜ਼ਾਂ ਲਈ ਇਤਿਹਾਸਕਾਰੀ ਕੀਤੀ । ਦੋ ਨੇ ਤਾਂ ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਬਾਰੇ ਲਿਖਿਆ ਅਤੇ ਇਹਨਾਂ ਵਿਚੋਂ ਇਕ ਮੁਢਲੇ ਸਿੱਖ ਇਤਿਹਾਸ ਦਾ ਇਸ ਕਰਕੇ ਹਵਾਲਾ ਦਿੰਦਾ ਹੈ ਕਿਉਂਕਿ ਇਹ ਬੰਦਾ ਬਹਾਦਰ ਦੇ ਤਾਕਤ ਸੰਭਾਲਣ ਦਾ ਪਿਛੋਕੜ ਹੈ । ਇਹ ਸਾਰੇ ਇਤਿਹਾਸਕਾਰ ਜ਼ਬਾਨੀ ਰਵਾਇਤ 'ਤੇ ਨਿਰਭਰ ਹਨ ਅਤੇ ਉਹ

ਅਜਿਹੀ ਜਾਣਕਾਰੀ ਦੇ ਟੁਕੜਿਆਂ ਦਾ ਕੋਈ ਅਰਥ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਏਸ ਕਰਕੇ ਉਹਨਾਂ ਦੀਆਂ ਕਿਰਤਾਂ ਵਿਚ ਸਾਨੂੰ ਗੁਰੂ ਤੇਗ਼ ਬਹਾਦਰ ਬਾਰੇ ਸਮਕਾਲੀ ਪਰੰਪਰਾ ਦੇ ਅੰਸ਼ ਮਿਲਦੇ ਹਨ। ਪਰ ਇਹਨਾਂ ਵਿਚੋਂ ਕਿਸੇ ਨੂੰ ਵੀ ਆਧਾਰ ਪੂਰਨ (authority) ਗਵਾਹੀ ਮੰਨਣਾ ਉਕਾ ਹੀ ਗ਼ਲਤ ਹੈ।

ਫ਼ਾਰਸੀ ਲਿਖਾਰੀਆਂ ਦਾ ਗੁਰੂ ਤੇਗ਼ ਬਹਾਦਰ ਬਾਰੇ ਜਾਣਕਾਰੀ ਦਾ ਆਧਾਰ ਪਿਛਲੇ 18ਵੀਂ ਸਦੀ ਦੀ ਉਹਨਾਂ ਬਾਰੇ ਜ਼ਬਾਨੀ ਪਰੰਪਰਾ ਹੈ ਜਿਸ ਤੋਂ ਸਾਨੂੰ ਲਿਖਾਰੀਆਂ ਦੇ ਸਮੇਂ ਗੁਰੂ ਤੇਗ਼ ਬਹਾਦਰ ਦੇ ਸਮਕਾਲੀ ਚਿੰਨ੍ਹ ਦਾ ਪਤਾ ਲਗਦਾ ਹੈ ਪਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਉਹਨਾਂ ਦੀ ਗੁਰੂ ਤੇਗ਼ ਬਹਾਦਰ ਬਾਰੇ ਜਾਣਕਾਰੀ ਅਸਲੀ ਅਤੇ ਸਹੀ ਹੈ। ਉਹਨਾਂ ਦਾ ਸਿੱਖ ਪਰੰਪਰਾ ਨਾਲ ਦੂਰ ਦਾ ਵਾਸਤਾ ਵੀ ਨਹੀਂ ਅਤੇ ਉਹ ਇਸ ਨੂੰ ਠੀਕ ਤਰ੍ਹਾਂ ਨਹੀਂ ਸਮਝਦੇ ਜਾਂ ਇਹ ਕਿ ਇਹ ਪਰੰਪਰਾ ਉਹਨਾਂ ਤਕ ਸਹੀ ਸ਼ਕਲ ਵਿਚ ਨਹੀਂ ਪਹੁੰਚੀ। ਇਤਿਹਾਸਕਾਰਾਂ ਦੇ ਫਾਰਸੀ ਤਾਰੀਖਦਾਨੀ ਦੇ ਵਕਾਰ ਨੂੰ ਇਸ ਗੱਲ ਵਿਚ ਨਹੀਂ ਬਦਲ ਦੇਣਾ ਚਾਹੀਦਾ ਕਿ ਫਾਰਸੀ ਲਿਖਾਰੀ ਪ੍ਰਮਾਣਿਕ ਹਨ ਅਤੇ ਉਹਨਾਂ ਨੇ ਜ਼ਰੂਰ ਹੀ ਸਿੱਖਾਂ ਬਾਰੇ ਕੁਝ ਗੱਲ ਕਹਿਣੀ ਹੈ ਜਾਂ ਉਹ ਕੋਈ ਗੱਲ ਕਹਿਣ ਦੇ ਯੋਗ ਹਨ। ਵੇਖਣ ਵਾਲੀ ਗੱਲ ਤਾਂ ਇਹ ਹੈ ਸਮਾਜ ਦੀ ਟੱਕਰ ਵਿਚ ਦਮਨ-ਪੀੜਤ ਸ਼ਰੇਣੀਆਂ ਨੂੰ ਤਾਂ ਆਪਣੇ ਦੁਖ-ਭਰੇ ਇਤਿਹਾਸ ਦੀ ਕੋਈ ਠੀਕ ਠਾਕ ਯਾਦ ਰਹਿ ਜਾਂਦੀ ਹੈ ਪਰ ਉਪਰਲੇ ਹੁਕਮਰਾਨ ਜਾਬਰ ਨੂੰ ਮਜਲੂਮਾਂ ਦੀ ਪਰੰਪਰਾ ਨੂੰ ਸਮਝਣ ਜਾਂ ਸੰਭਾਲਣ ਦੀ ਕੋਈ ਲੋੜ ਨਹੀਂ ਹੁੰਦੀ। ਜੇ ਅਸੀਂ ਗੁਰੂ ਤੇਗ਼ ਬਹਾਦਰ ਦੇ ਜੀਵਨ ਬਾਰੇ ਕੋਈ ਹੋਰ ਖੋਜ ਕਰਨੀ ਹੈ ਤਾਂ ਅਸੀਂ ਬੜੇ ਭਰੋਸੇ ਨਾਲ ਫਾਰਸੀ ਲਿਖਾਰੀਆਂ ਨੂੰ ਨਜ਼ਰ-ਅੰਦਾਜ਼ ਕਰ ਸਕਦੇ ਹਾਂ ਅਤੇ ਲੋੜ ਕੇਵਲ ਗੁਰਮੁਖੀ ਸਰੋਤਾਂ ਨੂੰ ਹੀ ਲੱਭਣ ਪਰਖਣ ਦੀ ਹੈ।

●

## ਕਲਚਰਲ ਇਨਕਲਾਬ ਦੀ ਲੋੜ

ਇਸ ਵਿਸ਼ੇ ਤੇ ਲਿਖੇ ਪ੍ਰੋ: ਕਿਸ਼ਨ ਸਿੰਘ **ਦੇ** ਬਾਰਾਂ ਲੇਖਾਂ ਦੀ ਲੜੀ ਪੜ੍ਹਣ ਲਈ **ਸੇਧ** 1974 ਦੀ ਜਿਲਦ-ਬੱਝੀ ਫਾਈਲ ਤੁਹਾਨੂੰ ਮਿਲ ਸਕਦੀ ਹੈ।

ਏਸੇ ਫ਼ਾਈਲ ਵਿਚ ਪੰਜਾਬੀ ਜ਼ਬਾਨ ਦੀ ਸਮਸਿਆ ਅਤੇ ਸਟ੍ਰਕਚਰਲਿਜ਼ਮ ਬਾਰੇ ਡਾ: ਹਰਜੀਤ ਸਿੰਘ ਗਿੱਲ ਦੇ ਸੂਝ ਸਿਆਣਪ ਵਾਲੇ ਇੰਟਰਵੀਊ, ਡਾ: ਰਵਿੰਦਰ ਰਵੀ ਦੇ ਰੋਲਾਂ ਬਾਰਤ ਅਤੇ ਪੰਜਾਬੀ ਆਲੋਚਨਾ ਬਾਰੇ ਲੇਖ ਅਤੇ ਕੋਸ਼ਕਾਰੀ ਸਬੰਧੀ ਕੁਝ ਹੋਰ ਲੇਖ ਵੀ ਹਨ।

ਇਹ ਫ਼ਾਈਲ ਤੁਸੀਂ ਪੰਦਰਾਂ ਰੁਪੈ ਮਨੀ ਆਰਡਰ ਰਾਹੀਂ ਭੇਜ ਕੇ ਮੰਗਵਾ ਸਕਦੇ ਹੋ।

ੴ

### ਸਾਹਿਤ ਦੀ ਸਮਝ

ਲੇਖਕ : ਪ੍ਰੋ: ਕਿਸ਼ਨ ਸਿੰਘ

ਕੀਮਤ : ਸਾਧਾਰਨ ਐਡੀਸ਼ਨ : 10 ਰੁਪੈ, ਡੀਲਕਸ ਐਡੀਸ਼ਨ : 15 ਰੁਪੈ। ਵਿਦਿਆਰਥੀ 7.50 ਰੁਪੈ ਮਨੀਆਰਡਰ ਰਾਹੀਂ ਭੇਜ ਕੇ ਇਹ ਪੁਸਤਕ ਪ੍ਰਾਪਤ ਕਰ ਸਕਦੇ ਹਨ। ਡਾਕ ਖ਼ਰਚ ਸਾਡਾ ਹੋਵੇਗਾ।



**ਡਾ: ਫ਼ੌਜਾ ਸਿੰਘ**

# ਧਰਮ ਹੇਤ ਸਾਕਾ ਜਿਨਿ ਕੀਆ

ਭਾਰਤੀ ਸਮਾਜ ਬਾਰੇ ਇਕ ਆਮ ਖ਼ਿਆਲ ਇਹ ਰਿਹਾ ਹੈ ਕਿ ਆਧੁਨਿਕ ਯੁਗ ਦੇ ਆਰੰਭ ਤੋਂ ਪਹਿਲਾਂ ਇਸ ਵਿਚ ਕੋਈ ਗਤੀਸ਼ੀਲਤਾ ਨਹੀਂ ਸੀ। ਛੋਟੇ ਮੋਟੇ ਪਰਿਵਰਤਣ ਤਾਂ ਕਦੀ ਕਦਾਈਂ ਜ਼ਰੂਰ ਆ ਜਾਂਦੇ ਸਨ ਪਰ ਇਨ੍ਹਾਂ ਦਾ ਸਮੁੱਚਾ ਪ੍ਰਭਾਵ ਕੁਝ ਚਿਰ ਰਹਿ ਕੇ ਹੀ ਅਲੋਪ ਹੋ ਜਾਂਦਾ ਸੀ। ਅਜੋਕੇ ਸਮਾਜ ਵਿਗਿਆਨੀਆਂ ਦੀਆਂ ਖੋਜਾਂ ਨੇ ਪਰ ਇਸ ਵਿਚਾਰ ਨੂੰ ਨਿਰਾਧਾਰ ਸਿਧ ਕਰ ਦਿਤਾ ਹੈ ਅਤੇ ਹੁਣ ਇਹ ਸਪਸ਼ਟ ਹੋ ਗਿਆ ਹੈ, ਘਟੋ ਘੱਟ ਚੰਗੇ ਵਿਚਾਰਵਾਨਾਂ ਦੇ ਹਲਕਿਆਂ ਵਿਚ, ਕਿ ਸਾਡਾ ਸਮਾਜ ਵੀ ਸੰਸਾਰ ਦੇ ਦੂਜੇ ਉਘੇ ਸਮਾਜਾਂ ਵਾਂਗ ਸਮੇਂ ਦੇ ਵੇਗ ਨਾਲ ਆਪਣੀ ਗਤੀਸ਼ੀਲਤਾ ਪ੍ਰਗਟਾਉਂਦਾ ਆਇਆ ਹੈ। ਇਸ ਸਿਲਸਿਲੇ ਵਿਚ ਜਿਨ੍ਹਾਂ ਤੱਥਾਂ ਨੇ ਮਹੱਤਵਪੂਰਨ ਰੋਲ ਅਦਾ ਕੀਤਾ ਹੈ ਤੇ ਭਾਰਤੀ ਸਮਾਜ ਨੂੰ ਜੁੰਬਸ਼ ਦੇ ਕੇ ਸੇਧ ਦਰਸਾਈ ਹੈ, ਉਨ੍ਹਾਂ ਵਿਚ ਧਰਮ ਦੇ ਸਿਧਾਂਤ ਦਾ ਅਸਥਾਨ ਬਹੁਤ ਉਚਾ ਹੈ। ਜੇ ਕਿਹਾ ਜਾਏ ਕਿ **ਸਾਡੇ ਦੇਸ਼ ਦੇ ਇਤਿਹਾਸ ਵਿਚ ਸਮਾਜਕ ਪਰਿਵਰਤਣ ਆਮ ਤੌਰ ਤੇ ਧਰਮ ਦੇ ਧੁਰੇ ਦਆਲੇ ਘੰਮਦਾ ਰਿਹਾ ਹੈ,** ਤਾਂ ਇਸ ਵਿਚ ਕੋਈ ਅਤਕਥਨੀ ਵਾਲੀ ਗੱਲ ਨਹੀਂ ਹੋਵੇਗੀ।

ਧਰਮ ਕਈ ਪ੍ਰਕਾਰ ਦਾ ਹੁੰਦਾ ਹੈ। ਆਮ ਲੋਕਾਂ ਦਾ ਧਰਮ ਲੋਕ-ਧਰਮ ਅਖਵਾਂਦਾ ਹੈ ਅਤੇ ਇਸ ਵਿਚ ਅੰਧਵਿਸ਼ਵਾਸ ਦਾ ਬੋਲ ਬਾਲਾ ਹੁੰਦਾ ਹੈ। ਸਿਧ ਪੱਧਰੇ ਸਾਧਾਰਨ ਸਮਝ ਵਾਲੇ ਲੋਕ ਦਿਮਾਗੀ ਉਡਾਰੀਆਂ ਨਹੀਂ ਲਾ ਸਕਦੇ ਤੇ ਨਾ ਹੀ ਗਿਆਨ ਦੀਆਂ ਗੁੰਝਲਾਂ ਖੋਲ੍ਹ ਸਕਦੇ ਹਨ। ਇਨ੍ਹਾਂ ਦੇ ਮੁਕਾਬਲੇ ਵਿਚ ਦੂਜਾ ਧਰਮ ਉੱਚੀ ਪੱਧਰ ਦਾ ਹੁੰਦਾ ਹੈ ਤੇ ਉਸ ਵਿਚ ਪ੍ਰਮਾਤਮਾ ਦੇ ਗਿਆਨ ਸਬੰਧੀ ਗੰਭੀਰ ਸਿਧਾਂਤਾਂ ਦੀ ਚਰਚਾ ਹੁੰਦੀ ਹੈ। ਅਜੇਹੇ ਧਰਮ ਨੂੰ ਮੰਨਣ ਵਾਲੇ ਗਿਣਤੀ ਵਿਚ ਬਹੁਤ ਥੋੜੇ ਮਨੁੱਖ ਹੁੰਦੇ ਹਨ ਕਿਉਂਕਿ ਅਜੇਹੇ ਸਿਧਾਂਤਾਂ ਨੂੰ ਸਮਝਣ ਲਈ ਤੀਬਰ ਤੇ ਲਤੀਫ਼ ਅਕਲ ਦੀ ਲੋੜ ਹੁੰਦੀ ਹੈ ਜੋ ਕੇਵਲ ਕੁਝ ਚੰਗੇ ਪੜ੍ਹੇ ਲਿਖੇ ਵਿਅਕਤੀਆਂ ਵਿਚ ਹੀ ਮੌਜੂਦ ਹੁੰਦੀ ਹੈ। ਇਕ ਹੋਰ ਪੱਖੋਂ ਵੀ ਧਰਮ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਜੋ ਧਰਮ ਤੰਗ ਦ੍ਰਿਸ਼ਟੀਕੋਣ ਵਾਲਾ ਹੈ, ਜਿਸ ਦਾ ਉਦੇਸ਼ ਕੇਵਲ ਮਨ ਦੀਆਂ ਮੰਗਾਂ ਪੂਰਾ ਕਰਨਾ, ਰਿਧੀਆਂ ਸਿਧੀਆਂ ਹਾਸਿਲ ਕਰਨਾ, ਨਿਜੀ ਸਵਾਰਥ ਦੀ ਪੂਰਤੀ ਕਰਨਾ, ਕਿਸੇ ਇਕ ਸਮਾਜਕ ਟੁਕੜੀ ਦੇ ਹਿੱਤਾਂ ਦੀ ਰਖਿਆ ਕਰਨਾ ਆਦਿ ਹੈ, ਉਹ ਸੌੜਾ ਧਰਮ ਹੈ, ਕਲਿਆਣਕਾਰੀ ਜਾਂ ਮਾਨਵੀ ਧਰਮ ਨਹੀਂ। ਇਸ ਦੇ ਟਾਕਰੇ ਵਿਚ ਜੋ ਧਰਮ ਸਮੁਚੇ ਸਮਾਜ ਦੀ ਕਦਰ ਕਰਦਾ ਹੈ, ਸਮੁਚੀ ਮਨੁੱਖਤਾ ਦੇ ਹੱਕਾਂ ਦਾ ਹੋਕਾ ਦੇਂਦਾ ਹੈ, ਲਤਾੜੇ ਤੇ ਮਜ਼ਲੂਮ ਲੋਕਾਂ ਨੂੰ ਉਤਾਂਹ ਚੁਕਣ ਦਾ ਸਿਧਾਂਤ ਦੇਂਦਾ ਹੈ, ਉਹ ਵਿਸ਼ਾਲ, ਅਸਲੀ, ਸਚਾ, ਸੁਚਾ ਤੇ ਮਾਨਵੀ ਧਰਮ ਹੈ। **ਇਨ੍ਹਾਂ ਦੋਹਾਂ, ਤੰਗ ਤੇ ਵਿਸ਼ਾਲ, ਧਰਮਾਂ ਦਾ ਸੰਘਰਸ਼ ਸਾਡੇ ਮੁਲਕ ਵਿਚ ਸ਼ੁਰੂ ਤੋਂ ਚਲਿਆ ਆਇਆ ਹੈ ਅਤੇ ਇਸੇ ਸੰਘਰਸ਼ ਨਾਲ ਲਿਪਟਿਆ ਪਿਆ ਹੈ ਸਾਡਾ ਸਾਰਾ ਸਮਾਜਕ ਵਿਕਾਸ।**

ਜਦੋਂ ਆਰੀਆ ਲੋਕ ਭਾਰਤ ਵਿਚ ਆ ਕੇ ਵਸੇ ਤੇ ਵੇਦਾਂ ਦੀ ਰਚਨਾ ਆਰੰਭ ਹੋਈ, ਤਾਂ ਧਰਮ ਦੇ ਮੁਖ ਅੰਗ ਦੇਵੀ ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਹਵਨ ਯੱਗ ਕਰਨਾ ਤੇ ਪਸ਼ੂਆਂ ਦੀ ਕੁਰਬਾਨੀ ਦੇਣਾ ਸਨ। ਅਤੇ ਇਸ ਸਾਰੇ ਕੰਮ ਦੇ ਪਿਛੇ ਉਨ੍ਹਾਂ ਦੀ ਮੁਖ ਭਾਵਨਾ ਇਹ ਹੁੰਦੀ ਸੀ ਕਿ ਦੇਵਤੇ ਪ੍ਰਸੰਨ ਹੋ ਕੇ ਭੀੜ ਵੇਲੇ ਉਨ੍ਹਾਂ ਦੀ ਸਹਾਇਤਾ ਕਰਨ ਅਤੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ। ਜਿਨ੍ਹਾਂ ਆਦਮੀਆਂ ਦੀ ਮਦਦ ਨਾਲ ਇਹ ਯੱਗ ਕੀਤੇ ਜਾਂਦੇ ਸਨ ਤੇ ਬਲੀਆਂ ਦਿਤੀਆਂ ਜਾਂਦੀਆਂ ਸਨ, ਉਹ ਹੌਲੀ ਹੌਲੀ ਸੁਦ੍ਰਿੜ ਹੋ ਕੇ ਪਕੇ ਪੁਜਾਰੀ ਬਣ ਗਏ ਜ਼ਿਨ੍ਹਾਂ ਦਾ ਨਾਂ ਮਗਰੋਂ ਬ੍ਰਾਹਮਣ ਪਿਆ। ਸਪੱਸ਼ਟ ਹੀ, ਇਸ ਧਰਮ ਦਾ ਘੇਰਾ ਕੁਝ ਧਾਰਮਕ ਰੀਤਾਂ ਰਸਮਾਂ ਤਕ ਹੀ ਸੀਮਤ ਸੀ ਅਤੇ ਇਸ ਦਾ ਨੈਤਕਤਾ ਜਾਂ ਸਮਾਜਕ ਸਬੰਧਾਂ ਨਾਲ ਕੋਈ ਸਿੱਧਾ ਰਿਸ਼ਤਾ ਨਹੀਂ ਸੀ। ਜਿਉਂ ਜਿਉਂ ਪੁਜਾਰੀ ਵਰਗ ਦੇ ਪੈਰ ਜੰਮਦੇ ਗਏ, ਇਸ ਧਰਮ ਦਾ ਘੇਰਾ ਹੋਰ ਵੀ ਸੀਮਤ ਹੁੰਦਾ ਗਿਆ। ਉਪਨਿਸ਼ਦਾਂ ਦੇ ਸਿਧਾਂਤ ਵੈਦਕ ਧਰਮ ਦੇ ਵਿਰੁਧ ਪ੍ਰਤੀਕਰਮ ਦੀ ਹੀ ਉਪਜ ਸੀ। ਉਪਨਿਸ਼ਦਾਂ ਦੇ ਰਿਸ਼ੀਆਂ ਨੂੰ ਉਹ ਸੌੜਾ ਸ਼ਿਕੰਜਾ ਚੁਬ੍ਹਦਾ ਸੀ ਜਿਸ ਵਿਚ ਬ੍ਰਾਹਮਣ ਨੇ ਧਰਮ ਨੂੰ ਨਪੀੜਿਆ ਹੋਇਆ ਸੀ। ਇਹਨਾਂ ਰਿਸੀਆਂ ਮੁਨੀਆਂ ਨੇ ਆਤਮਾ, ਬ੍ਰਹਮ ਤੇ ਬ੍ਰਹਮ ਗਿਆਨ ਦੀ ਵਿਆਖਿਆ ਕੀਤੀ ਤੇ ਮਨੁਖ ਜਨਮ ਦੇ ਕਲਿਆਣ ਲਈ ਪਰਮਾਰਥਕ ਗਿਆਨ ਦੀ ਪ੍ਰਾਪਤੀ 'ਤੇ ਜ਼ੋਰ ਦਿਤਾ। ਭਾਵੇਂ ਉਪਨਿਸ਼ਦਾਂ ਵਿਚ ਮਨੁੱਖ ਦੇ ਚੰਗੇ ਅਮਲਾਂ ਤੇ ਵੀ ਚੋਖਾ ਜ਼ੋਰ ਦਿਤਾ ਗਿਆ, ਪਰੰਤੂ ਗਿਆਨ ਦੇ ਪੱਖ ਨੇ ਇਸ ਅਮਲੀ ਪੱਖ ਨੂੰ ਇੰਨਾ ਦਬਾਈ ਰਖਿਆ ਕਿ ਉਹ ਬੇਜਾਨ ਜਿਹਾ ਹੋ ਕੇ ਰਹਿ ਗਿਆ। ਗਿਆਨ ਪੱਖ ਦੀ ਪਰਬਲਤਾ ਨੇ ਪਿਛੋਂ ਜਾ ਕੇ ਭਾਰਤੀ ਫ਼ਿਲਾਸਫ਼ੀ ਦੇ ਛੇ ਸਕੂਲਾਂ ਨੂੰ ਜਨਮ ਦਿਤਾ ਜਿਨ੍ਹਾਂ ਨੂੰ ਛੇ ਦਰਸ਼ਨ ਦੇ ਨਾਉਂ ਨਾਲ ਸਦਿਆ ਜਾਂਦਾ ਹੈ।

ਬੁਧ ਧਰਮ ਤੇ ਜੈਨ ਧਰਮ ਪਹਿਲੇ ਭਾਰਤੀ ਧਰਮ ਸਨ ਜਿਨ੍ਹਾਂ ਨੇ ਨੈਤਕਤਾ ਨੂੰ ਕੇਂਦਰੀ ਸਥਾਨ ਦੇ ਕੇ ਧਰਮ ਨੂੰ ਕਰਮ ਕਾਂਡ ਤੇ ਗਿਆਨ ਕਾਂਡ ਦੇ ਸੌੜੇ ਸ਼ਿਕੰਜਿਆਂ ਵਿਚੋਂ ਕਢ ਕੇ ਵਿਸ਼ਾਲਤਾ ਦਿਤੀ ਤੇ ਲੁਕਾਈ ਦੇ ਜੀਵਨ ਦੇ ਨੇੜੇ ਲਿਆਂਦਾ। ਪਰ ਦੋਹਾਂ ਮਤਾਂ ਵਿਚ ਇਕ ਵਿਸ਼ੇਸ਼ ਗੱਲ ਇਹ ਕੀਤੀ ਗਈ ਕਿ ਲੋਕਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ। ਪਹਿਲੇ ਵਰਗ ਵਿਚ, ਜੋ ਵਡੇਰਾ ਵਰਗ ਵੀ ਸੀ, ਆਮ ਜਨਤਾ ਸ਼ਾਮਿਲ ਸੀ। ਇਨ੍ਹਾਂ ਨੂੰ ਸੰਸਾਰੀ ਜੀਵਨ ਗੁਜ਼ਾਰਦਿਆਂ ਹੋਇਆਂ ਨੈਤਕਤਾ 'ਤੇ ਚਲਣ ਦਾ ਉਪਦੇਸ਼ ਦਿਤਾ ਗਿਆ, ਅਤੇ ਦੂਜੇ ਵਰਗ ਵਿਚ ਉਹ ਆਦਮੀ ਸਨ ਜੋ ਸੰਸਾਰ ਨੂੰ ਤਿਆਗ ਕੇ ਆਦਰਸ਼ਕ ਜੀਵਨ ਬਿਤਾਉਂਦੇ ਸਨ। ਬੁਧ ਧਰਮ ਵਿਚ ਇਨ੍ਹਾਂ ਨੂੰ ਭਿਕਸ਼ੂ ਭਿਕਸ਼ਨੀਆਂ ਕਿਹਾ ਜਾਂਦਾ ਸੀ ਤੇ ਜੈਨ ਮੱਤ ਵਿਚ ਦਿਗੰਬਰ। ਇਹ ਦੋਵੇਂ ਆਮ ਜਨਤਾ ਵਿਚ ਵਿਚਰ ਕੇ ਧਰਮ ਪਰਚਾਰ ਕਰਦੇ ਸਨ। ਉਨ੍ਹਾਂ ਦੇ ਜਤਨਾਂ ਨੂੰ ਚੋਖੀ ਸਫਲਤਾ ਪ੍ਰਾਪਤ ਹੋਈ ਤੇ ਖਾਸ ਕਰਕੇ ਬੁਧ ਧਰਮ ਨੂੰ ਜੋ ਸਾਰੇ ਭਾਰਤ ਤੇ ਹੋਰ ਕਈ ਦੇਸ਼ਾਂ ਵਿਚ ਫੈਲ ਗਿਆ। ਪਰ ਇਕ ਮੁਢਲੀ ਗੱਲ ਜਿਸ ਤੇ ਇਹ ਦੋਵੇਂ ਧਰਮ ਸਹਿਮਤ ਸਨ ਉਹ ਇਹ ਸੀ ਕਿ ਸੰਸਾਰ ਨੂੰ ਤਿਆਗਣ ਤੋਂ ਬਿਨਾਂ ਆਦਰਸ਼ਕ ਜੀਵਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬੁਧ ਧਰਮ ਵਿਚ ਸਭ ਕੁਝ ਛਡ ਛਡਾ ਕੇ ਭਿਕਸ਼ੂ ਬਣਨਾ ਜ਼ਰੂਰੀ ਸੀ ਅਤੇ ਜੈਨ ਧਰਮ ਵਿਚ ਦਿਗੰਬਰ। ਆਮ ਲੋਕ ਜੋ ਗ੍ਰਹਸਤੀ ਜੀਵਨ ਵਾਲੇ ਸਨ, ਕੇਵਲ ਕੁਝ ਹੱਦ ਤਕ ਹੀ ਇਸ ਪਾਸੇ ਵਲ ਵਧ ਸਕਦੇ ਸਨ।

ਸਾਮਣ ਧਰਮਾਂ ਅਰਥਾਤ ਬੁਧ ਮਤ ਤੇ ਜੈਨ ਮਤ ਨੇ ਆਰੀਆਂ ਦੇ ਵੈਦਕ ਧਰਮ ਤੇ ਉਪਨਿਸ਼ਦ ਧਰਮ 'ਤੇ ਡੂੰਘਾ ਪ੍ਰਭਾਵ ਪਾਇਆ ਅਤੇ ਦੋਹਾਂ ਦੇ ਇਸ ਮਿਸ਼ਰਣ ਵਿਚੋਂ ਇਕ ਨਵੀਂ ਧਾਰਮਕ ਪ੍ਰਣਾਲੀ ਨਿਕਲੀ ਜੋ ਭਾਗਵਤ ਗੀਤਾ ਦੇ ਸਿਧਾਂਤ ਵਿਚ ਪ੍ਰਗਟ ਹੋਈ। ਇਸ ਨਵੀਂ ਪ੍ਰਣਾਲੀ ਦੇ



ਮੁਢ ਵਿਚ ਦੋ ਧਾਰਾਵਾਂ ਸਨ...(1) ਵਰਣ ਵੰਡ (2) ਆਸ਼੍ਰਮ ਵੰਡ। ਪਹਿਲੀ ਵੰਡ ਅਨੁਸਾਰ ਲੋਕਾਂ ਨੂੰ ਚਾਰ ਸ਼੍ਰੇਣੀਆਂ ਵਿਚ ਤਕਸੀਮ ਕਰਕੇ ਹਰ ਸ਼੍ਰੇਣੀ ਜਾਂ ਵਰਣ ਦਾ ਵੱਖ ਵੱਖ ਕਰਤਵ ਮਿਥਿਆ ਗਿਆ ਜੋ ਉਸ ਦਾ ਵਿਸ਼ੇਸ ਧਰਮ ਕਹਿਲਾਇਆ। ਇਸ ਤਰ੍ਹਾਂ ਨਾਲ ਧਰਮ ਨੂੰ ਜ਼ਾਤ-ਪਾਤ ਦੇ ਬੰਧਨਾਂ ਵਿਚ ਬੰਨ੍ਹ ਦਿਤਾ ਗਿਆ। ਆਸ਼੍ਰਮ ਵੰਡ ਪਹਿਲੇ ਤਿੰਨਾਂ ਵਰਣਾਂ ਦੇ ਅੰਦਰ ਹਰ ਵਿਅਕਤੀ ਦੀ ਅਗਲੇਰੀ ਵੰਡ ਸੀ ਜਿਸ ਦੇ ਮੁਤਾਬਕ ਉਸ ਦੀ ਉਮਰ ਦੇ ਚਾਰ ਭਾਗ ਬਣਾਏ ਗਏ। ਇਸ ਵੰਡ ਵਿਚ ਵਿਦਿਆ ਤੇ ਗ੍ਰਹਸਤ ਉਤੇ ਤਾਂ ਜ਼ਰੂਰ ਜ਼ੋਰ ਦਿਤਾ ਗਿਆ ਪਰ ਨਾਲ ਹੀ ਇਹ ਗੱਲ ਵੀ ਪ੍ਰਵਾਨ ਕੀਤੀ ਗਈ ਕਿ ਕਲਿਆਣ ਗ੍ਰਹਸਤੀ ਜੀਵਨ ਵਿਚ ਰਹਿ ਕੇ ਤੇ ਸੰਸਾਰ ਦੇ ਕੰਮ ਕਾਜ ਕਰਦਿਆਂ ਪ੍ਰਾਪਤ ਨਹੀਂ ਹੋ ਸਕਦਾ। ਇਸ ਉਦੇਸ਼ ਲਈ ਘਰ ਬਾਰ ਛੋੜ ਕੇ ਬਨਬਾਸ ਤੇ ਸਨਿਆਸ ਆਸ਼੍ਰਮਾਂ ਦਾ ਇਕ ਦੂਸਰੇ ਮਗਰੋਂ ਧਾਰਨ ਕਰਨਾ ਜ਼ਰੂਰੀ ਮੰਨਿਆ ਗਿਆ। ਇਸ ਦੇ ਸਿੱਟੇ ਵਜੋਂ ਦੋ ਗੱਲਾਂ ਉਭਰ ਕੇ ਅਗੇ ਆਈਆਂ। ਇਕ, ਧਰਮ ਦਾ ਘੇਰਾ ਹੋਰ ਸੁੰਗੜ ਗਿਆ। ਇਹ ਮਾਨਵ ਧਰਮ ਨਾ ਰਹਿ ਕੇ ਵਰਣ ਆਸ਼੍ਰਮ ਧਰਮ ਬਣ ਗਿਆ ਅਤੇ ਅਗੋਂ ਬ੍ਰਾਹਮਣਾਂ, ਕਸ਼ੱਤਰੀਆਂ ਤੇ ਵੈਸ਼ਾਂ ਦੇ ਵੱਖ ਵੱਖ ਧਰਮਾਂ ਵਿਚ ਵੰਡਿਆ ਗਿਆ। ਦੂਜਾ, ਸਮਾਜੀ ਜ਼ਿੰਦਗੀ ਮਨੁਖੀ ਕਲਿਆਣ ਦੇ ਰਾਹ ਵਿਚ ਇਕ ਵੱਡੀ ਔਕੜ ਬਣ ਗਈ ਜਿਸ ਦਾ ਹਲ ਕੇਵਲ ਇਹੋ ਸੀ ਕਿ ਇਸ ਨੂੰ ਪੂਰਨ ਤੌਰ ਤੇ ਤਿਆਗ ਕੇ ਸਨਿਆਸ ਧਾਰਨ ਕੀਤਾ ਜਾਵੇ।

ਸਮਾਜ ਦੀਆਂ ਇਨ੍ਹਾਂ ਵੰਡਾਂ ਨੂੰ ਬ੍ਰਾਹਮਣ ਵਰਗ ਨੇ ਹੋਰ ਪੱਕਿਆਂ ਕਰ ਦਿਤਾ। ਉਨ੍ਹਾਂ ਦੇ ਆਰਥਕ ਤੇ ਸਮਾਜਕ ਹਿੱਤ ਮੰਗ ਕਰਦੇ ਸਨ ਕਿ ਇਸ ਪ੍ਰਕਾਰ ਦੀਆਂ ਸਮਾਜਕ ਵੰਡਾਂ ਪੱਕੇ ਪੈਰਾਂ ਤੇ ਕਾਇਮ ਰਹਿਣ। ਰਾਜਿਆਂ ਤੇ ਹੋਰ ਲੋਕਾਂ ਨੇ ਜਿਨ੍ਹਾਂ ਦੇ ਹੱਥ ਵਿਚ ਰਾਜਸੀ ਤਾਕਤ ਸੀ, ਬ੍ਰਾਹਮਣਾਂ ਦੀ ਇਸ ਕੰਮ ਵਿਚ ਪੂਰੀ ਪੂਰੀ ਮਦਦ ਕੀਤੀ। ਉਸ ਸਮੇਂ ਹਿੰਦੂ ਰਾਜਤੰਤਰ ਦਾ ਮੁਖ ਉਦੇਸ਼ ਹੀ ਬ੍ਰਾਹਮਣ ਤੇ ਗਊ ਦੀ ਰਖਿਆ ਸੀ। ਇਸ ਲਈ ਕੋਈ ਅਚੰਭੇ ਦੀ ਗੱਲ ਨਹੀਂ ਕਿ ਕਈ ਸਦੀਆਂ ਤਕ ਇਹ ਸਿਲਸਿਲਾ ਇਸੇ ਤਰ੍ਹਾਂ ਚਲਦਾ ਰਿਹਾ। ਜਦੋਂ ਸਿੱਧਾਂ, ਨਾਥਾਂ ਤੇ ਜੋਗੀਆਂ ਦੀਆਂ ਸੰਪਰਦਾਵਾਂ ਨੇ ਜ਼ੋਰ ਪਕੜਿਆ ਤਾਂ ਜ਼ਾਤ ਪਾਤ ਦੀ ਵੰਡ ਨੂੰ ਵੰਗਾਰਿਆ ਗਿਆ ਜੋ ਬ੍ਰਾਹਮਣੀ ਮਤ ਦਾ ਆਧਾਰ ਸੀ। ਇਸ ਨਵੀਂ ਵੰਗਾਰ ਦੇ ਪਿਛੇ ਵਿਸ਼ਾਲ ਜਾਂ ਚੌੜੇ ਧਰਮ ਦੀ ਭਾਵਨਾ ਕੰਮ ਕਰ ਰਹੀ ਸੀ। ਪਰੰਤੂ ਤੰਗ ਬ੍ਰਾਹਮਣੀ ਧਰਮ ਦੇ ਵਿਰੁਧ ਇਹ ਵਿਦ੍ਰੋਹ ਬਹੁਤੀ ਸਫਲਤਾ ਪ੍ਰਾਪਤ ਨਾ ਕਰ ਸਕਿਆ ਕਿਉਂਕਿ ਇਹ ਸਿਧ, ਨਾਥ ਤੇ ਜੋਗੀ ਛੇਤੀ ਹੀ ਆਪ ਤੰਗ ਦ੍ਰਿਸ਼ਟੀਕੋਣ ਦਾ ਸ਼ਿਕਾਰ ਹੋ ਗਏ। ਇਨ੍ਹਾਂ ਨੇ ਸਮਾਜ ਨੂੰ ਤਿਆਗ ਕੇ ਪਹਾੜਾਂ ਦੀਆਂ ਕੰਦਰਾਂ ਵਿਚ ਬਸੇਰਾ ਕਰ ਲਿਆ ਤੇ ਫਜ਼ੂਲ ਰਿਧੀਆਂ ਸਿਧੀਆਂ ਦੀ ਭਾਲ ਵਿਚ ਆਪਣੇ ਕੀਮਤੀ ਜੀਵਨ ਨੂੰ ਬਰਬਾਦ ਕਰਨ ਲਗ ਪਏ।

ਸਿਖ ਧਰਮ ਦੇ ਬਾਨੀ, **ਗੁਰੂ ਨਾਨਕ ਦੇਵ ਜੀ** ਨੂੰ ਇਸ ਕਿਸਮ ਦੀ ਜਟਲ ਸਮੱਸਿਆ ਦਾ ਟਾਕਰਾ ਕਰਨਾ ਪਿਆ। ਧਰਮ ਤੇ ਜੀਵਨ ਦੋ ਅੱਡ ਅੱਡ ਚੀਜ਼ਾਂ ਬਣ ਗਈਆਂ ਸਨ ਅਤੇ ਇਨ੍ਹਾਂ ਦਾ ਇਕ ਦੂਜੇ ਨਾਲ ਬਹੁਤ ਦੂਰ ਦਾ ਹੀ ਸੰਬੰਧ ਸੀ। ਜੋਗੀ ਲੋਕ ਘਰ ਘਾਟ ਤਿਆਗ ਕੇ, ਬੇਕਾਰ ਸਾਧੂਆਂ ਦੇ ਟੋਲਿਆਂ ਵਿਚ ਸ਼ਾਮਿਲ ਹੋਣਾ, ਕੰਨ ਪੜਵਾ ਕੇ ਮੁੰਦਰਾਂ ਪਾਉਣਾ, ਜਿਸਮ ਤੇ ਸਵਾਹ ਮਲਣਾ, ਧੂਣੀ ਰਮਾਉਣ: ਆਦਿ ਹੀ ਧਰਮ ਸਮਝੀ ਬੈਠੇ ਸਨ। ਸਿਧ ਵਸੋਂ ਤੋਂ ਦੂਰ ਦੁਰਾਡੇ ਪਹਾੜਾਂ ਦੀਆਂ ਸਿਖਰਾਂ ਤੇ ਜਾਂ ਕੰਦਰਾਂ ਵਿਚ ਡੇਰੇ ਜਮਾਈ ਬੈਠੇ ਸਨ। ਉਨ੍ਹਾਂ ਦਾ ਸਾਰਾ ਸਮਾਂ ਵਿਹਲੜਾਂ ਵਾਂਗ ਰਿਧੀਆਂ ਸਿਧੀਆਂ ਦੀ ਵਿਅਰਥ ਤਲਾਸ਼ ਵਿਚ ਲੰਘਦਾ ਸੀ। ਬ੍ਰਾਹਮਣ ਸੰਸਾਰ

ਦਾ ਤਿਆਗੀ ਤਾਂ ਨਹੀਂ ਸੀ ਪਰ ਉਸ ਦਾ ਧਰਮ ਤੋਂ ਭਾਵ ਕੇਵਲ ਵੇਦ ਮੰਤਰਾਂ ਦੇ ਪਾਠ ਨਾਲ ਕੁਝ ਧਾਰਮਕ ਰਸਮਾਂ ਰੀਤਾਂ ਆਦਿ ਕਰਨਾ ਹੀ ਸੀ। ਅਤੇ ਉਸ ਨੇ ਇਨ੍ਹਾਂ ਰਸਮਾਂ ਦਾ ਜਾਲ ਇਸ ਪ੍ਰਕਾਰ ਫ਼ੈਲਾਇਆ ਹੋਇਆ ਸੀ ਕਿ ਜਨ ਸਾਧਾਰਨ ਸਾਰੀ ਉਮਰ ਇਸੇ ਚੱਕਰ ਵਿਚ ਫਸਿਆ ਰਹਿੰਦਾ ਸੀ। ਜ਼ਾਤ ਪਾਤ, ਛੂਤ ਛਾਤ ਤੇ ਸੂਤਕ ਵਰਗੀਆਂ ਤੰਗ-ਖ਼ਿਆਲੀਆਂ ਉਸ ਦੇ ਧਾਰਮਕ ਚਿੰਤਨ ਦਾ ਅਨਿਖੜਵਾਂ ਭਾਗ ਸਨ। ਜਿਸ ਤਰ੍ਹਾਂ ਹਿੰਦੂ ਸਮਾਜ ਵਿਚ ਬ੍ਰਾਹਮਣ ਨੇ ਧਰਮ ਦੇ ਭਾਵ ਅਰਥ ਨੂੰ ਛੁਟਿਆ ਦਿਤਾ ਸੀ, ਇਸੇ ਤਰ੍ਹਾਂ ਮੁਸਲਮਾਨੀ ਸਮਾਜ ਵਿਚ ਮੁਲਾਂ ਕਾਜ਼ੀਆਂ ਨੇ ਧਰਮ ਨੂੰ ਜ਼ਾਹਰਦਾਰੀ ਤੇ ਫਿਰਕਾਦਾਰੀ ਦੀ ਰੰਗਤ ਦਿਤੀ ਹੋਈ ਸੀ।

ਗੁਰੂ ਨਾਨਕ ਦੇਵ ਜੀ ਦੇ ਚਿੰਤਨ ਵਿਚ ਜ਼ਾਹਰਦਾਰੀ ਤੇ ਫਿਰਕਾਦਾਰੀ ਦੋਹਾਂ ਵਾਸਤੇ ਕੋਈ ਥਾਉਂ ਨਹੀਂ ਸੀ। ਜ਼ਾਹਰਦਾਰੀ ਨਿਰਾ ਪਾਖੰਡ ਸੀ ਤੇ ਫਿਰਕਾਦਾਰੀ ਧਰਮ ਦਾ ਇਕ ਬੜਾ ਹੀ ਤੰਗ ਤੇ ਸੌੜਾ ਰੂਪ ਸੀ। ਇਹ ਦੋਵੇਂ ਹੀ ਕੂੜ ਦੇ ਸਾਧਨ ਸਨ ਜਿਨ੍ਹਾਂ ਨੇ ਸੱਚ ਦੇ ਚੰਦਰਮਾਂ ਨੂੰ ਉਦੈ ਹੋਣੋਂ ਰੋਕਿਆ ਹੋਇਆ ਸੀ।

ਗੁਰੂ ਨਾਨਕ ਦੇਵ ਦਾ ਆਪਣਾ ਧਰਮ ਸਿਧਾਂਤ ਪ੍ਰਿਥਵੀ ਜਿੰਨਾ ਹੀ ਵਿਸ਼ਾਲ ਸੀ। ਇਹ ਉਨ੍ਹਾਂ ਦੀ ਬਾਣੀ ਵਿਚੋਂ ਭਲੀ ਭਾਂਤ ਸਪੱਸ਼ਟ ਹੁੰਦਾ ਹੈ। ਉਨ੍ਹਾਂ ਨੇ ਜਪੁਜੀ ਸਾਹਿਬ ਵਿਚ ਲਿਖਿਆ ਹੈ :

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸ ਵਿਚ ਧਰਤੀ ਥਾਪ ਰਖੀ **ਧਰਮਸਾਲ** ॥

ਜਪੁਜੀ ਸਾਹਿਬ ਵਿਚ ਹੀ ਇਕ ਹੋਰ ਥਾਂ ਤੇ ਉਨ੍ਹਾਂ ਲਿਖਿਆ ਹੈ ਕਿ ਜਿਸ ਅਖੌਤੀ ਧੌਲ ਦੇ ਆਸਰੇ ਤੇ ਇਹ ਧਰਤੀ ਖੜੀ ਦਸੀ ਜਾਂਦੀ ਹੈ, ਉਹ ਦਇਆ ਤੇ ਧਰਮ ਦਾ ਪੁੱਤਰ ਹੈ, ਅਰਥਾਤ **ਇਸ ਧਰਤੀ ਦਾ ਆਧਾਰ ਦਇਆ ਤੇ ਧਰਮ ਹਨ, ਨੈਤਕ ਕਦਰਾਂ ਕੀਮਤਾਂ ਹਨ,** ਨਾ ਕਿ ਕੋਈ ਮਨੋਕਲਪਤ ਬੈਲ ਵਰਗਾ ਢੋਰ।

ਗੁਰੂ ਜੀ ਦਾ ਇਹ ਖ਼ਿਆਲ ਕ੍ਰਾਂਤੀਕਾਰੀ ਖ਼ਾਸੀਅਤ ਰਖਦਾ ਸੀ। ਉਨ੍ਹਾਂ ਤੋਂ ਪਹਿਲਾਂ ਸਦੀਆਂ ਤੋਂ ਇਹ ਧਾਰਨਾ ਪ੍ਰਬਲ ਰਹੀ ਸੀ ਕਿ ਸੰਸਾਰ ਮਿਥਿਆ ਹੈ, ਮਾਇਆ ਹੈ, ਇਨਸਾਨ ਨੂੰ ਗਿਰਾਵਟ ਵਲ ਲੈ ਕੇ ਜਾਂਦਾ ਹੈ ਅਤੇ ਕਲਿਆਣ ਜਾਂ ਮੁਕਤੀ ਇਸ ਨੂੰ ਤਲਾਂਜਲੀ ਦਿਤੇ ਬਿਨਾਂ ਹਾਸਿਲ ਨਹੀਂ ਹੋ ਸਕਦੀ। ਅਜੇਹੀ ਵਿਚਾਰਧਾਰਾ ਅਨੁਸਾਰ ਕਿਸੇ ਨਰੋਏ ਸਮਾਜਕ ਦ੍ਰਿਸ਼ਟੀਕੋਣ ਦਾ ਉਤਪੰਨ ਹੋਣਾ ਅਸੰਭਵ ਹੁੰਦਾ ਹੈ। ਨੈਤਕਤਾ ਜੋ ਸਮਾਜ ਵਿਚ ਹੀ ਕਮਾਈ ਜਾ ਸਕਦੀ ਹੈ, ਉਸ ਤੇ ਕੁਦਰਤੀ ਤੌਰ ਤੇ ਜ਼ੋਰ ਨਹੀਂ ਸੀ ਦਿਤਾ ਜਾਂਦਾ। ਜੋ ਥੋੜਾ ਬਹੁਤ ਉਸ ਦਾ ਜ਼ਿਕਰ ਕੀਤਾ ਜਾਂਦਾ ਸੀ, ਉਹ ਵੀ ਜ਼ਾਤੀ ਜਾਂ ਵਿਅਕਤੀਗਤ ਕਿਸਮ ਦਾ ਹੁੰਦਾ ਸੀ ਅਤੇ ਉਸ ਦਾ ਉਦੇਸ਼ ਸਮਾਜੀ ਜ਼ਿੰਦਗੀ ਨੂੰ ਸਮੁੱਚੇ ਤੌਰ ਤੇ ਉਚਿਆਉਣਾ ਨਹੀਂ ਸੀ ਹੁੰਦਾ। ਗੁਰੂ ਨਾਨਕ ਦੇਵ ਨੇ ਨਿਰਵਿਰਤੀ ਮਾਰਗ ਦੇ ਵਿਰੁੱਧ ਜ਼ਬਰਦਸਤ ਅਵਾਜ਼ ਉਠਾਈ ਅਤੇ ਇਸ ਦੇ ਅਨੁਸਾਰੀ, ਜੋਗੀਆਂ, ਨਾਥਾਂ, ਸਿਧਾਂ ਆਦਿ ਦੀ ਕਰੜੇ ਸ਼ਬਦਾਂ ਵਿਚ ਆਲੋਚਨਾ ਕੀਤੀ। ਉਨ੍ਹਾਂ ਨੇ ਕੇਵਲ ਪ੍ਰਵਿਰਤੀ ਮਾਰਗ ਨੂੰ ਸਵੀਕਾਰ ਕਰਨ ਤੇ ਜ਼ੋਰ ਦਿਤਾ ਅਤੇ ਕਿਹਾ ਕਿ ਇਹ ਆਤਮਕ ਉਨਤੀ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ, ਸਗੋਂ ਇਸ ਨੂੰ ਗ੍ਰਹਿਣ ਕਰਕੇ ਵਡੀ ਤੋਂ ਵਡੀ ਰੂਹਾਨੀ ਕਾਮਯਾਬੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸੰਸਾਰਕ ਜੀਵਨ ਦੀ ਪਦਾਰਥਕ ਸਮੱਗਰੀ ਤੇ ਉਸ ਨਾਲ ਜੁੜੇ ਸਭ ਸਮਾਜਕ ਰਿਸ਼ਤੇ ਨਾਤੇ ਪ੍ਰਮੁਖ ਸੱਚਾਈ ਦਾ ਹੀ ਅੰਗ ਹਨ। ਇਨ੍ਹਾਂ ਦੀ ਹਸਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਮਾਇਆ, ਮਿਥਿਆ, ਜਾਂ ਸੁਪਨਾ ਇਸ ਕਰਕੇ ਨਹੀਂ ਕਿ ਇਨ੍ਹਾਂ



ਦੀ ਕੋਈ ਹਸਤੀ ਨਹੀਂ ਹੁੰਦੀ, ਸਗੋਂ ਇਹ ਸੰਗਿਆਤਮਕ ਸ਼ਬਦ ਇਨ੍ਹਾਂ ਬਾਰੇ ਇਸ ਕਾਰਨ ਵਰਤੇ ਗਏ ਹਨ ਕਿ ਇਹ ਸਭ ਪਰਿਵਰਤਨ ਦੇ ਚੱਕਰ ਦੇ ਅਧੀਨ ਹਨ ਅਤੇ ਇਨਸਾਨ ਨੂੰ, ਜੋ ਆਪ ਵੀ ਨਾਸ਼ਵੰਤ ਹੈ ਜਾਂ ਇਸ ਕੁਦਰਤੀ ਚੱਕਰ ਦੇ ਅਧੀਨ ਹੈ, ਇਨ੍ਹਾਂ ਦੀਆਂ ਅਸਲੀਅਤਾਂ ਨੂੰ ਸਮਝਣਾ ਚਾਹੀਦਾ ਹੈ ਤੇ ਮਾਦੀ ਜਾਲ ਵਿਚ ਖੱਚਤ ਹੋਣ ਤੋਂ ਬਚਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਪ੍ਰਵਿਰਤੀ ਮਾਰਗ ਨੂੰ ਸਵੀਕਾਰ ਕਰਕੇ ਸਮੁੱਚੇ ਸਮਾਜ ਨੂੰ ਪ੍ਰਵਾਨ ਕੀਤਾ ਤੇ ਇਸ ਦੇ ਹਰ ਪੱਖ ਨੂੰ, ਹਰ ਪਹਿਲੂ ਨੂੰ ਮਹੱਤਵਪੂਰਨ ਮੰਨਿਆ। ਅਜ ਸਾਡੇ ਕਈ ਲੇਖਕ ਜਾਂ ਵਿਚਾਰਕ ਸਮਾਜੀ ਜੀਵਨ ਨੂੰ ਧਾਰਮਕ, ਸਮਾਜਕ, ਆਰਥਕ ਤੇ ਰਾਜਨੀਤਕ ਆਦਿ ਪਹਿਲੂਆਂ ਵਿਚ ਵੰਡ ਕੇ ਧਰਮ ਦੇ ਘੇਰੇ ਨੂੰ ਧਾਰਮਕ ਪਹਿਲੂ ਤਕ ਹੀ ਸੀਮਤ ਕਰ ਦੇਂਦੇ ਹਨ। ਗੁਰੂ ਜੀ ਦਾ ਦ੍ਰਿਸ਼ਟੀਕੋਣ ਇਹ ਨਹੀਂ ਸੀ। ਉਨ੍ਹਾਂ ਦੀ ਵਿਚਾਰਧਾਰਾ ਸਭ ਪਹਿਲੂਆਂ ਨਾਲ ਸਬੰਧਤ ਸੀ। **ਧਰਮ ਇਕ ਜੀਵਨ ਫ਼ਿਲਾਸਫ਼ੀ ਹੈ ਅਤੇ ਇਸ ਦਾ ਸਾਰੇ ਜੀਵਨ ਨਾਲ ਡੂੰਘਾ ਰਿਸ਼ਤਾ ਹੈ। ਇਹ ਨਹੀਂ ਕਿ ਕੋਈ ਮਨੁਖ ਆਰਥਕ, ਵਿਵਹਾਰਕ, ਸਮਾਜਕ ਤੇ ਰਾਜਨੀਤਕ ਖੇਤਰਾਂ ਵਿਚ ਜੋ ਮਰਜ਼ੀ ਆਏ ਕਰਦਾ ਰਹੇ ਅਤੇ ਕੁਝ ਪੂਜਾ ਪਾਠ ਕਰਕੇ ਤੇ ਮੰਦਰ, ਮਸੀਤ ਜਾਂ ਗੁਰਦੁਆਰੇ ਜਾ ਕੇ ਇਹ ਸਮਝ ਲਏ ਕਿ ਧਰਮ ਦਾ ਕੰਮ ਪੂਰਾ ਹੋ ਗਿਆ। ਇਸ ਪ੍ਰਕਾਰ ਦੇ ਧਰਮ ਦੀ ਗੁਰੂ ਜੀ ਦੀਆਂ ਨਜ਼ਰਾਂ ਵਿਚ ਕੋਈ ਕਦਰ ਜਾਂ ਮਹੱਤਾ ਨਹੀਂ ਸੀ।**

ਜਿਵੇਂ ਪਹਿਲਾਂ ਜ਼ਿਕਰ ਆ ਚੁਕਿਆ ਹੈ, ਗੁਰੂ ਨਾਨਕ ਦੇਵ ਜੀ ਨੇ ਧਰਤੀ ਨੂੰ ਧਰਮ ਦੇ ਰੂਪ ਵਿਚ ਵੇਖਿਆ ਤੇ ਪੇਸ਼ ਕੀਤਾ। ਇਸ ਤਰ੍ਹਾਂ ਇਨਸਾਨੀ ਜ਼ਿੰਦਗੀ ਦੀ ਬੁਨਿਆਦ ਧਰਮ ਨੂੰ ਬਣਾਇਆ ਜਿਸ ਤੋਂ ਭਾਵ ਨੈਤਕ ਕਦਰਾਂ ਕੀਮਤਾਂ ਸੀ। ਪਰੰਤੂ ਉਨ੍ਹਾਂ ਦੀ ਵਿਚਾਰਧਾਰਾ ਵਿਚ ਇਹ ਨੈਤਕ ਕੀਮਤਾਂ ਰੂਹਾਨੀ ਜਾਂ ਆਤਮਕ ਕੀਮਤਾਂ ਨਾਲ ਸਬੰਧਤ ਸਨ। ਇਸ ਕਸਵਟੀ ਤੇ ਗੁਰੂ ਜੀ ਨੇ ਜਿਸ ਤਰ੍ਹਾਂ ਸਮਾਜ ਦੇ ਹਰ ਖੇਤਰ ਦੇ ਲੋਕਾਂ ਨੂੰ ਪਰਖਿਆ, ਜੋਖਿਆ, ਉਸ ਤੋਂ ਉਨ੍ਹਾਂ ਦੇ ਸਿਧਾਂਤ ਬਾਰੇ ਕੋਈ ਸ਼ੰਕਾ ਨਹੀਂ ਰਹਿ ਜਾਂਦਾ।

ਰਾਜਿਆਂ ਦੇ ਹੱਥ ਵਿਚ ਸਿਆਸੀ ਤਾਕਤ ਹੁੰਦੀ ਹੈ ਜਿਸ ਕਾਰਣ ਉਨ੍ਹਾਂ ਵਿਚ ਜਨਤਾ ਦੇ ਜੀਵਨ ਨੂੰ ਸਵਾਰਨ ਜਾਂ ਵਿਗਾੜਨ ਦੀ ਵਡੀ ਸਮਰਥਾ ਹੁੰਦੀ ਹੈ। ਜੇ ਰਾਜਾ ਚੰਗਾ ਹੈ ਨਿਆਂਕਾਰੀ ਹੈ ਤਾਂ ਉਸ ਦੇ ਅਹਿਲਕਾਰ ਵੀ ਚੰਗੇ ਰਹਿਣਗੇ ਤੇ ਜਨਤਾ ਸੁਖੀ ਰਹੇਗੀ, ਨਹੀਂ ਤਾਂ ਉਹ ਸਭ ਦਰਿੰਦਿਆਂ ਵਾਂਗੂੰ ਲੋਕਾਂ ਨਾਲ ਵਰਤਾਉ ਕਰਨਗੇ। ਗੁਰੂ ਜੀ ਨੇ ਇਸ ਬਾਰੇ ਫੁਰਮਾਇਆ ਹੈ :

ਲਬ ਪਾਪੁ ਦੁਇ ਰਾਜਾ ਮਹਤਾ, ਕੂੜ ਹੋਆ ਸਿਕਦਾਰ। ਕਾਮ ਨੇਬੁ ਸਦਿ ਪੁਛੀਐ
ਬਹਿ ਬਹਿ ਕਰੇ ਬੀਚਾਰ। ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ।

... ... ...

ਕਲ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡਰਿਆ। ਕੂੜ ਅਮਾਵਸ ਸਚ ਚੰਦਰਮਾਂ
ਦੀਸੈ ਨਾਹੀ ਕਹ ਚੜ੍ਹਿਆ।

... ... ...

ਰਾਜੇ ਸ਼ੀਂਹ ਮੁਕਦਮ ਕੁਤੇ ਜਾਇ ਜਗਾਇਨਿ ਬੈਠੇ ਸੁਤੇ। ਚਾਕਰ ਨਹਿਦਾ ਪਾਇਨਿ
ਘਾਉ ਰਤੁ ਪਿਤੁ ਕੁਤਿਹੋ ਚਟਿ ਜਾਹੁ।

ਕਾਜ਼ੀਆਂ ਦਾ ਮੁਖ ਕਰਤੱਵ ਇਨਸਾਫ਼ ਕਰਨਾ ਹੁੰਦਾ ਸੀ। ਉਨ੍ਹਾਂ ਨੂੰ ਆਪਣਾ ਇਹ ਫ਼ਰਜ਼

ਨਾ ਪਾਲਦਿਆਂ ਵੇਖ ਕੇ ਗੁਰੂ ਜੀ ਨੇ ਲਿਖਿਆ ਹੈ :

ਕਾਜੀ ਹੋਇਕੈ ਬਹੈ ਨਿਆਇ। ਫੇਰੇ ਤਸਬੀ ਕਰੇ ਖੁਦਾਇ। ਵਢੀ ਲੈ ਕੇ ਹਕ ਗਵਾਇ।

ਆਰਥਕ ਪਿੜ ਵਿਚ ਜੋ ਜ਼ੁਲਮ ਕੀਤੇ ਜਾਂਦੇ ਸਨ. ਇਸ ਬਾਰੇ ਉਨ੍ਹਾਂ ਦਾ ਕਥਨ ਹੈ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤ ਪੀਵਹਿ ਮਾਣਸਾ ਤਿਨ ਕਿਉਂ ਨਿਰਮਲ ਚੀਤ।
... ... ...
ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ
ਗੁਰ ਪੀਰ ਹਾਮਾ ਤਾ ਭਰੈ ਜਾ ਮੁਰਦਾਰ ਨ ਖਾਇ।
... ... ...
ਇਸ ਜਰਿ ਘਣੀ ਵਿਗੁਤੀ ਇਨ ਜਰ ਘਣੀ ਖੁਆਈ।
ਪਾਪਾਂ ਬਾਝਹੁ ਹੋਵੈ ਨਾਹੀ ਮੋਇਆ ਸਾਥਿ ਨ ਜਾਈ।

ਕਾਜੀਆਂ ਬ੍ਰਾਹਮਣਾਂ ਨੂੰ ਸਮਾਜ ਵਿਚ ਵਿਸ਼ੇਸ਼ ਅਸਥਾਨ ਪ੍ਰਾਪਤ ਸੀ ਜਿਸ ਦਾ ਨਾਜਾਇਜ਼ ਲਾਭ ਉਠਾ ਕੇ ਉਹ ਲੋਕਾਂ ਦਾ ਖ਼ੂਨ ਚੂਸਦੇ ਸਨ :

ਮਾਣਸ ਖਾਣੇ ਕਰਹਿ ਨਿਵਾਜ। ਛੁਰੀ ਵਗਾਇਨ ਤਿਨ ਗਲ ਤਾਗ।
... ... ...
ਮਥੈ ਟਿਕਾ ਤੇੜਿ ਧੋਤੀ ਕਖਾਈ। ਹਥ ਛੁਰੀ ਜਗਤ ਕਾਸਾਈ।
... ... ...
ਕਾਜੀ ਕੂੜ ਬੋਲ ਮਲ ਖਾਇ। ਬ੍ਰਾਹਮਣ ਨਾਵੈ ਜੀਆ ਘਾਇ।

ਇਸੇ ਤਰ੍ਹਾਂ ਸਮਾਜਕ ਪਿੜ ਵਿਚ ਜੋ ਅਨਰਥ ਢਾਹੇ ਜਾਂਦੇ ਸਨ, ਉਨ੍ਹਾਂ ਬਾਰੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਗੁਰੂ ਜੀ ਨੇ ਲਿਖਿਆ ਹੈ। ਵਿਸ਼ੇਸ਼ ਕਰਕੇ ਨੀਵੀਆਂ ਜਾਤਾਂ ਨਾਲ, ਗਰੀਬਾਂ ਨਾਲ ਅਤੇ ਔਰਤਾਂ ਨਾਲ ਜੋ ਵਧੀਕੀਆਂ ਕੀਤੀਆਂ ਜਾਂਦੀਆਂ ਸਨ, ਉਨ੍ਹਾਂ ਵਿਚ ਕੋਈ ਨੈਤਿਕਤਾ ਨਹੀਂ ਸੀ ਅਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਠੀਕ ਨਹੀਂ ਠਹਿਰਾਇਆ ਜਾ ਸਕਦਾ ਸੀ।

ਸੰਖੇਪ ਵਿਚ ਗੁਰੂ ਨਾਨਕ ਦੇਵ ਜੀ ਨੇ ਜਿਸ ਮਾਨਵੀ ਸਮਾਜ ਦੀ ਤਸਵੀਰ ਆਪਣੀ ਬਾਣੀ ਵਿਚ ਚਿੱਤਰੀ ਹੈ, ਉਸ ਦਾ ਆਧਾਰ ਨੈਤਕਤਾ ਹੈ ਜਿਸ ਨੂੰ ਉਨ੍ਹਾਂ ਨੇ ਧਰਮ ਦਾ ਨਾਉਂ ਦਿਤਾ ਹੈ ਅਤੇ ਨੈਤਕਤਾ ਵਿਚ ਜਿਨ੍ਹਾਂ ਨੈਤਕ ਕੀਮਤਾਂ ਜਾਂ ਮੁੱਲਾਂ ਦਾ ਬਾਰ ਬਾਰ ਵਰਣਨ ਕੀਤਾ ਹੈ, ਉਨ੍ਹਾਂ ਵਿਚੋਂ ਨਿਆਉਂ, ਈਮਾਨਦਾਰੀ, ਸਚਾਈ, ਹਮਦਰਦੀ ਤੇ ਨਿਮਰਤਾ ਦੇ ਗੁਣ ਬਹੁਤ ਉਘੇ ਹਨ। ਇਹ ਇਕ ਆਦਰਸ਼ਕ ਸਮਾਜ ਦਾ ਚਿੱਤਰ ਹੈ ਅਤੇ ਸਹੀ ਅਰਥਾਂ ਵਿਚ ਅਜੋਕੇ ਸਮਾਜਵਾਦ ਦੇ ਬਹੁਤ ਨੇੜੇ ਹੈ। ਜਿਵੇਂ ਸਮਾਜਵਾਦ ਸ਼ੋਸ਼ਨ ਤੇ ਬੇਇਨਸਾਫੀ ਨੂੰ ਜੜੋਂ ਉਖਾੜਨਾ ਲੋਚਦਾ ਹੈ, ਇਵੇਂ ਹੀ ਗੁਰੂ ਨਾਨਕ ਦਾ ਸਮਾਜ ਇਨ੍ਹਾਂ ਨੂੰ ਦੂਰ ਕਰਕੇ ਆਦਰਸ਼ਕ ਜੀਵਨ ਦਾ ਰਾਹ ਪਧਰਾ ਕਰਨਾ ਚਾਹੁੰਦਾ ਹੈ।

ਗੁਰੂ ਨਾਨਕ ਦੇ ਉਤਰਾਧਿਕਾਰੀਆਂ ਨੇ ਉਨ੍ਹਾਂ ਦੇ ਇਸ ਸੁਪਨੇ ਨੂੰ ਸਾਕਾਰ ਬਣਾਉਣ ਲਈ ਸਿਰਤੋੜ ਜਤਨ ਕੀਤੇ ਅਤੇ ਇਸ ਮਨੋਰਥ ਦੀ ਪੂਰਤੀ ਲਈ ਕਈ ਵਡਮੁਲੀਆਂ ਸੰਸਥਾਵਾਂ ਕਾਇਮ ਕੀਤੀਆਂ, ਜਾਂ ਵਧੇਰੇ ਵਿਕਸਿਤ ਕੀਤੀਆਂ। ਜਦ ਮੁਗ਼ਲ ਹਕੂਮਤ ਨੇ ਇਸ ਅੰਦੋਲਨ ਨੂੰ ਦਿਨੋਂ ਦਿਨ ਤਰੱਕੀ ਕਰਦਿਆਂ ਵੇਖਿਆ ਤਾਂ ਉਸ ਨੂੰ ਖ਼ਤਰਾ ਭਾਸਣ ਲਗਾ ਤੇ ਉਸ ਨੇ ਜ਼ੋਰ



ਨਾਲ ਇਸ ਨੂੰ ਦਬਾਉਣਾ ਚਾਹਿਆ। ਗੁਰੂ ਅਰਜਨ ਦੇਵ ਜੀ ਨੂੰ ਪਕੜ ਕੇ ਤਸੀਹੇ ਦੇ ਦੇ ਕੇ ਹਲਾਕ ਕਰ ਦੇਣਾ ਇਸ ਦਿਸ਼ਾ ਵਿਚ ਹਕੂਮਤ ਦਾ ਪਹਿਲਾ ਵੱਡਾ ਕਦਮ ਸੀ। ਪਰੰਤੂ ਇਸ ਦਾ ਸਿੱਟਾ ਹਕੂਮਤ ਦੀ ਆਸ ਦੇ ਉਲਟ ਨਿਕਲਿਆ। ਸਿਖ ਅੰਦੋਲਨ ਦਬਣ ਦੀ ਥਾਂ ਹੋਰ ਉਭਰ ਆਇਆ। ਗੁਰੂ ਹਰਗੋਬਿੰਦ ਸਾਹਿਬ ਨੇ ਤਲਵਾਰ ਨਾਲ ਜ਼ੁਲਮ ਦਾ ਟਾਕਰਾ ਕਰਨ ਲਈ ਆਪਣੇ ਸਿਖਾਂ ਨੂੰ ਫੌਜੀ ਸਿਖਿਆ ਦੇਣੀ ਆਰੰਭ ਦਿਤੀ ਤੇ ਇਸ ਤਰ੍ਹਾਂ ਇਕ ਨਵੇਂ ਸਿਧਾਂਤ ਨੇ ਜਨਮ ਲਿਆ ਜਿਸ ਨੂੰ ਮੀਰੀ ਪੀਰੀ ਕਿਹਾ ਜਾਂਦਾ ਹੈ। ਇਹ ਪਰਿਵਰਤਨ ਮੁਗ਼ਲਾਂ ਨਾਲ ਖ਼ਾਹਮਖ਼ਾਹ ਟਕਰ ਲੈਣ ਲਈ ਨਹੀਂ ਸੀ ਕੀਤਾ ਗਿਆ, ਪਰ ਇਸ ਤੋਂ ਗੁਰੂ ਜੀ ਦਾ ਇਹ ਫੈਸਲਾ ਸਾਫ਼ ਦਿਸਣ ਲਗ ਪਿਆ ਕਿ ਜੇ ਕਿਸੇ ਨੇ ਅਗੋਂ ਸਿਖੀ ਦੇ ਰਾਹ ਵਿਚ ਰੁਕਾਵਟ ਪਾਉਣ ਦਾ ਜਤਨ ਕੀਤਾ ਤਾਂ ਉਸ ਦਾ ਡਟ ਕੇ ਮੁਕਾਬਲਾ ਕੀਤਾ ਜਾਇਗਾ।

ਇਸ ਇਤਿਹਾਸਕ ਪਿਛੋਕੜ ਵਿਚ ਅਸੀਂ ਨੌਵੇਂ ਗੁਰੂ **ਤੇਗ ਬਹਾਦਰ ਜੀ** ਦੀ ਸ਼ਹਾਦਤ ਨੂੰ ਵੇਖਣਾ ਹੈ। ਉਨ੍ਹਾਂ ਦੇ ਸਪੁੱਤਰ ਤੇ ਉਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਉਨ੍ਹਾਂ ਦੀ ਸ਼ਹੀਦੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਇਹ ਮਹਾਨ ਸਾਕਾ ਧਰਮ ਦੀ ਖ਼ਾਤਰ ਸੀ — "ਧਰਮ ਹੇਤ ਸਾਕਾ ਜਿਨਿ ਕੀਆ"। ਪਰ ਉਹ ਧਰਮ ਕਿਹੜਾ ਸੀ ? **ਉਹ ਧਰਮ ਉਹੀ ਸੀ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸਮਾਜ ਦਾ ਆਧਾਰ ਬਣਾਇਆ ਸੀ। ਇਹ ਧਰਮ ਉਨ੍ਹਾਂ ਨੈਤਕ ਕੀਮਤਾਂ ਦਾ ਸੂਚਕ ਸੀ ਜਿਨ੍ਹਾਂ ਦੀ ਬੁਨਿਆਦ ਉਤੇ ਆਦਰਸ਼ਕ ਸਮਾਜ ਦੀ ਸਿਰਜਨਾ ਹੋਣੀ ਸੀ। ਇਨਸਾਫ ਦੀ ਰਖਿਆ ਕਰਨਾ ਤੇ ਧੱਕਾਸ਼ਾਹੀ ਜਾਂ ਜ਼ੁਲਮ ਨਾਲ ਟੱਕਰ ਲੈਣਾ ਇਸ ਧਰਮ ਦੇ ਮੂਲ ਅੰਗ ਸਨ।**

ਅਜੀਬ ਗੱਲ ਹੈ ਕਿ ਅਜ ਸਿਖ ਅੰਦੋਲਨ ਦੇ ਇਸ ਉਚੇ ਨਿਸ਼ਾਨੇ ਨੂੰ ਭੁਲਾ ਕੇ ਦਸ਼ਮੇਸ਼ ਜੀ ਦੇ "ਧਰਮ ਹੇਤ" ਸ਼ਬਦਾਂ ਨੂੰ ਸੌੜੇ ਅਰਥ ਦਿਤੇ ਜਾ ਰਹੇ ਹਨ ਤੇ ਕਿਹਾ ਜਾ ਰਿਹਾ ਹੈ ਕਿ ਇਸ ਦਾ ਮਤਲਬ 'ਹਿੰਦੂ ਧਰਮ' ਦੀ ਖ਼ਾਤਰ ਹੈ। ਕਈ ਵਿਦਵਾਨ ਵੀਰ ਇਸ ਤੋਂ ਵੀ ਅਗੇ ਉਲਾਂਘ ਭਰ ਕੇ ਕਹਿੰਦੇ ਹਨ ਕਿ ਇਹ ਬ੍ਰਾਹਮਣਾਂ ਦੀ ਰਖਿਆ ਦੀ ਖ਼ਾਤਰ ਸੀ। ਇਕ ਵਿਦਵਾਨ, ਜੋ ਆਪਣੇ ਆਪ ਨੂੰ ਸਿੱਖ ਧਰਮ ਦਾ ਸ਼ਰੋਮਣੀ ਵਿਦਵਾਨ ਸਮਝਦਾ ਹੈ, ਨੇ ਕਿਹਾ ਹੈ ਕਿ ਨੌਵੇਂ ਗੁਰੂ ਜੀ ਦੀ ਸ਼ਹੀਦੀ ਵਿਚ ਕੋਈ ਸਿੱਖ ਹਿੱਤ ਹੈ ਹੀ ਨਹੀਂ ਸੀ ਤੇ ਇਹ ਪੂਰਨ ਤੌਰ ਤੇ ਹਿੰਦੂ ਧਰਮ ਲਈ ਹੀ ਸੀ। ਸਿੱਖੀ ਦੇ ਮੋਢੀ ਗੁਰੂ ਨਾਨਕ ਦੇਵ ਨੇ ਧਰਮ ਦੀ ਸੌੜੀ ਵਿਚਾਰਧਾਰਾ ਦੀ ਆਲੋਚਨਾ ਕੀਤੀ ਸੀ ਤੇ ਇਕ ਅਜੇਹੇ ਚੌੜੇ ਧਰਮ ਦੀ ਵਿਆਖਿਆ ਕੀਤੀ ਸੀ ਜਿਸ ਦੇ ਘੇਰੇ ਵਿਚ ਸਮੁੱਚਾ ਇਨਸਾਨੀ ਜੀਵਨ ਆ ਜਾਂਦਾ ਹੈ। ਇਹ ਵੇਖ ਕੇ ਅਫ਼ਸੋਸ ਹੁੰਦਾ ਹੈ ਕਿ ਅਜ ਫੇਰ ਧਰਮ ਨੂੰ ਉਸੇ ਤਰ੍ਹਾਂ ਸੌੜਿਆਂ ਕੀਤਾ ਜਾ ਰਿਹਾ ਹੈ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਵੇਲੇ ਕਾਜ਼ੀਆਂ, ਸਿਧਾਂ, ਜੋਗੀਆਂ, ਨਾਥਾਂ ਤੇ ਬ੍ਰਾਹਮਣਾਂ ਨੇ ਕੀਤਾ ਹੋਇਆ ਸੀ।

'ਧਰਮ' ਸ਼ਬਦ ਤੋਂ ਗੁਰੂ ਗੋਬਿੰਦ ਸਿੰਘ ਜੀ ਦਾ ਕੀ ਭਾਵ ਸੀ, ਇਸ ਬਾਰੇ ਉਨ੍ਹਾਂ ਨੇ ਆਪਣੇ ਮਿਸ਼ਨ ਦਾ ਜ਼ਿਕਰ ਕਰਦਿਆਂ ਬਚਿੱਤ੍ਰ ਨਾਟਕ ਵਿਚ ਬਿਲਕੁਲ ਸਪਸ਼ਟ ਕਰ ਦਿਤਾ ਹੈ —

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨ ਪਕਰਿ ਪਛਾਰੋ,
ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ। ■

ਪ੍ਰੋ. ਕਿਸ਼ਨ ਸਿੰਘ

## ਗੁਰੂ ਤੇਗ਼ ਬਹਾਦਰ ਦੀ ਬਾਣੀ : ਦੋ ਦੋਹਿਰੇ

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ।
ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ । 53
ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ।
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ । 54

ਇਹ ਦੋਵੇਂ ਦੋਹਿਰੇ ਧਿਆਨ ਮੰਗਦੇ ਹਨ । **ਸ਼ਬਦਾਰਥ** ਵਿਚ ਪ੍ਰਿੰਸੀਪਲ ਤੇਜਾ ਸਿੰਘ ਨੇ ਇਨ੍ਹਾਂ ਦਾ ਅਰਥ ਇਕ ਤੁਰੀ ਆਉਂਦੀ ਰਵਾਇਤ ਅਨੁਸਾਰ ਕੀਤਾ ਹੈ : "ਕਹਿੰਦੇ ਹਨ ਕਿ ਇਹ ਦੋਹਿਰਾ ਗੁਰੂ ਜੀ ਨੇ ਦਿੱਲੀ ਤੋਂ ਕੈਦ ਦੀ ਹਾਲਤ ਵਿਚ ਲਿਖ ਕੇ ਦਸਮੇਸ਼ ਜੀ ਨੂੰ ਭੇਜਿਆ ਸੀ । ਇਸ ਵਿਚ ਉਨ੍ਹਾਂ ਦਾ ਇਰਾਦਾ ਆਪਣੇ ਸਪੁਤਰ ਦੇ ਦਿਲ ਦੀ ਤਕੜਾਈ ਨੂੰ ਪਰਖਣ ਦਾ ਸੀ । ਅਗਲੇ ਦੋਹਿਰੇ ਵਿਚ ਦਸਮੇਸ਼ ਜੀ ਵਲੋਂ ਉੱਤਰ ਦਿੱਤਾ ਹੋਇਆ ਹੈ । ਕਈਆਂ ਬੀੜਾਂ (ਜਿਵੇਂ ਭਾਈ ਬੰਨੋ ਵਾਲੀ) ਵਿਚ ਇਸ ਦੇ ਨਾਲ 'ਮਹਲਾ 10' ਦਿੱਤਾ ਹੋਇਆ ਹੈ ।"

ਇਥੇ ਬਿਆਨ ਕੀਤਾ ਤੱਥ ਇਤਿਹਾਸਕ ਹੈ ਕਿ ਨਹੀਂ ਇਹ ਤਾਂ ਇਤਿਹਾਸ ਦਾ ਮਸਲਾ ਹੈ । ਇਸ ਰਵਾਇਤ ਅਨੁਸਾਰ ਕੀਤੇ ਅਰਥਾਂ ਦਾ ਮਤਲਬ ਇਹ ਬਣਦਾ ਹੈ ਕਿ ਦੋਹਿਰੇ ਦੀ ਪਹਿਲੀ ਤੁਕ ਵਿਚ ਗੁਰੂ ਸਾਹਿਬ, ਸਾਹਮਣੇ ਆਉਂਦੇ ਆਪਣੇ ਅੰਤ ਨੂੰ ਵੇਖ ਕੇ ਆਪਣੀ ਜ਼ਾਤੀ ਦਸ਼ਾ ਬਿਆਨ ਕਰਦੇ ਹਨ । ਇਸ਼ਾਰਾ ਦਸ਼ਾ ਤੋਂ ਉਪਜਦੀ ਆਪਣੀ ਨਿਰਬਲਤਾ ਵਲ ਹੈ । ਸਮਝਿਆ ਇਹ ਗਿਆ ਹੈ ਕਿ ਉਹ ਕਹਿੰਦੇ ਹਨ ਕਿ ਬਲ ਛੁਟ ਗਿਆ ਹੈ । ਬੰਧਨ ਪੈ ਗਿਆ ਹੈ । ਕੈਦ ਵਿਚ ਹਾਂ । ਇਸ ਦਸ਼ਾਂ ਵਿਚ ਤਾਕਤ-ਹੀਣ ਹਾਂ । ਅਤੇ ਇਸ ਦਸ਼ਾ ਵਿਚੋਂ ਨਿਕਲਣ ਦਾ ਕੋਈ ਉਪਾਅ ਨਹੀਂ ਹੋ ਸਕਦਾ । ਇਸ ਹਾਲਤ ਵਿਚ ਰਬ ਹੀ ਬਾਹੁੜ ਸਕਦਾ ਹੈ । ਉਸ ਦੀ ਹੀ ਓਟ ਹੈ । ਜਿਸ ਤਰ੍ਹਾਂ ਉਸ ਨੇ ਤੰਦੂਏ ਦੇ ਕਾਬੂ ਆਏ ਹੋਏ ਹਾਥੀ ਦੀ ਮਦਦ ਕੀਤੀ ਸੀ, ਤੇ ਉਸ ਦੀ ਬੰਦ-ਖਲਾਸ ਕਰਵਾਈ ਸੀ, ਮੇਰੀ ਬੰਦ-ਖਲਾਸ ਵੀ ਉਹ ਹੀ ਕਰਵਾ ਸਕਦਾ ਹੈ । ਉਸ ਦੇ ਬਗ਼ੈਰ ਹੁਣ ਹੋਰ ਕੋਈ ਚਾਰਾ ਨਹੀਂ ।

ਕੀਤੇ ਇਨ੍ਹਾਂ ਅਰਥਾਂ ਤੋਂ ਕਿਤੇ ਕੋਈ ਇਹ ਮਤਲਬ ਨਾ ਕਢ ਲਵੇ ਕਿ ਗੁਰੂ ਸਾਹਿਬ ਮਾਯੂਸ ਸਨ, ਢਹਿੰਦੀਆਂ ਕਲਾਂ ਵਿਚ ਸਨ, ਇਸ ਨੂੰ ਇਕ ਪਰਖ ਕਰਕੇ ਦਰਸਾਇਆ ਗਿਆ ਹੈ । ਜ਼ਰਾ ਅੱਗੇ ਜਾ ਕੇ ਵੀ 'ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦੁ' ਦੇ ਅਰਥ ਕਰਦਿਆਂ ਵੀ ਪ੍ਰਿੰਸੀਪਲ ਤੇਜਾ ਸਿੰਘ ਆਪਣੇ ਇਨ੍ਹਾਂ ਅਰਥਾਂ ਨੂੰ ਹੀ ਅੱਗੇ ਤੋਰਦੇ ਹਨ । ਲਿਖਦੇ ਹਨ, "ਅਸੀਂ ਭਾਵੇਂ ਨਾ ਰਹੀਏ, ਪਰ ਜਦ ਗੁਰੂ ਗੋਬਿੰਦ ਸਿੰਘ ਜੀ ਰਹਿ ਗਏ ਹਨ, ਤਾਂ ਹਰੀ ਦਾ ਨਾਮ ਤੇ ਉਸ ਦੇ ਜਪਣ ਜਪਾਣ ਵਾਲਾ ਸਾਧੂ-ਗੁਰੂ ਰਹਿ ਗਿਆ ਹੈ । ਹੁਣ ਕੋਈ ਫਿਕਰ ਨਹੀਂ ।"

ਇਸ ਤਰ੍ਹਾਂ ਦੇ ਕੀਤੇ ਅਰਥਾਂ ਦਾ ਆਧਾਰ ਸਿਰਫ ਦੋ ਹੀ ਗਲਾਂ ਲਗਦੀਆਂ ਹਨ । **ਪਹਿਲੀ** ਇਹ ਕਿ ਇਹ ਰੂਪ ਐਸੇ ਵਿਚ ਕਹੇ ਗਏ ਹਨ ਜਿਵੇਂ ਕਿ ਇਹ ਗੁਰੂ ਸਾਹਿਬ ਦਾ ਆਪਣਾ ਜ਼ਾਤੀ



ਭਾਵ ਪ੍ਰਗਟ ਕਰਦੇ ਹਨ । ਅਤੇ ਇਹ ਭਾਵ ਉਨ੍ਹਾਂ ਦੇ ਕੈਦ ਵਿਚ ਪਏ ਹੋਣ ਨਾਲ, ਸਰਸਰੀ ਨਜ਼ਰੇ ਵੇਖਿਆਂ ਮੇਲ ਖਾਂਦਾ ਲਗਦਾ ਹੈ । **ਦੂਸਰੀ** ਇਹ ਕਿ ਇਹ ਦੋਵੇਂ ਆਪਸ ਵਿਚ ਸਵਾਲ ਜਵਾਬ ਦੀ ਸ਼ਕਲ ਵਿਚ ਹਨ । ਪਰ ਇਹ ਦੋਵੇਂ ਗਲਾਂ ਇਨ੍ਹਾਂ ਦੇ ਇਸ ਕਿਸਮ ਦੇ ਕੀਤੇ ਅਰਥਾਂ ਦੇ ਹੱਕ ਵਿਚ ਅੰਤਮ ਦਲੀਲਾਂ ਨਹੀਂ ਹੋ ਸਕਦੀਆਂ । ਗੁਰਬਾਣੀ ਵਿਚ ਬਹੁਤ ਵੇਰ ਗੁਰੂ ਸਾਹਿਬਾਨ ਮਨਮੁਖੀ ਪੁਜ਼ੀਸ਼ਨ ਵਲੋਂ ਹੋ ਕੇ ਬੋਲਦੇ ਹਨ ਅਤੇ ਕਾਫੀ ਵੇਰ ਉਨ੍ਹਾਂ ਦਾ ਕਿਹਾ ਸਵਾਲ ਜਵਾਬ ਦੀ ਸ਼ਕਲ ਵਿਚ ਹੁੰਦਾ ਹੈ । ਨਾਲੇ ਗਹੁ ਨਾਲ ਵੇਖਿਆਂ **ਇਹ ਦਿੱਤੇ ਜਾ ਰਹੇ ਅਰਥ ਗੁਰੂ ਸਾਹਿਬ ਤੇ ਉਨ੍ਹਾਂ ਦੀ ਦਸ਼ਾ ਨਾਲ ਮੇਲ ਨਹੀਂ ਖਾਂਦੇ ।**

'ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ' ਕਹਿਣ ਵਾਲੇ ਦੀ ਦਸ਼ਾ ਤੰਦੂਏ ਦੇ ਕਾਬੂ ਆਏ ਹਾਥੀ ਵਾਲੀ ਹੈ । ਹਾਥੀ ਤੰਦੂਏ ਦੇ ਕਾਬੂ ਵਿਚ ਕਿਉਂ ਹੈ ? ਕਿਉਂਕਿ ਉਸ ਨੇ ਰਾਮ ਦਾ ਨਾਮ ਨਹੀਂ ਜਪਿਆ । ਜਦੋਂ ਉਸ ਤੇ ਰਬ ਦੀ ਮੇਹਰ ਹੁੰਦੀ ਹੈ, ਰਾਮ ਨਾਮ ਦੇ ਜਪਣ ਨਾਲ ਉਸ ਦੀ ਬੰਦ ਖਲਾਸ ਹੋ ਗਈ ।" ਰਾਮ-ਨਾਮ ਸਿਮਰਨ ਨਾਲ ਛੁਟਕਾਰਾ ਹੋਇਆ" (**ਸ਼ਬਦਾਰਥ**) । ਗੁਰੂ ਸਾਹਿਬ ਤਾਂ ਆਪ ਸਤਿਗੁਰੂ ਹਨ । ਉਹ ਨਾਮ ਨੂੰ ਆਪਣੇ ਸ਼ਬਦ ਵਿਚ ਅੰਕਿਤ ਕਰਦੇ ਹਨ । ਹੋਰਨਾਂ ਨੂੰ ਨਾਮ ਵੰਡਦੇ ਹਨ । ਉਨ੍ਹਾਂ ਦੇ ਨਾਮ ਨੂੰ ਨਾ ਜਪਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਜ਼ਾਹਿਰ ਹੈ ਕਿ ਇਹ ਤੁਕ ਉਨ੍ਹਾਂ ਤੇ ਲਾਗੂ ਨਹੀਂ ਹੋ ਸਕਦੀ । ਗੁਰੂ ਸਾਹਿਬ ਦੀ ਜਿਸ ਪੁਜ਼ੀਸ਼ਨ ਨਾਲ ਇਸ ਤੁਕ ਦੇ ਅਰਥ ਜੋੜੇ ਜਾਂਦੇ ਹਨ ਉਹ ਹੈ ਕੀ ? ਉਹ ਕੈਦ ਹਨ । ਉਹ ਕੈਦ ਕਿਉਂ ਹਨ ? ਕੈਦ ਇਸ ਵਾਸਤੇ ਹਨ ਕਿ ਉਹ ਨਾਮ ਨੂੰ ਆਪਣੇ ਸ਼ਬਦ ਵਿਚ ਅੰਕਿਤ ਕਰਦੇ ਹਨ । ਲੋਕਾਂ ਨੂੰ ਨਾਮ ਗ੍ਰਹਿਣ ਕਰਾਉਂਦੇ ਹਨ । ਅਤੇ ਆਪਣੀ ਅਗਵਾਈ ਹੇਠ ਸਮਾਜਕ ਮਨੁਖੀ ਅਮਲ ਵਿਚ ਨਾਮ ਦੀ ਤਰਜਮਾਨੀ ਕਰਾਉਂਦੇ ਹਨ । **ਕੈਦ ਉਨ੍ਹਾਂ ਨੂੰ ਕਰਵਾਇਆ ਹੈ ਸਮਾਜਕ ਸਿਆਸੀ ਅਮਲ ਵਿਚ ਨਾਮ ਦੀ ਤਰਜਮਾਨੀ ਕਰਵਾਉਣ ਨੇ ।** ਕਿਉਂਕਿ ਕਾਬਜ਼ ਨਿਜ਼ਾਮ ਦੀ ਸਟੇਟ ਇਸ ਤਰਜਮਾਨੀ ਨੂੰ ਆਪਣੇ ਵਾਸਤੇ ਖਤਰਾ ਸਮਝਦੀ ਹੈ । ਇਹ ਕੈਦ ਉਨ੍ਹਾਂ ਉਤੇ ਅਚਨਚੇਤ ਪਈ ਕੋਈ ਸਾੜ ਸਤੀ ਨਹੀਂ । ਨਾਮ ਦੀ ਅਮਲ ਵਿਚ ਤਰਜਮਾਨੀ ਅੰਤ ਉਨ੍ਹਾਂ ਨੂੰ ਕਿਥੇ ਲਿਜਾਏਗੀ — ਇਸ ਗਲੋਂ ਗੁਰੂ ਸਾਹਿਬ ਅਣਭੋਲ ਨਹੀਂ ਸਨ । ਮਾਇਆ ਦੇ ਨਿਜ਼ਾਮ ਵਿਚ ਨਾਮ ਦੀ ਅਮਲ ਵਿਚ ਤਰਜਮਾਨੀ ਜਾਨ ਦੀ ਬਾਜ਼ੀ ਲਾਜ਼ਮੀ ਲਵਾਏਗੀ । ਇਸ ਦੀ ਬਾਬਤ ਉਨ੍ਹਾਂ ਨੂੰ ਕੋਈ ਭੁਲੇਖਾ ਨਹੀਂ ਸੀ ਹੋ ਸਕਦਾ । ਇਹ ਗਲ ਤਾਂ ਗੁਰੂ ਨਾਨਕ ਨੇ ਤੁਰਦਿਆਂ ਸਾਰ ਹੀ ਸਾਫ ਕਰ ਛੱਡੀ ਸੀ । "ਜਉ ਤਉ ਪ੍ਰੇਮ ਖੇਲਣ ਕਾ ਚਾਉ । ਸਿਰੁ ਧਰਿ ਤਲੀ ਗਲੀ ਮੇਰੀ ਆਉ । ਇਤੁ ਮਾਰਗਿ ਪੈਰੁ ਧਰੀਜੈ । ਸਿਰੁ ਦੀਜੈ ਕਾਣਿ ਨ ਕੀਜੈ ।"

ਇਹ ਸਿਰਫ ਕਹਿਣ ਦੀ ਗਲ ਹੀ ਨਹੀਂ ਸੀ । ਸਿਖ ਲਹਿਰ ਜਾਨ ਦੀ ਬਾਜ਼ੀ ਲਵਾਉਣ ਦਾ ਅਮਲੀ ਸਬੂਤ ਦੇ ਚੁਕੀ ਸੀ । ਸਮਾਜਕ ਸਿਆਸੀ ਅਮਲ ਵਿਚ ਨਾਮ ਦੀ ਤਰਜਮਾਨੀ ਨੇ ਗੁਰੂ ਅਰਜਨ ਨੂੰ ਸ਼ਹੀਦ ਕਰਵਾਇਆ । ਮਾਇਆ ਦੇ ਸਮਾਜ ਵਿਚ ਬਾਜ਼ੀ ਨਾਮ ਨਾਲ ਲਾਉਣੀ, ਅਰਪਨ ਉਸ ਦੇ ਹੋਣਾ, ਅਤੇ ਪਿਆਰੀ ਕਰਨੀ ਜਾਨ...ਇਹ ਮੇਲ ਕਿਵੇਂ ਮਿਲੇ ? ਗੁਰੂ ਸਾਹਿਬ ਕੋਈ ਅੰਞਾਣੇ ਨਹੀਂ ਸਨ, ਜਿਨ੍ਹਾਂ ਜਾਨ ਪਿਆਰੀ ਕਰਨੀ ਸੀ । ਰਾਹ ਸਾਫ ਸੀ । ਨਾਮ ਦਾ ਰਾਹ ਛਡ ਦੇਂਦੇ । ਫੇਰ ਕਾਬਜ਼ ਨਿਜ਼ਾਮ ਦੀ ਸਟੇਟ ਵਲੋਂ ਜਾਨ ਨੂੰ ਕੋਈ ਤੌਖਲਾ ਹੀ ਨਹੀਂ ਸੀ । ਗੁਰੂ ਅਰਜਨ ਵੀ ਸ਼ਹੀਦ ਹੋਏ ਸਨ । ਉਨ੍ਹਾਂ ਆਪਣੀ ਸ਼ਹੀਦੀ ਸਮੇਂ ਆਪਣੇ ਬਲਹੀਣ ਹੋਣ ਦਾ ਕਿਤੇ ਜ਼ਿਕਰ ਨਹੀਂ ਕੀਤਾ । ਇਹ ਤਾਂ ਠੀਕ ਹੈ ਕਿ ਜਿਸ ਵੇਲੇ ਇਨਕਲਾਬੀ ਨੂੰ ਮਾਇਆ ਦੇ ਕਾਬਜ਼

ਨਿਜ਼ਾਮ ਦੀ ਸਟੇਟ ਸ਼ਹੀਦ ਕਰਦੀ ਹੈ ਉਸ ਵੇਲੇ ਉਸ ਦੀ ਇਨਕਲਾਬੀ ਲਹਿਰ ਕਾਬਜ਼ ਨਿਜ਼ਾਮ ਦੀ ਸਟੇਟ ਦੇ ਮੁਕਾਬਲੇ ਉਤੇ ਅਜੇ ਕੰਮਜ਼ੋਰ ਹੁੰਦੀ ਹੈ। ਇਸ ਵਾਸਤੇ ਹੀ ਉਹ ਸ਼ਹੀਦ ਕੀਤਾ ਜਾ ਰਿਹਾ ਹੁੰਦਾ ਹੈ। ਪਰ ਹੋ ਰਹੇ ਸ਼ਹੀਦ ਦੇ ਜ਼ਾਤੀ ਤੌਰ ਤੇ ਬਲਹੀਣ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹ ਬਲਹੀਣ ਤਾਂ ਗਿਣਿਆ ਜਾਵੇ ਜੇ ਉਹ ਆਪਨਾ ਰਾਹ ਤਿਆਗ ਦੇਵੇ। ਜਿੰਨਾਂ ਚਿਰ ਉਹ ਜਾਨ ਦੀ ਬਾਜ਼ੀ ਲਾਉਣ ਨੂੰ ਤਿਆਰ ਹੈ, ਅਤੇ ਜਾਨ ਦੇਂਦਾ ਹੈ ਪਰ ਆਪਨਾ ਰਾਹ ਨਹੀਂ ਛਡਦਾ ਉਹ ਬਲਹੀਣ ਨਹੀਂ। ਉਹ ਤਾਂ ਸੂਰਮਾਂ ਹੈ। ਨਾਲੇ ਸ਼ਹੀਦ ਹੋ ਰਿਹਾ ਉਹ ਕਿਹੜਾ ਇਨਕਲਾਬੀ ਹੁੰਦਾ ਹੈ ਜਿਸ ਨੂੰ ਇਹ ਪੂਰਨ ਵਿਸ਼ਵਾਸ਼ ਨਹੀਂ ਹੁੰਦਾ ਕਿ ਉਸ ਦੀ ਲਹਿਰ ਅੰਤ ਜਿੱਤੇਗੀ? ਕਿਹੜਾ ਇਨਕਲਾਬੀ ਹੈ ਜਿਸ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਸ਼ਹੀਦਾਂ ਦਾ ਡੁਲ੍ਹਿਆ ਹੋਇਆ ਲਹੂ ਕਦੇ ਅਜਾਈਂ ਨਹੀਂ ਜਾਂਦਾ? ਇਹ ਤਾਂ ਲਹਿਰ ਦੇ ਉਤਰਾ ਚੜ੍ਹਾਅ ਤੇ ਮੁਨਹੱਸਰ ਹੁੰਦਾ ਹੈ ਕਿ ਮਾਇਆ ਦੇ ਨਿਜ਼ਾਮ ਦੇ ਵਿਰੁਧ ਲੜਦਾ ਇਨਕਲਾਬੀ ਆਪਣੀ ਮੌਤ ਦਾ ਸਾਹਮਣਾ ਮੈਦਾਨੇ-ਜੰਗ ਵਿਚ ਕਰਦਾ ਹੈ ਜਾਂ ਕੈਦ ਵਿਚ।

ਜ਼ਾਹਿਰ ਹੈ ਕਿ "ਬਲੁ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ" ਕਹਿਣ ਵਿਚ ਗੁਰੂ ਸਾਹਿਬ ਆਪਣੀ ਜ਼ਾਤੀ ਹਾਲਤ ਬਿਆਨ ਨਹੀਂ ਕਰ ਰਹੇ। ਨਾ ਹੀ ਆਪਣੇ ਆਪ ਨੂੰ ਤਰਸ ਯੋਗ ਹਾਲਤ ਵਿਚ ਮਹਿਸੂਸ ਕਰ ਰਹੇ ਹਨ। ਨਾ ਹੀ ਕੈਦ ਵਿਚੋਂ ਛੁਟਣ ਵਾਸਤੇ ਰਬ ਅੱਗੇ ਅਰਜੋਈ ਕਰ ਰਹੇ ਹਨ। ਜੋ ਇਨਕਲਾਬੀ ਆਪਣਾ ਇਸ਼ਟ ਨਹੀਂ ਛਡਦਾ ਅਤੇ ਖਿੜੇ ਮੱਥੇ ਮੌਤ ਕਬੂਲ ਕਰਦਾ ਹੈ ਉਸ ਦੀ ਹਾਲਤ ਤਰਸਯੋਗ ਨਹੀਂ ਹੁੰਦੀ। ਉਹ ਢਹਿੰਦੀਆਂ ਕਲਾਂ ਵਿਚ ਨਹੀਂ ਹੁੰਦਾ। **ਉਸ ਵਿਚ ਸਦਾਚਾਰਕ ਰੋਹ ਹੁੰਦਾ ਹੈ। ਉਹ ਹਾਰਿਆ ਹੋਇਆ ਮਨੁਖ ਬਣ ਕੇ ਨਹੀਂ ਜਾ ਰਿਹਾ ਹੁੰਦਾ। ਜੇਤੂ ਬਣ ਕੇ ਜਾ ਰਿਹਾ ਹੁੰਦਾ ਹੈ।**

ਗੁਰੂ ਗੁਬਿੰਦ ਸਿੰਘ ਅਨੰਦਪੁਰ ਛਡ ਚੁਕੇ ਸਨ। ਸਾਰਾ ਖਾਲਸਾ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ ਸ਼ਹੀਦ ਹੋ ਚੁਕੇ ਸਨ। ਗੁਰੂ ਸਾਹਿਬ ਇਕੱਲੇ ਸਨ। ਲਿਖਿਆ ਉਨ੍ਹਾਂ **ਜ਼ਫਰਨਾਮਾ** ਸੀ, ਹਾਰੇ ਹੋਏ ਦੀ ਅਰਜੋਈ ਨਹੀਂ। ਨਾਲੇ ਜ਼ਾਤੀ ਤੌਰ ਤੇ ਨਾਮ ਜਪਿਆਂ ਕੈਦ ਵਿਚੋਂ ਰਿਹਾਈ ਹੋ ਕਿਸ ਤਰ੍ਹਾਂ ਸਕਦੀ ਸੀ? ਜੇ ਇਉਂ ਹੋ ਸਕਦਾ ਹੁੰਦਾ ਤਾਂ ਗੁਰੂ ਸਾਹਿਬ ਤਾਂ ਨਾਮ ਦਾ ਸਰੂਪ ਸਨ, ਉਨ੍ਹਾਂ ਨੂੰ ਰਬ ਕੈਦ ਹੋਣ ਹੀ ਕਿਉਂ ਦੇਂਦਾ? ਗੁਰੂ ਅਰਜਨ ਸਾਹਿਬ ਸ਼ਹੀਦ ਹੁੰਦੇ ਹੀ ਕਿਉਂ? ਉਹ ਤਾਂ ਕੈਦ ਹੀ ਇਸ ਵਾਸਤੇ ਕੀਤੇ ਗਏ ਸਨ ਕਿ ਉਨ੍ਹਾਂ ਦਾ ਜਪਿਆ ਨਾਮ ਅਤੇ ਉਸ ਨਾਮ ਤੋਂ ਉਪਜਦੀ ਉਨ੍ਹਾਂ ਦੀ ਕਰਨੀਂ ਵੇਲੇ ਦੀ ਕਾਬਜ਼ ਸਟੇਟ ਨੂੰ ਸੁਖਾਂਦੀ ਨਹੀਂ ਸੀ।

ਗੁਰਬਾਣੀ ਦੇ ਮੁਤਾਬਿਕ "ਓਟ ਹਰਿ" ਦਾ ਕੀ ਮਤਲਬ ਹੈ? ਰਬ ਬਾਹੁੜਦਾ ਕਿਸ ਤਰ੍ਹਾਂ ਹੈ? ਰਬ ਬੰਦੇ ਉਤੇ ਮਿਹਰ ਕਰਦਾ ਹੈ। ਬੰਦਾ ਸਤਿਗੁਰੂ ਦੇ ਸਨਮੁਖ ਹੋ ਕੇ ਆਪਣੇ ਹਿਰਦੇ ਵਿਚ ਨਾਮ ਗ੍ਰਹਿਣ ਕਰਦਾ ਹੈ। ਉਸ ਦੇ ਅੰਦਰ ਨਾਮ ਗ੍ਰਹਿਣ ਹੋਣ ਦੇ ਨਾਲ ਉਸ ਦੇ ਦਵਾਲਿਉਂ ਮਾਇਆ ਦਾ ਬੰਧਨ ਟੁਟਦਾ ਹੈ। ਗੁਰੂ ਸਾਹਿਬ ਤਾਂ ਸਨ ਹੀ ਨਾਮ ਦਾ ਸਰੂਪ। "ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ। ਤਿਹਿ ਨਰ ਹਰਿ ਅੰਤਰੁ ਨਹੀਂ ਨਾਨਕ ਸਾਚੀ ਮਾਨੁ"। ਗੁਰੂ ਸਾਹਿਬ ਦੀ ਸਹਾਇਤਾ ਵਾਸਤੇ ਰਬ ਨੇ ਬਾਹਰੋਂ ਕਿਥੋਂ ਆਉਣਾ ਸੀ? ਜ਼ਾਹਿਰ ਹੈ ਕਿ ਇਨ੍ਹਾਂ ਕੀਤੇ ਅਰਥਾਂ ਦੀ ਸੇਧ ਹੀ ਗਲਤ ਹੈ।

"ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦੁ" ਦੇ ਕੀਤੇ ਹੋਏ ਅਰਥ ਵੀ ਗਲਤ ਹਨ। ਇਸ ਤੁਕ ਦੇ ਅਰਥ ਇਹ ਨਹੀਂ ਕਿ ਗੁਰੂ ਸਾਹਿਬ ਦਾ ਆਪਣਾ ਸਪੁਤਰ ਹੋਣ ਵਾਲਾ ਗੁਰੂ ਗੋਬਿੰਦ



ਸਿੰਘ ਚੂੰਕਿ ਜੀਉਂਦਾ ਹੈ ਇਸ ਵਾਸਤੇ ਗੁਰੂ ਸਾਹਿਬ ਨੂੰ ਕੋਈ ਫਿਕਰ ਨਹੀਂ। ਇਸ ਦਾ ਅਰਥ ਗੁਰਬਾਣੀ ਦਾ ਜਨਰਲ ਅਰਥ ਹੈ ਕਿ ਮਾਇਆ ਦੀ ਤਰਜ਼ੇ-ਜ਼ਿੰਦਗੀ ਨਹੀਂ ਰਹਿਣੀ। ਰਬ, ਸਤਿਗੁਰੂ, ਨਾਮ, ਸਾਧੂ — ਅਸਲੀਅਤ ਦੀ ਇਹ ਲੜੀ ਹੀ ਰਹੇਗੀ। ਸਿਖ ਲਹਿਰ ਨੂੰ ਉਸ ਦੀ ਉਸਾਰੀ ਦੀ ਦਸ਼ਾ ਦੀ ਲੋੜ ਅਨੁਸਾਰ ਆਗੂ ਮਿਲਦਾ ਆਇਆ ਸੀ। ਗੁਰੂ ਸਾਹਿਬ ਨੂੰ ਫਿਕਰ ਕਿਹੜੀ ਗਲ ਦਾ ਸੀ?

ਇਨ੍ਹਾਂ ਦੋਹਰਿਆਂ ਦਾ ਅਰਥ ਉਹ ਹੀ ਹੈ ਜੋ ਸਾਰੀ ਗੁਰਬਾਣੀ ਦਾ ਹੈ, ਅਤੇ ਉਸ ਜਨਰਲ ਅਰਥ ਦੇ ਪ੍ਰਸੰਗ ਵਿਚ ਪੇਸ਼ ਖਾਸ ਮਸਲੇ ਦਾ। ਗੁਰੂ ਸਾਹਿਬ ਦੇ ਸਾਹਮਣੇ ਬੁਨਿਆਦੀ ਮਸਲਾ ਉਨ੍ਹਾਂ ਦੀ ਆਪਣੀ ਕੈਦ ਤੇ ਉਨ੍ਹਾਂ ਦੀ ਹੋਣ ਵਾਲੀ ਸ਼ਹੀਦੀ ਨਹੀਂ। ਬੁਨਿਆਦੀ ਮਸਲਾ ਮਨੁਖ ਉਤੇ ਮਾਇਆ ਦਾ ਬੰਧਨ ਹੈ। ਸਮਾਜ ਵਿਚ ਮਾਇਆ ਦੇ ਨਿਜ਼ਾਮ ਦਾ ਕਾਬਜ਼ ਹੋਣਾ ਹੈ। ਜਿਸ ਤਰ੍ਹਾਂ ਗੁਰੂ ਨਾਨਕ ਦੇ ਸਾਹਮਣੇ ਬੁਨਿਆਦੀ ਸਵਾਲ ਬਾਬਰ ਦੇ ਹਿੰਦੁਸਤਾਨ ਉਤੇ ਹਮਲੇ ਦਾ ਨਹੀਂ, ਮਨੁਖ ਉਤੇ ਮਾਇਆ ਦੇ ਬੰਧਨ ਦਾ ਹੈ। ਉਹ ਜਾਣਦੇ ਹਨ ਕਿ ਜਿੰਨਾਂ ਚਿਰ ਬੀਮਾਰੀ ਦੀ ਜੜ੍ਹ ਨਹੀਂ ਜਾਵੇਗੀ, ਬੀਮਾਰੀ ਜਾ ਹੀ ਨਹੀਂ ਸਕਦੀ। ਇਸ ਵਾਸਤੇ ਹੀ ਉਹ ਕਹਿੰਦੇ ਹਨ ਕਿ ਬਾਬਰ ਦੇ ਹਮਲੇ ਨਾਲ ਬਸ ਨਹੀਂ ਹੋ ਗਈ। ਜਿੰਨਾਂ ਚਿਰ ਮਨੁਖ ਦੇ ਦਵਾਲਿਉਂ ਮਾਇਆ ਦਾ ਬੰਧਨ ਟੁਟੇਗਾ ਨਹੀਂ, ਮਨੁਖ ਦੇ ਖੂਨ ਦੀਆਂ ਨਦੀਆਂ ਵਗਦੀਆਂ ਹੀ ਜਾਣਗੀਆਂ। "ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ।" ਬਾਬਰ ਦਾ ਹਮਲਾ ਮਨੁਖ ਉਤੇ ਮਾਇਆ ਦੇ ਬੰਧਨ ਦਾ ਇਕ ਸਿੱਟਾ ਹੈ। ਗੁਰੂ ਤੇਗ ਬਹਾਦਰ ਦੀ ਕੈਦ ਤੇ ਉਨ੍ਹਾਂ ਦੀ ਸ਼ਹੀਦੀ ਮਨੁਖ ਉਤੇ ਮਾਇਆ ਦੇ ਬੰਧਨ ਦਾ, ਮਾਇਆ ਦੇ ਨਿਜ਼ਾਮ ਦੇ ਕਾਬਜ਼ ਹੋਣ ਦਾ ਲਾਜ਼ਮੀ ਸਿੱਟਾ ਹਨ।

ਗੁਰੂ ਤੇਗ ਬਹਾਦਰ ਦਾ ਨਜ਼ਰੀਆ ਵੀ ਗੁਰੂ ਨਾਨਕ ਵਾਲਾ ਹੀ ਹੈ। ਉਨ੍ਹਾਂ ਦਾ ਧਿਆਨ ਵੀ ਬੁਨਿਆਦੀ ਮਸਲਾ ਹਲ ਕਰਨ ਵਲ ਹੀ ਹੈ। ਬੁਨਿਆਦੀ ਬੀਮਾਰੀ ਤੋਂ ਪੈਦਾ ਹੁੰਦੀਆਂ ਅਲਾਮਤਾਂ ਮਗਰ ਉਹ ਨਹੀਂ ਜਾ ਰਹੇ। ਹਾਥੀ ਨੂੰ ਤੰਦੂਏ ਨੇ ਆਪਣੀਆਂ ਤਾਰਾਂ ਨਾਲ ਹਰ ਪਾਸਿਉਂ ਜੱਕੜਿਆ ਹੋਇਆ ਹੈ। ਉਹ ਪਰਵਸ ਹੈ। ਬਲਹੀਣ ਹੈ। ਤੰਦੂਏ ਦੀਆਂ ਤਾਰਾਂ ਦਾ ਜਕੜ ਮਨੁਖ ਉਤੇ ਮਾਇਆ ਦੇ ਬੰਧਨ ਨਾਲ ਮੇਲ ਖਾਂਦਾ ਹੈ। **ਮਾਇਆ ਨੇ ਮਨੁਖ ਨੂੰ ਅੰਦਰੋਂ ਤਾਂ ਜਕੜਿਆ ਹੋਇਆ ਹੈ ਹਉਮੈਂ ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਅਤੇ ਬਾਹਰੋਂ ਆਪਣੇ ਨਿਜ਼ਾਮ ਦੇ ਪੈਦਾਵਾਰ ਦੇ ਰਿਸ਼ਤਿਆਂ, ਸਮਾਜਕ ਰਿਸ਼ਤਿਆਂ, ਸੁਮੇਤ ਸਟੇਟ ਤੇ ਉਸਦੀਆਂ ਸੰਸਥਾਵਾਂ ਨਾਲ**। ਦਿਲ ਦਿਮਾਗ ਉਸ ਦਾ ਕਾਬੂ ਕੀਤਾ ਹੋਇਆ ਹੈ ਮਤ ਮਲੀਨ ਨਾਲ। ਮਨੁਖ ਦੇ ਹਥੋਂ ਬਲ ਦਾ ਛੁਟ ਜਾਣਾ, ਉਸ ਦਾ ਬਲਹੀਣ ਹੋ ਜਾਣਾ ਅਤੇ ਉਸ ਦੇ ਦਵਾਲੇ ਮਾਇਆ ਦੇ ਬੰਧਨ ਦਾ ਪੈ ਜਾਣਾ ਆਪਸ ਵਿਚ ਪ੍ਰਸਪਰ ਤੌਰ ਤੇ ਸਬੰਧਤ ਹਨ। ਜਦੋਂ ਮਨੁਖ ਅੰਦਰੋਂ ਬਾਹਰੋਂ ਮਾਇਆ ਦੇ ਬੰਧਨ ਵਿਚ ਹੈ, ਉਹ ਸ਼ਿਕਾਰ ਹੋ ਚੁਕਾ ਹੈ। ਬੰਧਨ ਦੇ ਵਿਚੋਂ ਨਿਕਲਣ ਵਾਸਤੇ ਕੋਈ ਉਪਾਅ ਨਹੀਂ। ਸਿਰਫ ਇਕ ਹੀ ਰਾਹ ਹੈ। ਰਬ ਉਸ ਤੇ ਮੇਹਰ ਕਰੇ ਅਤੇ ਮਨੁਖ ਆਪਣੇ ਅੰਦਰ ਨਾਮ ਗ੍ਰਹਿਣ ਕਰੇ।

ਇਥੇ ਮਸਲਾ ਕੀ ਪੇਸ਼ ਹੈ? ਉਹ ਹੀ ਜੋ ਗੁਰੂ ਨਾਨਕ ਨੇ ਬੀਮਾਰੀ ਦੀ ਤਸ਼ਖੀਸ ਕੀਤੀ ਸੀ ਤੇ ਉਸ ਦਾ ਇਲਾਜ ਦਸਿਆ ਸੀ। ਬਾਬਰ ਦਾ ਹਮਲਾ ਹੋਇਆ ਸੀ। "ਖੂਨ ਦੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।" ਗੁਰੂ ਨਾਨਕ ਨੇ ਇਲਾਜ ਕੀ ਦਸਿਆ ਸੀ? "ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ।" ਉਨ੍ਹਾਂ ਇਹ ਕਿਹਾ ਸੀ ਕਿ ਤੁਹਾਡੇ ਨਾਲ ਇਹ ਬਾਬ

ਕਿਉਂ ਹੋਈ ਹੈ ? ਇਸ ਵਾਸਤੇ ਹੋਈ ਹੈ ਕਿ ਤੁਸਾਂ ਰਬ ਭੁਲਾਇਆ ਹੋਇਆ ਸੀ। ਪਹਿਲੋਂ ਵੇਲੇ ਸਿਰ ਰਬ ਨੂੰ ਯਾਦ ਨਹੀਂ ਕੀਤਾ। ਉਹ ਇਲਾਜ ਕੀ ਦਸਦੇ ਹਨ ? ਸਾਫ ਹੀ ਕਿ ਸਤਿਗੁਰੂ ਕੋਲੋਂ ਨਾਮ ਲੈ ਕੇ ਹਿਰਦੇ ਵਿਚ ਗ੍ਰਹਿਣ ਕਰੋ। ਜੇ ਨਾਮ ਗ੍ਰਹਿਣ ਕਰ ਲਵੋਗੇ ਤਾਂ ਮੁੜ ਤੁਹਾਡੇ ਨਾਲ ਇਹ ਬਾਬ ਨਹੀਂ ਹੋਵੇਗੀ।

ਸਥਿਤੀ ਸਿਆਸੀ ਹੈ, ਫੌਜੀ ਹੈ। ਗੁਰੂ ਸਾਹਿਬ ਉਸ ਦਾ ਹਲ ਗੁਰਬਾਣੀ ਵਾਲੇ ਰਬ ਨੂੰ ਯਾਦ ਕਰਨ ਵਿਚ, ਨਾਮ ਗ੍ਰਹਿਣ ਕਰਨ ਵਿਚ ਦਸਦੇ ਹਨ। ਇਹ ਹੱਲ ਕਿਵੇਂ ਹੋਇਆ ? ਲੋਕ ਨਾਮ ਗ੍ਰਹਿਣ ਕਰਨਗੇ। ਉਹ ਮਾਇਆ ਦੇ ਨਿਜ਼ਾਮ ਦੇ ਵਿਰੁਧ ਇਨਕਲਾਬੀ ਚੇਤਨਾ ਦਾ ਸਰੂਪ ਹੋ ਜਾਣਗੇ। ਮਾਇਆ ਦਾ ਨਿਜ਼ਾਮ ਤੋੜਕੇ ਨਾਮ ਦੇ ਆਧਾਰ ਤੇ ਸਮਾਜ ਚਲਾਉਣਗੇ। ਦੁਨੀਆਂ ਧਰਮ-ਸਾਲ ਬਣ ਜਾਵੇਗੀ। ਧਰਤੀ ਉਤੇ ਗੁਰਮੁਖਾਂ, ਸੰਤਾਂ ਦਾ ਹੀ ਵਾਸਾ ਹੋਵੇਗਾ। ਜਿੰਨਾਂ ਚੋਰਾਂ ਹੁਣ ਇਹ ਧਰਤੀ ਮੱਲੀ ਹੋਈ ਹੈ, ਉਹ ਖਤਮ ਹੋ ਜਾਣਗੇ।

ਗੁਰੂ ਤੇਗ ਬਹਾਦਰ ਸਾਹਿਬ ਕਿਸ ਮਸਲੇ ਨੂੰ ਮੁਖਾਤਬ ਹਨ ? ਮਾਇਆ ਦੇ ਪਾਏ ਬੰਧਨ ਦੇ ਮਸਲੇ ਨੂੰ। ਮਾਇਆ ਅਜੇ ਵੀ ਕਾਬਜ਼ ਹੈ। ਜਾਬਰ ਹੈ। ਹਮਲਾ ਕਰਦੀ ਹੈ। ਨਾਮ ਦੇ ਸਰੂਪ ਹੋਇਆਂ ਨੂੰ ਕੈਦ ਕਰਦੀ ਹੈ। ਉਨ੍ਹਾਂ ਨੂੰ ਤਲਵਾਰ ਦੇ ਘਾਟ ਉਤਾਰਦੀ ਹੈ। ਗੁਰੂ ਨਾਨਕ ਦੇ ਵੇਲੇ ਨਾਲੋਂ ਮਾਇਆ ਦੇ ਮਨੁਖ ਉਤੇ ਹਮਲੇ ਦਾ ਰੂਪ ਹੀ ਵਖਰਾ ਹੈ। ਮੂਲ ਉਹ ਹੀ ਹੈ। **ਮਾਇਆ ਦੇ ਮਨੁਖ ਉਤੇ ਬੰਧਨ ਦਾ ਹਲ ਕੀ ਹੈ ? ਉਸ ਨੂੰ ਤੋੜਨਾ। ਉਹ ਟੁਟਦਾ ਕਿਵੇਂ ਹੈ ? ਮੈਦਾਨੇ ਜੰਗ ਵਿਚ ਬਲ ਨਾਲ, ਤਾਕਤ ਨਾਲ। ਤਾਕਤ ਕਿਸ ਦੀ ਨਾਲ ? ਨਾਮ ਵਾਲਿਆਂ ਦੀ ਨਾਲ। ਉਹ ਤਾਕਤ ਪੈਦਾ ਕਿਸ ਤਰ੍ਹਾਂ ਹੋਣੀ ਹੈ ? ਅੰਧੀ ਗਿਆਨ-ਵਿਹੂਣੀ ਰਈਅਤ ਦੇ ਨਾਮ ਗ੍ਰਹਿਣ ਕੀਤਿਆਂ। ਉਸ ਨੂੰ ਨਾਮ ਗ੍ਰਹਿਣ ਕਰਵਾਇਆਂ। ਨਾਮ ਦੇ ਆਧਾਰ ਤੇ ਚੇਤੰਨ ਹੋਈ ਨੂੰ ਹਥਿਆਰਬੰਦ ਕੀਤਿਆਂ।**

ਇਨ੍ਹਾਂ ਦੋਹਰਿਆਂ ਵਿਚ ਪ੍ਰਗਟ ਮਸਲਾ ਹੈ ਅੰਧੀ ਗਿਆਨ ਵਿਹੂਣੀ ਰਈਅਤ ਨੂੰ ਨਾਮ ਗ੍ਰਹਿਣ ਕਰਵਾਕੇ, ਹਥਿਆਰ ਬੰਦ ਕਰਕੇ ਮਾਇਆ ਦੇ ਕਾਬਜ਼ ਨਿਜ਼ਾਮ, ਉਸ ਦੀ ਸਟੇਟ ਦੇ ਵਿਰੁਧ ਬਲ ਪੈਦਾ ਕਰਨ ਦਾ, ਤਾਕਤ ਪੈਦਾ ਕਰਨ ਦਾ। ਲਹਿਰ ਦੀ ਉਸਾਰੀ ਦੀ ਉਚੇਰੀ ਪੱਧਰ ਤੇ ਮਸਲਾ ਉਹ ਹੀ ਹੈ ਜੋ ਗੁਰੂ ਅਰਜਨ ਦੀ ਸ਼ਹੀਦੀ ਵੇਲੇ ਪੇਸ਼ ਸੀ। ਜਦੋਂ ਮਾਇਆ ਦੇ ਨਿਜ਼ਾਮ ਦੀ ਸਟੇਟ ਹਮਲਾ ਕਰਦੀ ਹੈ ਤਾਂ ਉਸ ਦੀ ਤਾਕਤ ਦਾ ਮੁਕਾਬਲਾ ਤਾਕਤ ਨਾਲ ਕੀਤਾ ਜਾਵੇ। ਸੋ ਇਥੇ ਉਸ ਬਲ ਦਾ ਮਸਲਾ ਪੇਸ਼ ਹੈ। ਸੁਨੇਹਾ ਜਾਂ ਚਿੱਠੀ ਘੱਲੇ ਦਾ ਤੱਥ ਇਤਿਹਾਸਕ ਹੈ ਕਿ ਨਹੀਂ ਇਹ ਕੋਈ ਬੜਾ ਬੁਨਿਆਦੀ ਸਵਾਲ ਨਹੀਂ। ਸ਼ਹੀਦੀ ਹੋਈ ਦੇ ਮਗਰੋਂ ਜਿਸ ਨੇ ਲਹਿਰ ਦੀ ਵਾਗ-ਡੋਰ ਸੰਭਾਲਣੀ ਹੈ, ਸਥਿਤੀ ਉਸ ਦੇ ਸਾਹਮਣੇ ਹੈ। ਗੁਰੂ ਹਰ ਗੁਬਿੰਦ ਸਾਹਿਬ ਨੇ ਲਹਿਰ ਨੂੰ ਹਥਿਆਰ-ਬੰਦ ਕੀਤਾ। ਆਪਣੇ ਸਾਹਮਣੇ ਪੇਸ਼ ਮਸਲੇ ਦੇ ਮੁਤਾਬਿਕ ਗੁਰੂ ਗੁਬਿੰਦ ਸਿੰਘ ਨੇ ਲਹਿਰ ਨੂੰ ਨਾ ਸਿਰਫ ਹਥਿਆਰਬੰਦ ਹੀ ਕੀਤਾ, ਸਗੋਂ ਖਾਲਸਾ ਸਾਜ ਕੇ ਲਹਿਰ ਦੀ ਹਥਿਆਰਬੰਦੀ ਨੂੰ ਪੱਕਿਆਂ ਪੈਰਾਂ ਤੇ ਖੜਿਆਂ ਕਰ ਦਿੱਤਾ।

ਹੋਰ ਗੁਰਬਾਣੀ ਵਾਂਗ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਮਾਇਆ ਦਾ ਤਿਆਗ ਕਰਵਾਉਂਦੀ ਹੈ। ਸੰਸਾਰ ਦਾ, ਜ਼ਿੰਦਗੀ ਦਾ ਨਹੀਂ। "ਜਿਨਾ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ। ਕਹੁ ਨਾਨਕ ਸੁਨ ਰੇ ਮਨਾ ਤਿਹਿ ਘਟਿ ਬ੍ਰਹਿਮ ਨਿਵਾਸੁ। ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮ ਪਛਾਨ। ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨ।" ਗੁਰੂ ਸਾਹਿਬ ਦੀ ਬਾਣੀ ਦਾ ਅਰਥ ਦੋ ਗੱਲਾਂ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ ? ਮਾਇਆ ਦੇ ਬੰਧਨ ਨੂੰ ਮਨੁਖ ਦੇ ਦਵਾਲਿਉਂ ਖਤਮ ਕਰਨ ਦੇ ਪ੍ਰਸੰਗ ਵਿਚ ਅਤੇ ਲਹਿਰ ਦੀ ਦਸ਼ਾ ਦੀ ਲੋੜ ਦੇ ਪ੍ਰਸੰਗ ਵਿਚ। ਗੁਰਬਾਣੀ ਵਿਚੋਂ ਜ਼ਿੰਦਗੀ ਵਲੋਂ ਉਪਰਾਮਤਾ ਲਭਣੀ ਮੁਢੋਂ ਹੀ ਖੁਸ ਜਾਣ ਵਾਲੀ ਗਲ ਹੈ।

——

ਸੁਰਜੀਤ ਹਾਂਸ

## ਗੁਰੂ ਤੇਗ ਬਹਾਦਰ ਦੀ ਬਾਣੀ ਦਾ ਇਤਿਹਾਸਿਕ ਮੁੱਲ

ਗੁਰੂ ਤੇਗ ਬਹਾਦਰ ਦੀ ਬਾਣੀ ਐਸੀ ਪ੍ਰਮਾਣਿਕ (authentic) ਗਵਾਹੀ ਹੈ ਜਿਸ ਨੂੰ ਇਤਿ-ਹਾਸਕਾਰ ਅੱਖੋਂ ਉਹਲੇ ਨਹੀਂ ਕਰ ਸਕਦਾ। ਇਹ ਵਖਰੀ ਗੱਲ ਹੈ ਕਿ ਸਾਹਿੱਤਕ (literary) ਗਵਾਹੀ ਬਹੁਤੀ ਤੱਥ ਰੂਪੀ (factual) ਪ੍ਰਤੀਤ ਨਹੀਂ ਹੁੰਦੀ। ਸਾਨੂੰ ਗੁਰੂ ਤੇਗ ਬਹਾਦਰ ਦੀ ਬਾਣੀ ਤੋਂ ਉਹਨਾਂ ਦੇ ਜੀਵਨ ਸੰਬੰਧੀ ਮਿਤੀਆਂ ਦਾ ਪਤਾ ਨਹੀਂ ਲਗ ਸਕਦਾ ਅਤੇ ਨਾ ਹੀ ਬਾਣੀ ਅਜਿਹੇ ਅੰਕੜਿਆਂ ਦਾ ਭੇਤ ਦੇ ਸਕਦੀ ਹੈ ਜਿਹੜੇ ਗੁਰੂ ਸਾਹਿਬ ਦੀ ਜੀਵਨੀ ਲਈ ਲਾਹੇਵੰਦ ਹੋ ਸਕਦੇ ਹਨ। ਪਰ ਸਾਹਿੱਤਕ ਗਵਾਹੀ ਵਿਚੋਂ ਸਾਨੂੰ ਉਹ ਕੁਝ ਮਿਲ ਜਾਂਦਾ ਹੈ ਜਿਸ ਦਾ ਆਪਣਾ ਤੱਥ ਹੁੰਦਾ ਹੈ ਭਾਵੇਂ ਇਹ ਮਿਤੀਆਂ ਥਾਵਾਂ ਦੇ ਤੱਥ ਨਾਲੋਂ ਵੱਖਰੀ ਕਿਸਮ ਦਾ ਹੁੰਦਾ ਹੈ। ਸਾਨੂੰ ਗੁਰੂ ਤੇਗ ਬਹਾਦਰ ਦੀ ਬਾਣੀ ਤੋਂ ਉਹਨਾਂ ਦੀ ਭਾਵਨਾ-ਸ਼ੈਲੀ (style of feeling) ਦਾ ਪਤਾ ਲਗਦਾ ਹੈ ਜਿਹੜੀ ਉਹਨਾਂ ਦੇ ਜੀਵਨ ਅਤੇ ਚਰਿਤ੍ਰ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ। ਅਸੀਂ ਇਹ ਵੀ ਜਾਣ ਸਕਦੇ ਹਾਂ ਕਿ ਗੁਰੂ ਸਾਹਿਬ ਆਪਣੇ ਸਰੋਤਿਆਂ/ਪਾਠਕਾਂ ਪ੍ਰਤੀ ਕਿਹੋ ਜਿਹੀ ਸੁਰ (tone) ਅਪਣਾਉਂਦੇ ਹਨ। ਇਸ ਸੁਰ ਪਿੱਛੇ ਅਸੀਂ ਕਈ ਆਧਾਰ (assumption) ਵੀ ਵੇਖ ਸਕਾਂਗੇ ਜਿਹਨਾਂ ਤੋਂ ਸਾਨੂੰ ਸਮਕਾਲੀ ਪੰਥ ਬਾਰੇ ਬਹੁਤ ਕੁਝ ਲੱਭ ਸਕਦਾ ਹੈ[1]।

ਇਤਿਹਾਸ-ਸ਼ਾਸਤਰ (historiography) ਅਨੁਸਾਰ ਇਤਿਹਾਸਿਕ ਗਵਾਹੀ ਆਪਣੇ ਆਪ 'ਚ ਖ਼ਾਮੋਸ਼ ਹੁੰਦੀ ਹੈ। ਜੇ ਅਸੀਂ ਇਤਿਹਾਸਿਕ ਗਵਾਹੀ ਨੂੰ ਕੋਈ ਸਵਾਲ ਨਹੀਂ ਕਰਦੇ ਤਾਂ ਉਹ ਸਾਡੇ ਲਈ ਨਾ ਹੋਇਆਂ ਬਰਾਬਰ ਦੀ ਹੈ। ਇਤਿਹਾਸਕਾਰ ਦੀ ਹੋਸ਼ਿਆਰੀ ਹੀ ਸਵਾਲਾਂ ਰਾਹੀਂ ਗਵਾਹੀ ਤੋਂ ਉਹ ਗੱਲਾਂ ਕੱਢ ਲੈਣ ਦੀ ਹੁੰਦੀ ਹੈ ਜਿਹਨਾਂ ਦਾ ਦੂਸਰਿਆਂ ਨੂੰ ਗੁਮਾਨ ਤਕ ਨਹੀਂ ਹੁੰਦਾ। ਇਤਿਹਾਸ-ਸ਼ਾਸਤਰ ਦਾ ਦੂਜਾ ਅਸੂਲ ਇਹ ਹੈ ਕਿ ਕੋਈ ਵੀ ਗਵਾਹੀ ਆਪਣੇ ਆਪ 'ਚ ਮੁਕੰਮਲ ਨਹੀਂ ਹੁੰਦੀ। ਇਹ ਦੂਸਰੀਆਂ ਗਵਾਹੀਆਂ ਨਾਲ ਰਲ ਕੇ ਅਤੇ ਉਹਨਾਂ ਦੀ ਸੰਮਤੀ ਨਾਲ ਹੀ ਕਿਸੇ ਇਤਿਹਾਸਿਕ ਤੱਥ ਨੂੰ ਪੈਰਾਂ 'ਤੇ ਖੜਾ ਕਰ ਸਕਦੀ ਹੈ। ਅਸੀਂ ਇਸ ਲੇਖ ਵਿਚ ਇਹੀ ਵੇਖਣਾ ਹੈ ਕਿ ਸਾਨੂੰ ਗੁਰੂ ਸਾਹਿਬ ਦੀ ਬਾਣੀ ਤੋਂ ਕਿਹੜੀ ਚੀਜ਼ ਮਿਲਦੀ ਪਰਤੀਤ ਹੁੰਦੀ ਹੈ ਅਤੇ ਇਹ ਗੁਰੂ ਸਾਹਿਬ ਦੀ ਜੀਵਨੀ ਦੇ ਜਾਣੇ ਪਹਿਚਾਣੇ ਕਿਹੜੇ ਤੱਥਾਂ ਨੂੰ ਮਜ਼ਬੂਤ ਕਰਦੀ ਹੈ ਅਤੇ ਕਿਹੜੇ ਅਨੁਮਾਨਾਂ ਨੂੰ ਸ਼ਹਿ ਦਿੰਦੀ ਹੈ।

ਗੁਰੂ ਤੇਗ ਬਹਾਦਰ ਦੇ ਜੀਵਨ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਗੁਰੂ ਹਰਗੋਬਿੰਦ ਦੀ ਸਰਪ੍ਰਸਤੀ ਦਾ ਸਮਾਂ 1621-44; ਸਮਾਜ ਤੋਂ ਲਾਂਭੇ ਹੋਣ ਜਾਂ ਪਿੱਛ-ਪਰਤਣ (withdrawal) ਦਾ ਸਮਾਂ; ਪੰਥਿਕ ਅਗਵਾਈ ਦੀ ਜ਼ਿੰਮੇਂਦਾਰੀ ਅਰਥਾਤ ਸਰੋਕਾਰੀ (involve-ment) ਦਾ ਸਮਾਂ।

**ਗੁਰੂ ਹਰ ਗੋਬਿੰਦ ਦੀ ਸਰਪ੍ਰਸਤੀ ਦਾ ਸਮਾਂ।** ਇਸ ਸਮੇਂ ਦੀਆਂ ਮੁੱਖ ਘਟਨਾਵਾਂ ਕੁਝ ਇਸ ਤਰ੍ਹਾਂ ਹਨ। ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ 1621 ਵਿਚ ਹੋਇਆ; ਉਹਨਾਂ ਦੇ

ਭਾਈ ਅਟੱਲ ਰਾਏ 1628 ਵਿਚ ਚੜ੍ਹਾਈ ਕਰ ਗਏ; 1631 ਵਿਚ ਗੁਰੂ ਘਰ ਦੇ ਪ੍ਰਸਿੱਧ ਵਿਅੱਕਤੀ ਬਾਬਾ ਬੁੱਢਾ ਜੀ ਚਲਾਣਾ ਕਰ ਗਏ; 1634 ਵਿਚ ਗੁਰੂ ਸਾਹਿਬ ਦੀ ਸ਼ਾਦੀ ਹੋਈ ਅਤੇ ਆਪ ਨੇ ਇਸੇ ਸਾਲ ਕਰਤਾਰਪੁਰ ਦੀ ਲੜਾਈ ਵਿਚ ਐਸੀ ਬਹਾਦਰੀ ਵਿਖਾਈ ਕਿ (ਕਈ ਇਤਿਹਾਸਕਾਰਾਂ ਅਨੁਸਾਰ) ਆਪ ਨੂੰ ਤੇਗ਼ ਬਹਾਦਰ ਖ਼ਿਤਾਬ (title) ਦਿੱਤਾ ਗਿਆ; 1638 ਵਿਚ ਇਹਨਾਂ ਦੇ ਸਭ ਤੋਂ ਵੱਡੇ ਭਾਈ ਬਾਬਾ ਗੁਰਦਿੱਤਾ ਜੀ ਜੋਤੀ ਜੋਤ ਸਮਾ ਗਏ; 1640 ਵਿਚ ਗੁਰੂ ਸਾਹਿਬ ਦੇ ਰਾਗ-ਵਿੱਦਿਆ ਅਤੇ ਜੰਗੀ ਇਲਮ ਦੇ ਉਸਤਾਦ ਬਾਬਕ ਅਤੇ ਜੈਤ ਮੱਲ ਚਲ ਬਸੇ। ਗੁਰੂ ਹਰਿ ਗੋਬਿੰਦ ਸਾਹਿਬ ਦੀ ਆਪਣੀ ਬਹੁਤ ਸਰੋਕਾਰੀ (involvement) ਸੀ ਅਤੇ ਉਹਨਾਂ ਦੇ ਅਸਰ ਹੇਠ ਇਸ ਸਮੇਂ ਨੂੰ ਗੁਰੂ ਤੇਗ਼ ਬਹਾਦਰ ਦੀ ਮੁੱਢਲੀ ਸਰੋਕਾਰੀ ਦਾ ਸਮਾਂ ਕਿਹਾ ਜਾ ਸਕਦਾ ਹੈ। 1644 ਵਿਚ ਧੀਰ ਮੱਲ (ਬਾਬੇ ਗੁਰਦਿੱਤੇ ਦਾ ਵੱਡਾ ਲੜਕਾ) ਮਸੰਦਾਂ ਨੂੰ ਭਾੜੇ ਤੇ ਕਰਕੇ ਗੁਰਗੱਦੀ ਦੇ ਦਾਅਵੇ ਕਰ ਰਿਹਾ ਸੀ। ਪਰ ਗੁਰੂ ਹਰਿ ਗੋਬਿੰਦ ਸਾਹਿਬ ਨੇ ਗੱਦੀ ਧੀਰ ਮੱਲ ਦੇ ਛੋਟੇ ਭਾਈ ਗੁਰੂ ਹਰਿ ਰਾਏ ਨੂੰ ਦਿੱਤੀ। ਗੁਰੂ ਤੇਗ਼ ਬਹਾਦਰ ਨੇ ਗੁਰੂ ਹਰਿ ਰਾਇ ਨੂੰ ਗੁਰੂ ਮੰਨਣ ਵਿਚ ਪਹਿਲ ਵਿਖਾਈ ਸੀ ਭਾਵੇਂ ਇਹ ਉਹਨਾਂ ਦੇ ਚਾਚੇ ਲਗਦੇ ਸਨ।

ਇਥੇ ਇਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਇਸ ਤੋਂ ਬਾਅਦ ਗੁਰੂ ਸਾਹਿਬ ਨੇ ਗੁਰੂ ਹਰਿ ਕ੍ਰਿਸ਼ਨ ਨੂੰ ਗੁਰੂ ਮੰਨਣ ਵਿਚ ਕੋਈ ਹਿਚਕਚਾਹਟ ਨਹੀਂ ਵਿਖਾਈ ਸੀ ਜਿਹੜੀ ਕਿ ਅਸਾਧਾਰਨ ਗੱਲ ਸੀ ਕਿਉਂਕਿ ਗੁਰੂ ਘਰ ਵਿਚ ਗੱਦੀ ਲਈ ਝਗੜਾ ਕਰਨਾ, ਭਾਵੇਂ ਇਹ ਨਿੰਦਣਯੋਗ ਗੱਲ ਸੀ, ਸੁਭਾਵਿਕ ਹੋ ਗਿਆ ਸੀ। ਗੁਰੂ ਸਾਹਿਬ ਦੀ ਬਚਪਨ ਤੋਂ ਹੀ ਤਿਆਗ ਦੀ ਪ੍ਰਸਿੱਧੀ ਸੀ ਅਤੇ ਅਜਿਹੇ ਤਿਆਗ ਦੀਆਂ ਮਿਸਾਲਾਂ ਅੱਗੇ ਘੱਟ ਹੀ ਮਿਲੀਆਂ ਸਨ।

**ਸਮਾਜ ਤੋਂ ਪਿੱਛ-ਪਰਤਣ** (withdrawal) **ਦਾ ਸਮਾਂ** 1644-64। ਇਹ ਪਰੰਪਰਾ ਬੜੀ ਤਕੜੀ ਹੈ ਕਿ ਗੁਰੂ ਸਾਹਿਬ ਬਾਬੇ ਬਕਾਲੇ ਸਮਾਜੀ ਝਮੇਲਿਆਂ ਤੋਂ ਪਰੇ ਹਟ ਅਧਿਆਤਮਿਕ ਉੱਨਤੀ ਵਿਚ ਹੀ ਲੱਗੇ ਰਹਿੰਦੇ ਸਨ। ਕੇਵਲ ਕਿਰਪਾਲ ਚੰਦ (ਗੁਰੂ ਗੋਬਿੰਦ ਸਿੰਘ ਦੇ ਮਾਮਾ ਜੀ) ਉਹਨਾਂ ਨੂੰ ਹਰ ਛੇਈਂ ਮਹੀਨੀਂ ਪੰਥ ਦੀ ਖ਼ਬਰ ਦੇ ਜਾਂਦੇ ਸਨ ਕਿਉਂਕਿ ਉਹ ਗੁਰੂ ਹਰਿ ਰਾਇ ਦੇ ਦਸਤੇ (contingent) ਵਿਚ ਸਨ। ਗੁਰੂ ਤੇਗ਼ ਬਹਾਦਰ ਨੂੰ ਲਾਹੌਰ ਦੀਆਂ ਖ਼ਬਰਾਂ ਨਜ਼ਦੀਕੀ ਸੋਢੀਆਂ ਤੋਂ ਮਿਲਦੀਆਂ ਰਹਿੰਦੀਆਂ ਸਨ।

**ਪੰਥਕ ਅਗਵਾਈ ਦੀ ਜ਼ਿੰਮੇਵਾਰੀ ਅਰਥਾਤ ਦੂਸਰੀ ਸਰੋਕਾਰੀ** involvement) **ਦਾ ਸਮਾਂ** 1664-75। 1664 ਵਿਚ ਸਿੱਖ ਸੰਗਤਾਂ ਨੇ ਗੁਰੂ ਸਾਹਿਬ ਨੂੰ ਗੁਰ ਗੱਦੀ ਸੰਭਾਲਣ 'ਤੇ ਮਜਬੂਰ ਕੀਤਾ। ਇਸੇ ਸਮੇਂ ਹੀ ਧੀਰ ਮੱਲ ਨੇ ਉਹਨਾਂ ਨੂੰ ਕਤਲ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ। ਕੁਝ ਸਮੇਂ ਬਾਅਦ ਇਹ ਹੋਇਆ ਕਿ ਹਰਿ ਜੀ ਮੀਣੇ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ ਅਤੇ ਗੁਰੂ ਸਾਹਿਬ ਨੂੰ ਅੰਦਰ ਨਾ ਜਾਣ ਦਿਤਾ। ਇਹ ਪਰੰਪਰਾ ਵੀ ਕਾਫੀ ਤਕੜੀ ਹੈ ਕਿ 1660 ਵਿਚ ਮੁਗ਼ਲ ਸਾਮਰਾਜ ਨੇ ਗੁਰੂ ਸਾਹਿਬ ਨੂੰ ਕੈਦ ਕਰ ਲਿਆ ਸੀ[2]। ਰਾਜਾ ਰਾਮ ਸਿੰਘ ਕਛਵਾਹਾ ਰਾਹੀਂ ਮੁਆਮਲਾ ਰਫ਼ਾ ਦਫ਼ਾ ਹੋਣ 'ਤੇ ਗੁਰੂ ਸਾਹਿਬ ਪੂਰਬ ਨੂੰ ਚਲੇ ਗਏ। ਉਹ 1671 ਵਿਚ ਆਨੰਦਪੁਰ ਵਾਪਿਸ ਪਹੁੰਚੇ। 1672-3 ਵਿਚ ਮਾਲਵੇ ਵਿਚ ਸਿੱਖੀ ਦਾ ਪਰਚਾਰ ਕੀਤਾ। 1675 ਵਿਚ ਕਸ਼ਮੀਰੀ ਪੰਡਿਤ ਗੁਰੂ ਸਾਹਿਬ ਨੂੰ ਮਿਲਣ ਆਏ ਅਤੇ ਇਸ ਤੋਂ ਬਾਅਦ ਚਾਂਦਨੀ ਚੌਂਕ ਵਿਚ ਸ਼ਹੀਦੀ ਪਾਈ।

ਇਹ ਵੇਖਣ ਲਈ ਕਿ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਜ਼ਿੰਦਗੀ ਦੇ ਕਿਹੜੇ ਪੱਖਾਂ ਉੱਤੇ



ਜ਼ੋਰ ਦਿੱਤਾ ਗਿਆ ਹੈ ਅਤੇ ਕਿਹੜੇ ਅੰਸ਼ਾਂ ਦੀ ਅਣਹੋਂਦ ਹੈ, ਉਹਨਾਂ ਦੀ ਬਾਣੀ ਦਾ ਪ੍ਰਸੰਗ ਬਣਾਉਣਾ ਮੈਂ ਜ਼ਰੂਰੀ ਸਮਝਿਆ ਹੈ। ਇਹ ਕੰਮ ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਬਾਬੇ ਨਾਨਕ ਦੀ ਬਾਣੀ ਨਾਲ ਮੁਆਜ਼ਨਾ (contrast) ਕਰਕੇ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਅਸੀਂ ਰਾਗ-ਵਾਰ ਗੁਰੂ ਨਾਨਕ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਅਧਿਅਨ ਕਰ ਸਕਦੇ ਹਾਂ। ਇਸ ਸਿਲਸਿਲੇ ਵਿਚ ਸਭ ਤੋਂ ਪਹਿਲੀ ਚੀਜ਼ ਇਹ ਨਜ਼ਰ ਆਉਂਦੀ ਹੈ ਕਿ **ਦੇਵ ਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਜੈਜਾਵੰਤੀ** ਵਿਚ ਗੁਰੂ ਤੇਗ਼ ਬਹਾਦਰ ਦੀ ਬਾਣੀ ਤਾਂ ਹੈ ਪਰ ਬਾਬੇ ਨਾਨਕ ਦੀ ਨਹੀਂ ਹੈ। ਜਿਹਨਾਂ ਰਾਗਾਂ ਵਿਚ ਗੁਰੂ ਨਾਨਕ ਦੇ ਸ਼ਬਦ ਤਾਂ ਹਨ ਪਰ ਗੁਰੂ ਤੇਗ਼ ਬਹਾਦਰ ਦੇ ਨਹੀਂ ਹਨ ਉਹਨਾਂ ਦਾ ਇਸ ਕਰਕੇ ਵੇਰਵਾ ਨਹੀਂ ਦਿਤਾ ਜਾ ਰਿਹਾ ਕਿਉਂਕਿ ਅਸੀਂ ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਹੀ ਪ੍ਰਸੰਗ ਬਣਾਉਣਾ ਹੈ। ਸਾਡਾ ਮਨੋਰਥ ਕਿਸੇ ਤੁਲਨਾਤਮਕ ਅਧਿਯਨ ਦਾ ਨਹੀਂ ਹੈ।

ਸਰੀਰ, ਆਤਮਾ ਅਤੇ ਵਾਹਗੁਰੂ ਦੇ ਜੋ ਸੰਬੰਧ ਹਨ ਉਹਨਾਂ ਦੇ ਵਰਨਣ ਵਿਚ ਗੁਰੂ ਤੇਗ਼ ਬਹਾਦਰ ਦੇ ਸ਼ਬਦਾਂ ਵਿਚ ਹੈਰਾਨੀ, ਵਿਸ਼ਾਲਤਾਪਨ (expansiveness) ਅਤੇ ਸ਼ਕਤੀਸ਼ਾਲਤਾ ਨਹੀ ਹੈ[3]। ਨਾ ਹੀ ਉਹਨਾਂ ਦੇ ਸ਼ਬਦਾਂ ਵਿਚ ਸਮਾਜੀ ਰਿਸ਼ਤਿਆਂ ਤੋਂ ਬਣਾਏ ਚਿੰਨ੍ਹ, ਸੰਬੋਧਨ ਦੀ ਨਿਸ਼ੱਕਤਾ, ਰਾਜ ਪ੍ਰਬੰਧਕ ਵੇਰਵਾ ਅਤੇ ਸੰਸਕਾਰਾਂ (rituals) ਦੀ ਪੁਨਰਵਿਆਖਿਆ (reinterpretation) ਮਿਲਦੀ ਹੈ[4]। ਸਾਨੂੰ ਗੁਰੂ ਤੇਗ਼ ਬਹਾਦਰ ਦੇ ਸ਼ਬਦਾਂ ਵਿਚ ਅਲੰਕਾਰ ਦੀ ਦਲੇਰੀ ਅਤੇ ਮਾਮੂਲੀ ਅਨੁਭਵ ਨੂੰ ਅਧਿਆਤਮਿਕ ਪਰਿਪੇਖ (perspective) ਤੋਂ ਵੇਖਣ ਦੀ ਰੁਚੀ ਵੀ ਨਹੀਂ ਮਿਲਦੀ[5]। ਗੁਰੂ ਤੇਗ਼ ਬਹਾਦਰ ਦੇ ਭਗਤੀ ਭਾਵ ਵਿਚ ਵੀ ਅਤਿ ਸੰਜਮ ਹੈ ਅਤੇ ਉਹ ਇਹਦੇ ਨਾਲ ਕਦੇ ਵਜਦ ਵਿਚ ਆਉਂਦੇ ਨਹੀਂ ਮਾਲੂਮ ਹੁੰਦੇ। ਉਹ ਸਮਾਜ ਦੇ ਦੋਸ਼ੀ ਨੂੰ ਆਤਮਾ ਦਾ ਅਵੱਗਿਆਕਾਰੀ ਬਣਾ ਕੇ ਵੀ ਨਹੀਂ ਪੇਸ਼ ਕਰਦੇ। ਨਾ ਹੀ ਉਹ ਦੂਸਰੇ ਧਰਮਾਂ ਜਾਂ ਸੰਪ੍ਰਦਾਵਾਂ ਦਾ ਜ਼ਿਕਰ ਕਰਦੇ ਹਨ। ਉਹ ਸਮਕਾਲੀ ਸੰਸਕ੍ਰਿਤੀ ਦੀ ਆਲੋਚਨਾ ਵੀ ਨਹੀਂ ਕਰਦੇ[6]। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਸਮਾਜੀ ਵੇਰਵਾ (social detail) ਵੀ ਨਹੀਂ ਹੈ ਅਤੇ ਸਿਆਸੀ ਨੁਕਤਾਚੀਨੀ ਦੀ ਵੀ ਅਣਹੋਂਦ ਹੈ[7]। ਉਹਨਾਂ ਦੇ ਕਿਸੇ ਸ਼ਬਦ ਵਿਚ ਸੰਸਕਾਰ ਤੋਂ ਬਣਾਇਆ ਚਿੰਨ੍ਹਵਾਦ (symbolism) ਵੀ ਨਹੀਂ[8]। ਉਹਨਾਂ ਦੀ ਬਾਣੀ ਵਿਚ ਨਾ ਕੋਈ ਕਾਰੋਬਾਰੀ ਤਫਸੀਲ ਅਤੇ ਨਾ ਕੋਈ ਤਰਕਵਿਦਵਾਨੀ (dialectician) ਦਲੀਲਬਾਜ਼ੀ ਹੈ[9]। ਅੰਤ ਵਿਚ ਇਹ ਕਿ ਗੁਰੂ ਤੇਗ਼ ਬਹਾਦਰ ਵਿਚ ਬਾਬੇ ਨਾਨਕ ਵਾਲੀ ਇੰਦਰੀ ਪ੍ਰਿਯਤਾ (sensuousness) ਵੀ ਨਹੀਂ ਹੈ[10]।

ਇਥੇ ਇਹ ਗੱਲ ਵੀ ਕਹਿਣਯੋਗ ਹੈ ਕਿ ਗੁਰੂ ਨਾਨਕ ਲਈ 'ਨਾ ਕੋਈ ਹਿੰਦੂ ਅਤੇ ਨਾ ਕੋਈ ਮੁਸਲਮਾਨ ਹੈ' ਕਿਉਂਕਿ ਉਹ ਆਪਣੇ ਆਪਣੇ ਧਰਮਾਂ 'ਤੇ ਹੀ ਪੂਰੇ ਨਹੀਂ ਉੱਤਰ ਰਹੇ ਸਨ। ਇਸ ਕਰਕੇ ਬਾਬੇ ਨਾਨਕ ਲਈ ਸਮਕਾਲੀ ਧਰਮਾਂ ਜਾਂ ਸੰਪ੍ਰਦਾਵਾਂ ਦੀ ਕੋਈ ਖਿੱਚ ਨਹੀਂ ਸੀ[11]। ਉਹ ਸਮੁੱਚੇ ਸਮਾਜ ਨੂੰ ਸਿੱਖ ਪੰਥ ਵਿਚ ਆਉਣ ਦਾ ਸੱਦਾ ਦਿੰਦੇ ਹਨ। ਇਸੇ ਕਰਕੇ ਉਹਨਾਂ ਦੇ ਸ਼ਬਦਾਂ ਵਿਚ ਦੂਸਰੇ ਧਰਮ, ਬੇਗਾਨਿਆਂ ਦੇ ਵਿਹਾਰ, ਲੋਕਾਂ ਦੇ ਕਾਰੋਬਾਰ ਦੀ ਤਫਸੀਲ ਅਤੇ ਅਧਿਆਤਮਿਕ ਵਾਦਵਿਵਾਦ ਦੀ ਝਲਕ ਮਿਲਦੀ ਹੈ। ਉਹ ਆਪਣੇ ਪੰਥ ਨਾਲੋਂ ਜ਼ਿਆਦਾ ਸਮੁੱਚੇ ਸਮਾਜ ਨੂੰ ਸੰਬੋਧਨ ਕਰਦੇ ਹਨ। ਪਰ ਗੁਰੂ ਤੇਗ਼ ਬਹਾਦਰ ਦੇ ਸਮੇਂ ਸਿੱਖ ਪੰਥ ਦੀ ਹਿੰਦੋਸਤਾਨੀ ਸਮਾਜ ਵਿਚ ਕੋਈ ਹੋਰ ਸਥਿਤੀ ਸੀ। ਇਹਦੀ ਗੁਰ-ਪ੍ਰਣਾਲੀ, ਬ੍ਰਹਮਵਿਦਿਆ (theology) ਅਤੇ ਧਾਰਮਕ ਸਮਾਜਕ ਹੋਂਦ ਕਾਫ਼ੀ ਹੱਦ ਤਕ ਪੱਕੀ ਹੋ ਚੁੱਕੀ ਸੀ। ਇਸ ਕਰਕੇ ਗੁਰੂ ਤੇਗ਼ ਬਹਾਦਰ

ਸਮੁੱਚੇ ਸਮਾਜ ਨਾਲੋਂ ਸਿੱਖਾਂ ਨੂੰ ਕਿਤੇ ਜ਼ਿਆਦਾ ਸੰਬੋਧਨ ਕਰਦੇ ਹਨ। ਇਸੇ ਕਰਕੇ ਸਮਕਾਲੀ ਸਿੱਖ ਇਤਿਹਾਸ ਨੂੰ ਸਮਝਣ ਲਈ ਉਹਨਾਂ ਦੀ ਬਾਣੀ ਇਤਿਹਾਸਿਕ ਤੌਰ 'ਤੇ ਹੋਰ ਵੀ ਮਹੱਤਵਪੂਰਨ ਹੈ।

ਸਾਨੂੰ ਇਹ ਆਧਾਰ ਵੀ ਮਿਥ ਲੈਣਾ ਚਾਹੀਦਾ ਹੈ ਕਿ ਗੁਰੂ ਤੇਗ਼ ਬਹਾਦਰ ਨੇ ਆਪਣੀ ਬਾਣੀ ਗੁਰ ਗੱਦੀ ਸੰਭਾਲਣ ਤੋਂ ਬਾਅਦ ਉਚਾਰੀ। ਜੇ ਕੋਈ ਰਚਨਾ ਉਹਨਾਂ 1664 ਤੋਂ ਪਹਿਲਾਂ ਕੀਤੀ ਸੀ ਤਾਂ ਉਹ ਕੇਵਲ ਸ਼ਾਇਰੀ ਹੀ ਹੋਵੇਗੀ। ਪਰ ਗੁਰੂ ਤੇਗ਼ ਬਹਾਦਰ ਸਾਹਿਬ ਦਾ ਅਜਿਹਾ ਗ਼ੈਰ-ਦੁਨਿਆਵੀ ਵਿਅਕਤਿਤ੍ਵ ਹੈ ਕਿ ਉਹਨਾਂ ਤੋਂ ਸ਼ਾਇਰੀ ਦੀ ਆਸ ਨਹੀਂ ਕੀਤੀ ਜਾ ਸਕਦੀ ਕਿਉਂਕਿ ਸ਼ਾਇਰੀ ਕਿਸੇ ਥੁੜ, ਕਸਰ (Complex) ਜਾਂ ਉਪਰਾਮਤਾ ਦੀ ਨਿਸ਼ਾਨੀ ਹੁੰਦੀ ਹੈ। ਭਾਵੇਂ ਇਕ ਥਾਉ ਬਾਬਾ ਨਾਨਕ ਆਪਣੇ ਆਪ ਨੂੰ ਸ਼ਾਇਰ ਕਹਿੰਦਾ ਹੈ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਬਾਣੀ ਤਾਂ ਸ਼ਾਇਰੀ ਹੋ ਸਕਦੀ ਹੈ, ਪਰ ਸ਼ਾਇਰੀ ਬਾਣੀ ਨਹੀਂ ਹੁੰਦੀ। ਜੇ ਗੁਰੂ ਤੇਗ਼ ਬਹਾਦਰ ਦੀ ਬਾਣੀ 1664 ਤੋਂ ਬਾਅਦ ਦੀ ਹੈ ਤਾਂ ਇਹ ਸਿੱਖ ਇਤਿਹਾਸ ਲਈ ਅਤੇ ਪੰਥਕ ਸਥਿਤੀ ਨੂੰ ਸਮਝਣ ਲਈ ਹੋਰ ਵੀ ਮਹਤਵਪੂਰਣ ਇਤਿਹਾਸਿਕ ਗਵਾਹੀ ਬਣ ਜਾਂਦੀ ਹੈ।

ਪਹਿਲੀ ਗੱਲ ਤਾਂ ਇਹ ਕਿ ਗੁਰੂ ਤੇਗ਼ ਬਹਾਦਰ ਦੇ ਸ਼ਬਦ ਸੰਖੇਪ ਅਤੇ ਅਤਿ ਸਰਲ ਹਨ। ਉਹਨਾਂ ਦੇ ਵਰਨਣ, ਵਿਚਾਰ, ਭਾਵ ਅਤੇ ਪ੍ਰਗਟਾਉ ਵਿਚ ਕੋਈ ਗੁੰਝਲ ਜਾਂ ਅਸਪਸ਼ਟਤਾ ਨਹੀਂ ਹੈ। ਉਹਨਾਂ ਦੇ ਅਧਿਆਤਮਕ ਅਨੁਭਵ ਦੇ ਵਰਨਣ ਵਿਚ ਵੀ ਬਹੁਤ ਜ਼ਿਆਦਾ ਸਾਦਗੀ ਹੈ। ਉਹਨਾਂ ਦੀ ਸਾਦਗੀ ਦਾ ਇਸ ਗੱਲ ਤੋਂ ਵੀ ਪਤਾ ਲਗਦਾ ਹੈ ਕਿ ਉਹ ਦੋ ਚਾਰ ਮਿਥਿਆਸਕ ਕਹਾਣੀਆਂ ਦੇ ਕਈ ਵਾਰ ਹਵਾਲੇ ਦਿੰਦੇ ਹਨ ਜਿਵੇਂ ਕਿਸੇ ਨੂੰ ਗੱਲ ਸਮਝ ਨਾ ਆਉਣ 'ਤੇ ਉਹਨੂੰ ਬਾਤ ਪਾ ਕੇ ਨੁਕਤਾ ਸਮਝਾਈਦਾ ਹੈ।

ਗੁਰੂ ਤੇਗ਼ ਬਹਾਦਰ ਉਸ ਹਾਥੀ ਦਾ ਜ਼ਿਕਰ ਕਰਦੇ ਹਨ, ਜਿਹੜਾ ਪਹਿਲੀ ਜੂਨ ਵਿਚ ਗੰਧਰਵ ਹੁੰਦਾ ਸੀ। ਉਹ ਹਾਥੀ ਦੀ ਜੂਨ ਵਿਚ ਸਰੋਵਰ ਵਿਚ ਵੜਿਆ ਤਾਂ ਤੰਦੂਏ ਨੇ ਗ੍ਰਸ ਲਿਆ। ਗਜ ਨੇ ਪ੍ਰਮਾਤਮਾ ਨੂੰ ਪਲ ਹੀ ਧਿਆਇਆ ਸੀ ਕਿ ਪ੍ਰਮਾਤਮਾ ਉਹਦੀ ਸਹਾਇਤਾ ਲਈ ਆ ਗਿਆ। ਉਹ ਧਰੂਅ ਦੀ ਕਹਾਣੀ ਦਾ ਹਵਾਲਾ ਦਿੰਦੇ ਹਨ ਜਿਹੜਾ ਮਤ੍ਰੇਈ ਮਾਂ ਦੇ ਦੁੱਖੋਂ ਘਰੋਂ ਨਿਕਲ ਗਿਆ ਅਤੇ ਭਗਤੀ ਕਰਨ ਨਾਲ ਅਮਰ ਹੋ ਗਿਆ। ਇਸੇ ਤਰ੍ਹਾਂ ਕੋਈ ਸਾਧੂ ਵੇਸਵਾ ਨੂੰ ਤੋਤਾ ਦੇ ਗਿਆ ਜਿਹੜਾ 'ਰਾਮ ਰਾਮ' ਕਹਿੰਦਾ ਹੁੰਦਾ ਸੀ। ਤੋਤੇ ਨਾਲ ਕੰਚਨੀ ਵੀ 'ਰਾਮ' ਨਾਮ ਲੈਣ ਲਗ ਪਈ ਅਤੇ ਉਹਦਾ ਪਾਰ ਉਤਾਰਾ ਹੋ ਗਿਆ। ਇੰਝ ਹੀ ਅਜਾਮਲ ਬ੍ਰਾਹਮਣ ਵੇਸਵਾਗਾਮੀ ਸੀ ਜਿਸ ਨੇ ਆਪਣੇ ਪੁੱਤਰ ਦਾ ਨਾਉਂ 'ਨਾਰਾਇਣ' ਰਖ ਲਿਆ ਅਤੇ ਉਹ ਪੁੱਤਰ ਦਾ ਨਾਮ ਲੈਣ ਕਰਕੇ ਹੀ ਤਰ ਗਿਆ। ਇਹਨਾਂ ਪੌਰਾਣਿਕ ਕਥਾਵਾਂ ਦਾ ਜ਼ਿਕਰ ਗਉੜੀ (5), ਸੋਰਠਿ (4) ਬਿਲਾਵਲ (1), ਰਾਮਕਲੀ (1) ਅਤੇ ਮਾਰੂ (1) ਵਿਚ ਆਉਂਦਾ ਹੈ।

ਕਹਾਣੀ ਦੀ ਅਪੀਲ ਹਲਕੇ ਬੌਧਿਕ ਪੱਧਰ ਦੀ ਹੁੰਦੀ ਹੈ। ਅਲੰਕਾਰ, ਰਹੱਸਵਾਦੀ ਚਿੰਨ੍ਹ, ਅਧਿਆਤਮਕ ਪਹੇਲੀ ਵਧੇਰੇ ਵਿਕਸਿਤ ਚਰਿਤ੍ਰ ਦੀ ਮੰਗ ਕਰਦੇ ਹਨ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਨਿਮਨਤਮ ਅਪੀਲ ਵਾਲੀ ਸਰਲਤਾ ਹੈ। ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਨੌਆਮੋਜ਼ਾਂ ਨੂੰ ਗੱਲ ਸਮਝਾ ਰਹੇ ਹਨ। ਇਹ ਸੁਰ (tone) ਪੁਰਾਣੇ ਅਤੇ ਪ੍ਰੌੜ ਸਿੱਖਾਂ ਨੂੰ ਸੰਬੋਧਨ ਕਰਨ ਵਾਲੀ ਨਹੀਂ ਹੈ ਸਗੋਂ ਮੁਬਤਦੀਆਂ ਨੂੰ ਸਮਝਾਉਣ ਵਾਲੀ ਹੈ ਜਿਹਨਾਂ ਨੂੰ ਅਧਿਆਤਮਿਕ



ਰਹੱਸ ਦੀ ਮੁੱਢਲੀ ਜਾਣ ਪਛਾਣ ਕਰਵਾਈ ਜਾ ਰਹੀ ਹੈ। ਜੇ ਇਹਨਾਂ ਸਿੱਖਾਂਦਰੂਆਂ ਦਾ ਭਾਈ ਗੁਰਦਾਸ ਦੀਆਂ ਵਾਰਾਂ ਦੇ ਪਾਠਕਾਂ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਇਹ ਗੱਲ ਪ੍ਰਤੀਤ ਹੁੰਦੀ ਹੈ ਕਿ ਗੁਰੂ ਤੇਗ਼ ਬਹਾਦਰ ਦਾ ਅੰਮ੍ਰਿਤਸਰ ਕਰਤਾਰਪੁਰ ਦੇ ਇਲਾਕਿਆਂ ਦੀਆਂ ਪੁਰਾਣੀਆਂ ਸੰਗਤਾਂ ਨਾਲ ਬਹੁਤ ਕਮਜ਼ੋਰ ਸੰਬੰਧ ਸੀ ਅਤੇ ਸ਼ਾਇਦ ਉਹਨਾਂ ਦੇ ਸਿੱਖ ਹੋਰ ਵੀ ਜ਼ਿਆਦਾ ਨੀਵੇਂ ਵਰਗਾਂ ਤੋਂ ਆ ਰਹੇ ਸਨ।

ਦੂਸਰੀ ਗੱਲ ਇਹ ਹੈ ਕਿ ਗੁਰੂ ਤੇਗ਼ ਬਹਾਦਰ ਦੇ ਸ਼ਬਦਾਂ ਵਿਚ ਮਨੁੱਖ ਦੀ ਜਿਹੜੀ ਦ੍ਰਿਸ਼ਟੀ (Vision) ਹੈ ਉਹ ਬਿਲਕੁਲ ਤੱਤਰੂਪੀ (elemental) ਹੈ। ਮਨੁੱਖੀ ਚਰਿਤ੍ਰ ਬਾਲਪਨ, ਤਰੁਨਾਪੋ ਅਤੇ ਬਿਰਧ ਅਵਸਥਾ ਵਿਚ ਹੀ ਮੁੱਕ ਜਾਂਦਾ ਹੈ ਰਾਮਕਲੀ (3), ਸਲੋਕ (3,4,10,35,41,47)। ਉਹ ਸਰੀਰ ਪਾਲਣ ਨੂੰ ਹੀ ਮਨੁੱਖਾਂ ਜੀਵਨ ਸਮਝ ਲੈਂਦਾ ਹੈ ਜੈਜਾਵੰਤੀ (4) ਸੋਰਠਿ (10) ਅਤੇ ਕੁੱਤੇ ਵਾਂਗੂੰ ਪੇਟ ਭਰਨ ਲਗ ਜਾਂਦਾ ਹੈ ਆਸਾ (1), ਦੇਵਗੰਧਾਰੀ (1) ਸੋਰਠਿ (9) ਧਨਾਸਰੀ (4) ਸਲੋਕ (44)। ਬੰਦਾ ਸੁਪਨੇ ਦੇ ਜਗਤ ਮ੍ਰਿਗਤ੍ਰਿਸ਼ਨਾ ਪਿਛੇ ਲਗਾ ਰਹਿੰਦਾ ਹੈ ਗਉੜੀ (2,3), ਦੇਵਗੰਧਾਰੀ (2), ਸੋਰਠਿ (3,10) ਜੈਤਸਰੀ (3), ਤਿਲੰਗ ਕਾਫੀ (2), ਬਸੰਤੁ ਹਿੰਡੋਲ (1,5) ਸਾਰੰਗ (1,3), ਜੈਜਾਵੰਤੀ (1,3), ਸਲੋਕ (23,49,50)। ਬੰਦੇ ਦਾ ਇਹ ਹਾਲ ਹੈ ਕਿ "ਹਰਿ ਕੀ ਗਤਿ ਨਹਿ ਕੋਊ ਜਾਨੈ" ਬਿਹਾਗੜਾ (2) ਅਤੇ ਸਮਾਜੀ ਉਤਾਰ ਚੜ੍ਹਾ ਵੀ ਰੱਬੀ ਪ੍ਰਕਿਰਤੀ ਦਾ ਹਿੱਸਾ ਹਨ : "ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ" ਬਿਹਾਗੜਾ (2)

ਇਸ ਦਾ ਮਤਲਬ ਇਹ ਹੈ ਕਿ ਗੁਰੂ ਤੇਗ਼ ਬਹਾਦਰ ਆਪਣੇ ਪਾਠਕ/ਸਰੋਤਿਆਂ ਨੂੰ ਜੀਵਨ ਦੇ ਤਿੰਨ ਮੋਟੇ ਤੱਥਾਂ — ਜਨਮ, ਆਯੂ, ਮੌਤ — ਦੇ ਆਧਾਰਾਂ ਤੋਂ ਹੀ ਹਲੂਣਦੇ ਹਨ। ਇਸ ਗੱਲ ਤੋਂ ਜਿਥੇ ਸਾਨੂੰ ਇਹ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦੇ ਨਵੇਂ ਸਿੱਖ ਇੰਨੇ ਸਰਲਭਾਵ (unsophisticated) ਸਨ ਕਿ ਉਹਨਾਂ ਦਾ ਸਮਾਜੀ, ਆਰਥਕ, ਸਿਆਸੀ ਅਤੇ ਬ੍ਰਹਮਵਿਦਿਅਕ ਮੁਹਾਵਰੇ ਨਾਲ ਵਾਹ ਨਹੀਂ ਸੀ ਉਥੇ ਸਾਨੂੰ ਇਸ ਗੱਲ ਦਾ ਵੀ ਅਨੁਭਵ ਹੁੰਦਾ ਹੈ ਕਿ ਇਹਨਾਂ ਸਰਲਭਾਵ ਪੈਰੋਕਾਰਾਂ ਨੂੰ ਚੇਤਨਾ ਦੇ ਉਸ ਪੱਧਰ 'ਤੇ ਲਿਆਉਣਾ ਕਿੰਨਾ ਮੁਸ਼ਕਿਲ ਸੀ ਜਿਸ ਦੇ ਕਾਰਨ ਉਹ ਸਿੱਖ ਪੰਥ ਦਾ ਸੁਤੰਤਰ ਚਰਿਤ੍ਰ ਕਾਇਮ ਰਖਣ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹੋ ਜਾਣ। ਅਸੀਂ ਇਸੇ ਪ੍ਰਸੰਗ ਵਿਚ ਹੀ ਗੁਰੂ ਤੇਗ਼ ਬਹਾਦਰ ਦੀ ਧੀਰਜ ਭਰੀ ਕੁਰਬਾਨੀ ਅਤੇ ਸ਼ਹੀਦੀ ਨੂੰ ਸਮਝ ਕੇ ਗੁਰੂ ਗੋਬਿੰਦ ਸਿੰਘ ਦੀ ਅਣਥੱਕ ਵਡਿਆਈ ਦੀ ਕਲਪਨਾ ਕਰ ਸਕਦੇ ਹਾਂ।

ਤੀਸਰੀ ਗੱਲ ਇਹ ਕਿ ਗੁਰੂ ਤੇਗ਼ ਬਹਾਦਰ ਦੇ ਸ਼ਬਦਾਂ ਵਿਚ ਦੋ ਅਜਿਹੇ ਭਾਵੰਸ਼ (motifs) ਆਉਂਦੇ ਹਨ ਜਿਹੜੇ ਸਿੱਖਾਂ ਦੇ ਅਤੇ ਗੁਰੂ ਸਾਹਿਬ ਦੇ ਜੀਵਨ ਵਿਚ ਸਾਂਝੇ ਹਨ ਜਿਹਨਾਂ ਦਾ ਸਾਂਝਾ ਕਾਰਨ ਸਿੱਖ ਪੰਥ ਦੀ ਸਮਾਜੀ ਸਥਿਤੀ ਹੈ। ਗੁਰੂ ਤੇਗ਼ ਬਹਾਦਰ ਤੋਂ ਪਹਿਲਾਂ ਵੀ ਦੂਸਰੇ ਗੁਰੂਆਂ ਦੀ ਬਾਣੀ ਵਿਚ ਇਸ ਗੱਲ 'ਤੇ ਜ਼ੋਰ ਹੈ ਕਿ ਮਨੁੱਖ ਆਪਣੇ ਪ੍ਰਵਾਰ ਦੇ ਮੋਹ ਦੇ ਬੰਧਨ ਵਿਚ ਫਸ ਜਾਂਦਾ ਹੈ। ਅਜਿਹੀ ਗੱਲ ਗੁਰੂ ਤੇਗ਼ ਬਹਾਦਰ ਦੇ ਸ਼ਬਦਾਂ ਵਿਚ ਵੀ ਆਉਂਦੀ ਹੈ ਗਉੜੀ (3), ਧਨਾਸਰੀ (2)। ਪਰ ਬਹੁਤੇ ਥਾਵਾਂ 'ਤੇ ਉਹ ਇਹ ਗੱਲ ਕਹਿੰਦੇ ਹਨ ਕਿ ਪ੍ਰਵਾਰਕ ਸੰਬੰਧੀ ਮਨੁੱਖ ਦਾ ਸਾਥ ਨਹੀਂ ਦਿੰਦੇ। ਹੁਣ ਪ੍ਰਵਾਰ ਦੇ ਬੰਧਨ 'ਤੇ ਜ਼ੋਰ ਨਹੀਂ ਸਗੋਂ ਸੰਬੰਧੀਆਂ ਦੇ ਸਾਥ ਛੱਡ ਜਾਣ 'ਤੇ ਜ਼ੋਰ ਹੈ ਜਿਹੜਾ ਕਿ ਹੋਰ ਕਿਸਮ ਦੇ ਸਮਾਜੀ ਤਣਾਉ (tension) ਨੂੰ ਦਰਸਾਉਂਦਾ

ਹੈ। ਦੇਵ ਗੰਧਾਰੀ (3) ਵਿਚ।

ਜਗਤ ਮਹਿ ਝੂਠੀ ਦੇਖੀ ਪ੍ਰੀਤਿ । ਆਪਨੇ ਹੀ ਸੁਖ ਸਿਉ ਸਭਿ ਲਾਗੇ ਕਿਆ ਦਾਰਾ ਕਿਆ ਮੀਤ। ਅਜਿਹੀ ਕਿਸਮ ਦਾ [ਸੋਰਠਿ (9) ਇਹ ਜਗਿ ਮੀਤ ਨ ਦੇਖਿਓ ਕੋਈ, (12)] ਬਿਆਨ ਤਿਲੰਗ ਕਾਫੀ (2), ਸਾਰੰਗ (1), ਸਲੋਕ (32) ਵਿਚ ਵੀ ਆਉਂਦਾ ਹੈ।

ਦੂਸਰੇ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ 'ਉਸਤਤਿ ਨਿੰਦਾ' ਦਾ ਬਾਰ ਬਾਰ ਜ਼ਿਕਰ ਆਉਂਦਾ ਹੈ। ਜਿਥੇ ਕਿਸੇ ਸਿੱਖ ਲਈ ਗੁਰੂ ਦੀ ਸ਼ਰਨ ਆਉਣਾ ਸਮਾਜ ਲਈ ਉਹਦੀ ਉਸਤਤਿ ਨਿੰਦਾ ਦਾ ਮੌਕਾ ਬਣ ਜਾਂਦਾ ਹੈ ਉਥੇ ਰਾਮ ਰਾਈਆਂ, ਧੀਰ ਮੱਲੀਆਂ ਅਤੇ ਮੀਣਿਆਂ ਦਾ ਭੰਡੀ ਪ੍ਰਚਾਰ ਵੀ ਗੁਰੂ ਵਿਅਕਤੀ ਦੀ ਉਸਤਤਿ ਨਿੰਦਾ ਦਾ ਰੂਪ ਧਾਰ ਲੈਂਦਾ ਹੈ। ਸਾਨੂੰ ਅਵੱਸ਼ ਹੀ ਗੁਰੂ ਸਾਹਿਬ ਦੇ ਸ਼ਬਦਾਂ ਵਿਚ ਸਿੱਖ ਪੰਥ ਦੇ ਅੰਦਰੂਨੀ ਤਣਾਉ ਦਾ ਪ੍ਰਗਟਾਉ ਮਿਲ ਜਾਂਦਾ ਹੈ ਜਿਵੇਂ ਕਿ ਸੋਰਠਿ (3,11), ਧਨਾਸਰੀ (3), ਬਸੰਤੁ ਹਿੰਡੋਲ (1), ਸਾਰੰਗ (4)।

ਗੁਰੂ ਅਰਜਨ ਸਾਹਿਬ ਦੀ ਬਾਣੀ ਵਿਚ ਨਿੰਦਕ ਦਾ ਜ਼ਿਕਰ ਹੈ ਜਿਹੜਾ ਕਿ ਸ਼ਾਇਦ ਸਿੱਖ ਪੰਥ ਦੇ ਦੋਖੀਆਂ ਦਾ ਅਮੂਰਤ (abstract) ਵਰਨਣ ਹੈ। ਪਰ ਰਾਗ ਆਸਾ ਮ: 9 ਵਿਚ ਅਜਿਹਾ ਅਮੂਰਤ ਵਰਨਣ ਵੀ ਗੁਰ-ਗੱਦੀ ਦੇ ਝੂਠੇ ਦਾਅਵੇਦਾਰਾਂ ਦਾ ਸਥੂਲ ਚਿਤਰ ਪ੍ਰਤੀਤ ਹੁੰਦਾ ਹੈ।

> ਬਿਰਥਾ ਕਹਉ ਕਉਨ ਸਿਉ ਮਨ ਕੀ / ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ / ਆਸਾ ਲਾਗਿਓ ਧਨ ਕੀ ॥ 1 ॥ ਰਹਾਉ ॥ ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ / ਸੇਵ ਕਰਤ ਜਨ ਜਨ ਕੀ। ਦੁਆਰਹਿ ਦੁਆਰਿ ਸੁਆਨ ਜਿਉ ਡੋਲਤ / ਨਹ ਸੁਧਿ ਰਾਮ ਭਜਨ ਕੀ ॥ 1 ॥ ਮਾਨਸ ਜਨਮੁ ਅਕਾਰਥ ਖੋਵਤ / ਲਾਜ ਨ ਲੋਕ ਹਸਨ ਕੀ / ਨਾਨਕ ਹਰਿ ਜਸੁ ਕਿਉ ਨਹੀਂ ਗਾਵਤ/ਕੁਮਤਿ ਬਿਨਾਸੈ ਤਨ ਕੀ ॥ 2 ॥

ਉਪਰੋਕਤ ਗੱਲ ਦੀ ਇਸ ਚੀਜ਼ ਤੋਂ ਵੀ ਪੁਸ਼ਟੀ ਹੁੰਦੀ ਹੈ ਕਿ ਪਹਿਲੀ ਤੁਕ ਦੇ 'ਕਹਉ' ਦਾ ਕਰਤਾ ਉੱਤਮ ਪੁਰਖ (first person) ਵਿਚ ਹੈ ਜਿਹੜਾ ਬਾਕੀ ਸਾਰੇ ਸ਼ਬਦ ਵਿਚ 'ਧਾਵਤ, ਖਾਵਤ, ਕਰਤ, ਡੋਲਤ, ਖੋਵਤ, ਗਾਵਤ' ਵਿਚ ਅੱਨਿਯ ਪੁਰਖ (third person) ਹੋ ਗਿਆ ਹੈ। ਇਹ ਵਿਧੀ ਜਿੱਥੇ ਕਰਤਾ (subject) ਅਤੇ ਉਹਦੇ ਅਨੁਭਵ ਵਿਚ ਵਿੱਥ ਪਾਉਣ ਦਾ ਕੰਮ ਦਿੰਦੀ ਹੈ ਉਥੇ ਇਹੀ ਗੱਲ ਵਿਰੋਧੀਆਂ ਦੇ ਵਿਹਾਰ ਨੂੰ ਚਿਤਰਨਾ ਸੰਭਵ ਬਣਾਉਂਦੀ ਹੈ। ਇਹੀ ਚੀਜ਼ 'ਸੇਵ ਕਰਤ ਜਨ ਜਨ ਕੀ', 'ਦੁਆਰਹਿ ਦੁਆਰਿ' 'ਲਾਜ ਨ ਲੋਕ ਹਸਨ ਕੀ' ਦੀ ਸਮਾਜਕ ਤਫਸੀਲ ਤੋਂ ਵੀ ਸਿੱਧ ਹੁੰਦੀ ਹੈ, ਖ਼ਾਸ ਕਰ ਉਦੋਂ ਜਦੋਂ ਅਜਿਹੀ ਸਮਾਜਕ ਤਫਸੀਲ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਹੋਰ ਕਿਤੇ ਨਹੀਂ ਮਿਲਦੀ । ਇਥੇ ਤਾਂ 'ਕੁਮਤਿ ਬਿਨਾਸੈ ਤਨਕੀ' ਉਹਨਾਂ ਦੀ ਪੁੱਠੀ ਮੱਤ ਵੀ ਸਰੀਰਕ ਰੂਪ ਧਾਰ ਗਈ ਹੈ।

ਭਾਵੇਂ ਤੱਤਰੂਪੀ ਦ੍ਰਿਸ਼ਟੀ (elemental vision) ਦੀਆਂ ਹੱਦਾਂ ਜਨਮ, ਆਯੂ, ਮੌਤ ਹਨ ਅਤੇ ਇਹ ਮਾਨਤਾਯੋਗ (valid) ਵੀ ਹੈ ਪਰ ਇਸ ਵਿਚੋਂ ਉਹ ਤਣਾਉ ਖ਼ਤਮ ਨਹੀਂ ਹੁੰਦੇ ਜਿਹੜੇ ਪ੍ਰਵਾਰਕ ਸੰਬੰਧਾਂ ਦੀ ਬੇਵਸਾਹੀ ਅਤੇ ਉਸਤਤਿ ਨਿੰਦਿਆ ਦਾ ਮਾਹੌਲ ਪੈਦਾ ਕਰਦੇ ਹਨ। ਇਹ ਤਣਾਉ ਤੱਤਰੂਪੀ ਜ਼ਿੰਦਗੀ ਦਾ ਵਿਹਾਰਕ ਜਗਤ ਨਾਲ ਨਾਤਾ ਹੋਣ ਕਰਕੇ ਪੈਦਾ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਜਿਥੇ ਤੱਤਰੂਪੀ ਦ੍ਰਿਸ਼ਟੀ ਬੰਦੇ ਨੂੰ ਅਧਿਆਤਮਕ ਮਾਰਗ ਤੇ ਚਲਣ ਲਈ ਪਰੇਰਦੀ ਹੈ ਉਥੇ ਉਹਨਾਂ ਦੀ ਬਾਣੀ ਵਿਚ ਵਿਹਾਰਕ ਜਗਤ ਦੇ ਘਾਟੇ, ਵਿਰੋਧ, ਔਕੜਾਂ ਦਾ ਵਰਨਣ ਵੀ ਰੂਹਾਨੀ ਗਿਰਾਵਟ ਵਿਚ ਬਦਲ ਗਿਆ ਹੈ। ਗੁਰੂ ਤੇਗ਼ ਬਹਾਦਰ ਦੇ



ਸ਼ਬਦਾਂ ਵਿਚ ਵਿਹਾਰਕ ਜਗਤ ਦੀ ਅਧਿਆਤਮਕ ਅਪੂਰਤੀ ਦਾ ਅਜਿਹਾ ਵਰਨਣ ਹੈ ਕਿ ਉਹਨਾਂ ਦੇ ਬਹੁਤੇ ਵਾਕ ਨਾਂਵਾਚਕ (negative) ਹਨ ਅਤੇ ਬਾਕੀ ਦੇ ਕਾਫ਼ੀ ਸਾਰੇ ਵਾਕ ਹੁਕਮੀਆ (imperative) ਹਨ। 57 ਸਲੋਕਾਂ ਵਿਚ 42 ਥਾਵਾਂ 'ਤੇ 'ਨਾ' ਆਇਆ ਹੈ ਅਤੇ 'ਛਾਡ', 'ਬਿਨਸ', 'ਬਿਨਾਸੇ' 'ਗਿਉ', 'ਬਿਨਾ' 'ਘਟਤ' 'ਉਦਾਸ' 'ਤਜੀ' ਦੇ ਵਾਕ ਵੱਖਰੇ ਹਨ। ਇੰਝ ਹੀ ਗਉੜੀ (6, 8), ਸੋਰਠਿ (3, 6, 10, 11), ਦੇਵ ਗੰਧਾਰੀ (1), ਧਨਾਸਰੀ (4), ਜੈਤਸਰੀ (1), ਟੋਡੀ (1), ਬਿਲਾਵਲ (2, 3), ਮਾਰੂ (2, 3), ਬਸੰਤੁ ਹਿੰਡੋਲ (3), ਸਾਰੰਗ (4), ਅਜਿਹੀਆਂ ਨਾਂਵਾਚਕ ਤੁਕਾਂ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਕਿਸੇ ਸਥਿਤੀ ਦੇ ਨਾਂਵਾਚਕ ਵਰਨਣ ਤੋਂ ਬਾਅਦ ਕਹਿਣ ਵਾਲੀ ਗੱਲ ਹੁਕਮੀਆ ਫਿਕਰੇ 'ਚ ਹੀ ਹੋ ਸਕਦੀ ਹੈ ਗਉੜੀ (5, 9) ਸੋਰਠਿ (1) 'ਰੇਮਨ ਰਾਮਸਿਉ ਕਰਿ ਪ੍ਰੀਤਿ'।

ਇਸੇ ਕਰਕੇ ਤਣਾਉ-ਰਹਿਤ ਨਾਂਵਾਚਕ ਵਰਨਣ ਹੀ ਅਧਿਆਤਮਕ ਆਦਰਸ਼ ਬਣ ਗਿਆ ਹੈ।

> ਸੁਖੁ ਦੁਖੁ ਜਿਹ ਪਰਸੈ ਨਹੀਂ / ਲੋਭੁ ਮੋਹੁ ਅਭਿਮਾਨੁ / ਕਹੁ ਨਾਨਕ ਸੁਨੁ ਰੇ ਮਨਾ / ਸੋ ਮੂਰਤਿ ਭਗਵਾਨ। 13। ਉਸਤਤਿ ਨਿੰਦਿਆ ਨਾਹਿ ਜਿਹ / ਕੰਚਨ ਲੋਹ ਸਮਾਨਿ। ਕਹੁ ਨਾਨਕ ਸੁਨਿ ਰੇ ਮਨਾ / ਮੁਕਤਿ ਤਾਹਿ ਤੈ ਜਾਨਿ। 14। ਹਰਖੁ ਸੋਗੁ ਜਾ ਕੈ ਨਹੀਂ / ਬੈਰੀ ਮੀਤ ਸਮਾਨਿ / ਕਹੁ ਨਾਨਕ ਸੁਨਿ ਰੇ ਮਨਾ / ਮੁਕਤਿ ਤਾਹਿ ਤੈ ਜਾਨਿ। 15। ਭੈ ਕਾਹੂ ਕਉ ਦੇਤ ਨਹਿ / ਨਹਿ ਭੈ ਮਾਨਤ ਆਨ / ਕਹੁ ਨਾਨਕ ਸੁਨਿ ਰੇ ਮਨਾ / ਗਿਆਨੀ ਤਾਹਿ ਬਖਾਨਿ। 16।

ਇਹ 'ਮੁਕਤਿ' ਅਤੇ 'ਗਿਆਨੀ' ਵਿਅਕਤੀ ਦਾ ਚਿਤਰ ਹੈ ਜਿਹੜਾ 'ਮੂਰਤਿ ਭਗਵਾਨ' ਵੀ ਹੈ। ਇਸੇ ਕਰਕੇ ਇਸ ਨੂੰ ਗੁਰੂ ਤੇਗ਼ ਬਹਾਦਰ ਦਾ ਨਾਂਵਾਚਕ ਸ਼ਬਦਾਵਲੀ (terminology) ਵਿਚ ਸਵੈ-ਚਿਤਰ (self portrait) ਵੀ ਕਿਹਾ ਜਾ ਸਕਦਾ ਹੈ। ਸਵੈ-ਚਿੱਤਰ ਦਾ ਨਾਂਵਾਚਕ ਮੁਹਾਵਰਾ ਇਤਿਹਾਸਕਾਰ ਲਈ ਮਹੱਤਵਪੂਰਨ ਹੈ। ਅਜਿਹਾ ਸਵੈਚਿੱਤਰ ਸੋਰਠਿ (11) 'ਜੋ ਨਰ ਦੁਖ ਮਹਿ ਦੁਖੁ ਨਹੀਂ ਮਾਨੈ' ਸ਼ਬਦ ਵਿਚ ਹੈ।

ਏਸ ਤਣਾਉ ਦਾ ਇਕ ਧੁਰਾ (pole) ਤੱਤਰੂਪੀ ਦ੍ਰਿਸ਼ਟੀ ਹੈ ਅਤੇ ਦੂਸਰਾ ਧੁਰਾ ਮੁਗ਼ਲ ਤਾਨਾਸ਼ਾਹੀ (absolutism) ਹੈ। ਅਸੀਂ ਇਹ ਗੱਲ ਅਕਸਰ ਭੁੱਲ ਜਾਂਦੇ ਹਾਂ ਕਿ ਸਿੱਖ ਪੰਥ ਅਤੇ ਮੁਗ਼ਲ ਸਾਮਰਾਜ ਵਿਚ ਮੁੱਢ ਤੋਂ ਹੀ ਅ-ਪਰਗਟ (latent) ਟੱਕਰ ਸੀ ਜਿਹੜੀ ਗੁਰੂ ਤੇਗ਼ ਬਹਾਦਰ ਦੇ ਸਮੇਂ ਤੋਂ ਪਹਿਲਾਂ ਵੀ ਕਈ ਵਾਰ ਵਿਅਕਤ (manifest) ਹੁੰਦੀ ਰਹੀ ਪਰ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਇਹਨਾਂ ਵਿਚਕਾਰ ਸਦੀਵੀ ਲੜਾਈ ਦੀ ਸ਼ਕਲ ਇਖ਼ਤਿਆਰ ਕਰ ਗਈ।...ਮਨੁੱਖ ਦਾ ਪ੍ਰਮਾਤਮਾ ਪ੍ਰਤੀ ਉਹ ਰਵੱਈਆ ਹੁੰਦਾ ਹੈ ਜਿਹੜਾ ਉਹਦਾ ਸਮਾਜ ਵਿਚ ਆਪਣੇ ਤੋਂ ਵੱਡਿਆਂ ਪ੍ਰਤੀ ਹੁੰਦਾ ਹੈ। ਉਹ ਰੱਬ ਅਗੇ ਵੀ ਉਸੇ ਤਰੀਕੇ ਨਾਲ ਝੁਕਦਾ ਹੈ ਜਿਸ ਅੰਦਾਜ਼ ਨਾਲ ਉਹ ਆਪਣੇ ਵੱਡਿਆਂ ਅੱਗੇ ਝੁਕਦਾ ਹੈ। ਰੱਬ ਨੂੰ ਆਕਾ, ਮਾਲਿਕ, ਪਾਤਿਸ਼ਾਹ ਕਿਹਾ ਜਾਂਦਾ ਹੈ। ਉਹਦੇ ਵਿਚ ਅਧਿਕਾਰ ਵਾਲੇ ਪਿਤਾ ਦੇ ਉਹ ਗੁਣ ਹੁੰਦੇ ਹਨ ਜਿਹੜੇ ਬੰਦਿਆਂ ਨੇ ਆਪਣੇ ਪਿਤਾਵਾਂ ਵਿਚ ਵੇਖੇ ਹੁੰਦੇ ਹਨ...ਧਾਰਮਕ ਪੂਜਾ ਰਾਹੀਂ ਸਮਾਜ ਦੀ ਏਕਤਾ ਉਤੇ ਜ਼ੋਰ ਅਤੇ ਇਹਦੀਆਂ ਵੰਡੀਆਂ ਦੀ ਸਵੀਕ੍ਰਿਤੀ ਨੂੰ ਬਲ ਪ੍ਰਦਾਨ ਹੁੰਦਾ ਹੈ। ਅਜਿਹੇ ਸਮੂਹਕ ਕਾਰਜ-'ਸਾਂਝੀ ਪ੍ਰਾਰਥਨਾ' — ਨਾਲ ਸਮਾਜ ਦੀ ਯਕਜਿਹਤੀ (solidarity) ਦੀ ਪੁਸ਼ਟੀ ਹੁੰਦੀ ਹੈ' । ਅਖ਼ਬਾਰ-ਰੇਡੀਓ-ਟੈਲੀਵੀਜ਼ਨ-ਰਹਿਤ ਕਾਲ ਵਿਚ ਧਰਮ ਸੰਸਥਾ

(church) ਲੋਕਾਂ ਨਾਲ ਸਿੱਧੇ ਸੰਚਾਰ (communication) ਦਾ ਸਭ ਤੋਂ ਮਹੱਤਵਪੂਰਨ ਸਾਧਨ ਹੁੰਦੀ ਹੈ। ਇਹਦੇ ਸਮਕਾਲੀ ਭਾਸ਼ਣਾਂ ਵਿਚ ਬ੍ਰਹਮਵਿੱਦਿਆ, ਆਚਾਰ, ਨੀਤੀ, ਆਰਥਕਤਾ ਅਤੇ ਚਲਦੇ ਮੁਆਮਲੇ ਵਿਚਾਰ-ਅਧੀਨ ਆਉਂਦੇ ਰਹਿੰਦੇ ਹਨ। ਸਥਾਪਤ ਧਰਮ ਦੇ ਨਾਲ ਨਾਲ 'ਦੂਸਰੇ ਧਾਰਮਕ ਗਰੁੱਪ (group) ਵੀ ਇਹੋ ਜਿਹਾ ਸਰਵਗਾਮੀ ਢਾਂਚਾ ਬਣਾਉਂਦੇ ਰਹਿੰਦੇ ਹਨ; ਅ-ਸੰਮਤੀ (dissenters) ਦੇ ਫਿਰਕੇ ਵੀ 'ਸਾਂਝੇ ਸਮਾਜ' ਦੀਆਂ ਕੀਮਤਾਂ ਨੂੰ ਮੁੜ ਕੇ ਪੈਦਾ ਕਰ ਲੈਂਦੇ ਹਨ[12] ।...ਸੋ ਸਾਡੇ ਸਾਹਮਣੇ ਸਿੱਖ ਪੰਥ ਅਤੇ ਮੁਗ਼ਲ ਸਾਮਰਾਜ ਦੀ ਅ-ਪਰਗਟ ਟੱਕਰ ਦੇ ਤਿੰਨ ਕਾਰਨ ਹਨ। ਜੇ ਅੱਲਾ ਹਿੰਦੋਸਤਾਨ ਦੇ ਇਸਲਾਮੀ ਹਿੱਸੇ ਦੀ ਸਮੂਹਕਤਾ (collectivity) ਅਤੇ ਇਹਦੀ ਵੰਡੀਆਂ ਦੀ ਜਾਇਜ਼ਕਰਾਰੀ ਸੀ ਤਾਂ ਸਿੱਖ ਗੁਰੂ ਦੀ ਹੋਂਦ ਹੀ ਅਜਿਹਾ ਚਿੰਨ੍ਹ ਸੀ ਜਿਹੜਾ ਕਹਿ ਰਿਹਾ ਸੀ ਕਿ ਭਾਵੇਂ ਮੁਗ਼ਲ ਸਾਮਰਾਜ ਨੇ ਹਿੰਦੋਸਤਾਨ 'ਤੇ ਇਲਾਕਾਈ ਕਬਜ਼ਾ ਕਰ ਲਿਆ ਸੀ ਪਰ ਇਸਲਾਮ ਅਜੇ ਤੱਕ ਹਿੰਦੂ ਸਮਾਜ ਨੂੰ ਫਤਿਹ ਨਹੀਂ ਕਰ ਸਕਿਆ। ਹਾਕਮਾਂ ਨੂੰ ਦੋ ਸਮਾਜਾਂ ਦੀ ਟੱਕਰ ਮਹਿਕੂਮਾਂ ਨਾਲੋਂ ਕਿਤੇ ਜ਼ਿਆਦਾ ਸਪੱਸ਼ਟ ਨਜ਼ਰ ਆਉਂਦੀ ਸੀ। ਜੇ ਉਪਰੋਕਤ ਸੰਭਾਵਨਾ ਫ਼ੌਜੀ ਜ਼ੋਰ ਆਜ਼ਮਾਈ ਵਿਚ ਨਹੀਂ ਵੀ ਬਦਲਦੀ ਤਾਂ ਵੀ ਮੁਗ਼ਲ ਸਹਿਨਸ਼ਾਹ ਇਸ ਗੱਲ ਨੂੰ ਖ਼ਤਰੇ ਤੋਂ ਖ਼ਾਲੀ ਨਹੀਂ ਸਮਝ ਸਕਦਾ ਕਿ ਰਾਇ-ਆਮਾ ਕਿਸੇ ਹੋਰ ਦੇ ਹੱਥ ਵਿਚ ਹੋਵੇ। ਤੀਸਰੇ ਸਿੱਖ ਪੰਥ ਦੀ ਮੁਤਵਾਜ਼ੀ ਸਮਾਜ ਉਸਾਰਨ ਦੀ ਰੁਚੀ ਕਦੇ ਵੀ ਵੰਗਾਰ-ਹੀਣ ਨਹੀਂ ਮੰਨੀ ਜਾ ਸਕਦੀ ਸੀ। ਇਸ ਸਥਿਤੀ ਵਿਚ ਕਸ਼ਮੀਰੀ ਪੰਡਤਾਂ ਦਾ ਗੁਰੂ ਤੇਗ਼ ਬਹਾਦਰ ਨੂੰ ਮਿਲਣਾ ਅਜਿਹੀ ਗੱਲ ਸੀ ਜਿਸ ਨੂੰ ਸਮਕਾਲੀ ਸਰਕਾਰ ਐਨ ਕਿਸੇ ਵੀ ਅਜੋਕੀ ਹਕੂਮਤ ਵਾਂਗੂ 'ਖ਼ਤਰਨਾਕ' ਕਹਿ ਕੇ ਇਹਦੇ ਬਾਰੇ ਕੋਈ ਵੀ 'ਉੱਚਿਤ ਕਾਰਵਾਈ' ਕਰ ਸਕਣ ਦੀ ਮਜ਼ਾਲ ਰੱਖ ਸਕਦੀ ਸੀ।

ਗੁਰੂ ਤੇਗ਼ ਬਹਾਦਰ ਦੀ ਤੱਤਰੂਪੀ ਦ੍ਰਿਸ਼ਟੀ (elemental vision) ਭਾਵੇਂ ਸਮਾਜੀ ਨੁਕਤੇ ਤੋਂ ਅਤਿ ਸਰਲ ਹੋਵੇ ਪਰ ਇਹ ਤੱਤਰੂਪੀ ਦ੍ਰਿਸ਼ਟੀ ਹੀ ਸਿਆਸਤ ਨੂੰ ਸਪੱਸ਼ਟ ਰੂਪ ਵਿਚ ਵੇਖਣ ਦੇ ਸਮਰੱਥ ਹੈ ਕਿਉਂਕਿ ਸਿਆਸਤ ਤਾਤਵਿਕ ਰੂਪ (essentially) ਵਿਚ ਸਰਲ ਹੁੰਦੀ ਹੈ ਪਰ ਮਨੁੱਖ ਦੀਆਂ ਸਮਾਜੀ ਉਲਝਣਾਂ, ਸ਼ਰੇਣੀ ਰਵੱਈਏ (class attitudes) ਅਤੇ ਮਾਨਸਿਕ ਕਸਰਾਂ (complexes) ਇਹਨੂੰ ਅਸਪਸ਼ਟ ਬਣਾ ਦਿੰਦੀਆਂ ਹਨ।

ਗੁਰੂ ਤੇਗ਼ ਬਹਾਦਰ ਨੂੰ ਇਹ ਗੱਲ ਪ੍ਰਤੱਖ ਨਜ਼ਰ ਆਉਂਦੀ ਸੀ ਕਿ ਮੁਗ਼ਲ ਸਾਮਰਾਜ ਦੀ ਸਿੱਖ ਪੰਥ ਵਿਚ ਦਿਲਚਸਪੀ ਹੈ। ਔਰੰਗਜ਼ੇਬ ਦੀ ਖ਼ਾਹਿਸ਼ ਸੀ ਕਿ ਪੰਥ ਉਹਦੀ ਸਲਾਹ ਨਾਲ ਚਲਾਇਆ ਜਾਵੇ[13] ਜਾਂ ਕਮਅਜ਼-ਕਮ ਇੰਨਾ ਕੀਤਾ ਜਾਵੇ ਕਿ ਮਾਝੇ ਤੋਂ ਮਾਲਵੇ ਤਾਈਂ ਬੋਲਣਸਾਰ (articulate) ਆਵਾਜ਼ ਉਹਦੀ ਨੀਤੀ ਦੇ ਖ਼ਿਲਾਫ਼ ਨਾ ਹੋਵੇ। ਗੁਰੂ ਹਰਿਕ੍ਰਿਸ਼ਨ ਉਹਦੀ ਬੰਦੀ ਵਿਚ ਰਹਿ ਚੁੱਕੇ ਸਨ। ਗੁਰ ਹਰਿ ਰਾਇ ਦੇ ਸਮੇਂ ਔਰੰਗਜ਼ੇਬ ਨੇ ਰਾਮਰਾਇ ਨੂੰ ਯਰਗਮਾਲ (hostage) ਦੇ ਤੌਰ ਤੇ ਰੱਖਿਆ ਹੋਇਆ ਸੀ। ਧੀਰ ਮੱਲ ਦੇ ਸਰਕਾਰ ਨਾਲ ਸੰਬੰਧ ਸਨ। ਇਹੀ ਗੱਲ ਹਰਿ ਜੀ ਬਾਰੇ ਸਹੀ ਹੋਵੇਗੀ। ਉਹ ਗੁਰੂ ਹਰਿਗੋਬਿੰਦ ਦੇ ਬਾਗ਼ੀ ਵਿਰਸੇ ਤੋਂ ਇਨਕਾਰੀ ਸਨ ਕਿਉਂਕਿ ਉਹ ਇਸ ਨੂੰ ਖ਼ਤਰਨਾਕ ਸਮਝਦੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਸਲਤਨਤ ਦੀ ਸਲਾਹ ਬਿਨਾਂ ਗੁਰਗੱਦੀ ਸਵੀਕਾਰ ਕਰਨਾ ਹੀ ਔਰੰਗਜ਼ੇਬ ਨੂੰ ਵੰਗਾਰ ਸੀ ਕਿਉਂਕਿ ਉਹ ਗੁਰੂ ਹਰਿਗੋਬਿੰਦ ਦੇ ਜੁਝਾਰ ਵਿਰਸੇ ਨੂੰ ਪਿਤਾ ਪੁਰਖੀ ਕਬੂਲ ਕਰਦੇ ਨਜ਼ਰ ਆਉਂਦੇ ਸਨ। ਰਹਿੰਦੀ ਖੂੰਹਦੀ ਕਸਰ ਉਹਨਾਂ ਦੀ ਗ੍ਰਿਫ਼ਤਾਰੀ ਨੇ ਪੂਰੀ ਕਰ ਦਿਤੀ ਜਿਹੜੀ



ਉਹਨਾਂ ਦੇ ਗੱਦੀ ਸੰਭਾਲਣ ਤੋਂ ਕੁਝ ਮਹੀਨਿਆਂ ਬਾਅਦ ਹੀ ਹੋਈ ਸੀ ਅਤੇ ਰਾਜਾ ਰਾਮ ਸਿੰਘ ਕਛਵਾਹ ਦੇ ਵਿਚ ਪੈਣ ਨਾਲ ਗੱਲ ਰਫ਼ਾ ਦਫ਼ਾ ਹੋਈ ਸੀ[14]। ਜੇ ਸਿੱਖ ਪੰਥ ਨੇ ਆਪਣਾ ਸੁਤੰਤਰ ਚਰਿਤ੍ਰ ਕਾਇਮ ਰੱਖਣਾ ਸੀ ਅਤੇ ਆਪਣੀ ਹੋਂਦ ਸਰਕਾਰ ਲਈ ਨਹੀਂ ਸਗੋਂ ਧਰਮ ਲਈ ਰੱਖਣੀ ਸੀ ਤਾਂ ਏਸ ਵੰਗਾਰ ਦਾ ਮਤਲਬ ਸ਼ਹੀਦੀ ਹੀ ਹੋ ਸਕਦਾ ਸੀ ਕਿਉਂਕਿ ਉਸ ਸਮੇਂ ਪੰਥ ਕੋਲ ਇਸ ਤੋਂ ਵਧ ਲੜਾਈ ਦੇ ਸਾਧਨ ਨਹੀਂ ਸਨ ਅਤੇ ਇਸ ਤੋਂ ਘੱਟ ਕਿਸੇ ਚੀਜ਼ ਦੀ ਕੁਰਬਾਨੀ ਨਾ ਤਾਂ ਔਰੰਗਜ਼ੇਬ ਨੂੰ ਮੰਨਜ਼ੂਰ ਸੀ ਅਤੇ ਨਾ ਹੀ ਉਹ ਸਿੱਖਾਂ ਦੇ ਤੱਤਰੂਪੀ ਪ੍ਰਤੀਕਰਮ (elemental reaction) ਨੂੰ ਬਦਲ ਸਕਣ ਵਾਲੀ ਹੋਣੀ ਸੀ।

ਇਸੇ ਕਾਰਨ ਗੁਰੂ ਤੇਗ਼ ਬਹਾਦਰ ਦੇ ਸ਼ਬਦਾਂ ਵਿਚ ਮੌਤ ਦਾ ਆਕਾਰ ਪ੍ਰਤੱਖ ਨਜ਼ਰ ਆਉਂਦਾ ਹੈ। ਗਉੜੀ (2) ਸਗਲ ਬਿਨਾਸੇ (8) ਅਹਿ ਨਿਸਿ ਅਉਧ ਘਟੈ; ਆਸਾ (1) ਮਾਨਸ ਜਨਮ ਅਕਾਰਥ ਖੋਵਤ; ਸੋਰਠਿ (1) ਕਾਲੁ ਬਿਆਲ (2) ਚੋਟੀ ਕਾਲਿ ਗਹੀ; ਧਨਾਸਰੀ (4) ਭਉ ਨਿਧਿ ਪਾਰਿ ਪਰਉ; ਜੈਤਸਰੀ (2) ਜਮ ਕੋ ਤ੍ਰਾਸੁ, ਭੈ ਮਰਬੇ ਕੋ ਬਿਸਰਤ ਨਾਹਿਨ; ਤਿਲੰਗ (1) ਛਿਨੁ ਛਿਨੁ ਅਉਧ ਬਿਹਾਤੁ, ਨਹਿ ਮਰਨੁ ਪਛਾਨਾ (2) ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ, ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮਹਿ ਦੀਨਾ; ਬਿਲਾਵਲ (3) ਜਨਮੁ ਅਕਾਰਥੁ ਖੋਇਆ; ਰਾਮਕਲੀ (2) ਜਮ ਕੋ ਤ੍ਰਾਸੁ ਮਿਟੈ (3) ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ ਬ੍ਰਿਥਾ ਜਾਤੁ ਹੈ ਦੇਹ, ਹੋਇ ਹੈ ਅੰਤਿ ਸਹਾਈ; ਮਾਰੂ (3) ਜਮ ਕੋ ਡੰਡੁ ਪਰਿਓ ਸਿਰ ਊਪਰਿ, ਇਹ ਚਿੰਤਾ ਉਪਜੀ ਘਟ ਮਹਿ; ਬਸੰਤੁ ਹਿੰਡੋਲ (1) ਇਹੁ ਤਨੁ ਮਿਥਿਆ ਜਾਨੋ, (4) ਤਨੁ ਬਿਨਸੈ ਜਮ ਸਿਉ ਪਰੈ ਕਾਮੁ, (5) ਬਾਰ ਅੰਤ ਕੀ ਹੋਇ ਸਹਾਇ; ਸਾਰੰਗ (1) ਤਨ ਛੂਟੈ, (2) ਯਾ ਜਗ ਮਹਿ ਕੋਊ ਰਹਨੁ ਨ ਪਾਵੈ, ਸਗਲ ਬਿਨਾਸੈ, (3) ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ, (4) ਜਨਮੁ ਗਵਾਇਓ; ਜੈਜਾਵੰਤੀ (1) ਬਿਨਸਿ ਜੈ ਹੈ ਤੇਰੋ ਗਾਤੁ, (2) ਜਨਮੁ ਸਿਰਾਤੁ ਹੈ, ਬਿਨਸਤ ਨਹ ਲਗੈ ਬਾਰ, ਓਰੇ ਸਮ ਗਾਤੁ ਹੈ (4) ਕਾਲੁ ਤਉ ਪਹੂਚਿਓ ਆਨਿ, ਕਹਾ ਜੈਹੈ ਭਾਜ ਰੇ, ਅਸਥਿਰੁ ਜੋ ਮਾਨਿਓ ਦੇਹ, ਸੋ ਤਉ ਤੇਰੋ ਹੋਇ ਹੈ ਖੇਹ। ਅਤੇ ਸਲੋਕਾਂ ਨੂੰ ਤਾਂ 'ਸ਼ਹੀਦੀ ਦੀ ਉਡੀਕ ਵਿਚ' ਲੰਮੀ ਕਵਿਤਾ ਕਿਹਾ ਜਾ ਸਕਦਾ ਹੈ ਅਤੇ ਮੌਤ ਦਾ ਜ਼ਿਕਰ (2, 3, 4, 5, 7, 10, 12, 21, 24, 24, 31, 33, 36, 38, 41, 42, 47, 50) ਸਿੱਧੇ ਤੌਰ 'ਤੇ ਹੈ।

ਸਲੋਕ ਸ਼ਹੀਦੀ ਦੀ ਉਡੀਕ ਵਿਚ ਲਿਖੇ ਗਏ ਹਨ। ਇਹਨਾਂ ਵਿਚ ਗੁਰੂ ਤੇਗ਼ ਬਹਾਦਰ ਸ਼ਹੀਦੀ ਦੇ ਸਾਕੇ ਦਾ ਭਵਿਸ-ਅਨੁਭਵ (anticipation) ਕਰਦੇ ਹਨ। ਉਹ ਇਸੇ ਭਵਿਸ਼-ਅਨੁਭਵ ਦੇ ਦ੍ਰਿਸ਼ਟੀਕੋਨ ਤੋਂ ਕਈ ਗੱਲਾਂ ਕਹਿੰਦੇ ਹਨ ਜਿਹਨਾਂ ਦਾ ਉਹਨਾਂ ਨੂੰ ਸੰਸਾ ਸੀ ਕਿ ਇੰਜ ਹੋ ਸਕਦੀਆਂ ਹਨ, ਪਰ ਉਹਨਾਂ ਦੇ ਪੈਰੋਕਾਰ ਉਹਨਾਂ ਦੇ ਭਵਿਸ਼-ਅਨੁਭਵ ਤੋਂ ਵੱਧ ਪੂਰੇ ਉਤਰੇ। ਇਹ ਗਲਤ ਹੈ ਕਿ ਗੁਰੂ ਸਾਹਿਬ ਨੇ ਸਲੋਕ ਸ਼ਹੀਦੀ ਦੇ ਮੌਕੇ ਤੇ ਲਿਖੇ ਸਨ :

> ਸੰਗ ਸਖਾ ਸਭਿ ਤਜਿ ਗਏ / ਕੋਊ ਨ ਨਿਬਹਿਓ ਸਾਥ / ਕਹੁ ਨਾਨਕ ਇਹ ਬਿਪਤਿ ਮਹਿ / ਟੇਕ ਏਕ ਰਘਨਾਥ । 54 ।

ਕਿਉਂਕਿ ਗੁਰੂ ਸਾਹਿਬ ਦੇ ਬੰਦੀਖ਼ਾਨੇ ਦੇ ਸੇਵਕ ਸਤੀ ਦਾਸ, ਮਤੀ ਦਾਸ ਅਤੇ ਦਿਆਲ ਦਾਸ ਉਹਨਾਂ ਨਾਲ ਸ਼ਹੀਦ ਹੋਏ ਸਨ। ਗੁਰੂ ਸਾਹਿਬ ਨੂੰ 'ਬਿਪਤਿ' ਦਾ ਭਵਿਸ਼-ਅਨੁਭਵ ਹੈ ਅਤੇ ਉਹ ਇਸੇ ਕਰਕੇ ਕਹਿੰਦੇ ਹਨ : ਬਲ ਛੁਟਕਿਓ ਬੰਧਨ ਪਰੇ / ਕਛੂ ਨ ਹੋਤ ਉਪਾਇ / ਕਹੁ ਨਾਨਕ

ਅਬ ਓਟ ਹਰਿ / ਗਜ ਜਿਉ ਹੋਹੁ ਸਹਾਇ ।53। ਜੇ ਇਸ ਸ਼ਲੋਕ ਨੂੰ ਭਵਿਸ਼-ਅਨੁਭਵ ਨਾ ਮੰਨੀਏ ਤਾਂ ਇਹਦਾ ਇਹ ਅਰਥ ਵੀ ਨਿਕਲੇਗਾ ਕਿ ਪ੍ਰਮਾਤਮਾ ਨੇ ਗਜ ਦੀ ਤਾਂ ਸੁਣ ਲਈ ਪਰ ਗੁਰੂ ਤੇਗ਼ ਬਹਾਦਰ ਦੀ ਨਾ ਸੁਣੀ ਜਿਹੜੀ ਕਿ ਵਾਹਿਯਾਤ ਗੱਲ ਹੈ। ਸਾਡੇ ਕਈ ਕਾਹਲੇ ਇਤਿਹਾਸ-ਕਾਰ ਇਤਿਹਾਸ ਨੂੰ ਸਮਝਣ ਅਤੇ ਲਿਖਣ ਦੀ ਥਾਉ ਇਹਨੂੰ ਜੋੜਨ ਦੀ ਕਰਦੇ ਹਨ। ਅਜਿਹਾ ਕਰਨ ਨਾਲ ਜਿੱਥੇ ਇਤਿਹਾਸ ਹਨੇਰਮੱਤ ਤਾਂ ਬਣ ਹੀ ਜਾਂਦਾ ਹੈ ਉਥੇ ਸਿੱਖ ਪੰਥ ਦੇ ਭੂਤ ਕਾਲ ਦਾ ਹੋਰ ਕਈ ਪਾਸਿਆਂ ਤੋਂ ਝੁੱਗਾ ਚੌੜ ਹੋ ਜਾਂਦਾ ਹੈ।

ਅਸੀਂ — ਨਿਜ ਕਰਿ ਦੇਖਿਓ ਜਗਤ ਮੈਂ / ਕੋ ਕਾਹੂ ਕੋ ਨਾਹਿ / ਨਾਨਕ ਥਿਰੁ ਹਰਿ ਭਗਤ ਹੈ / ਤਿਹ ਰਾਖਹੁ ਮਨ ਮਾਹਿ ।48। — ਸਲੋਕ ਨੂੰ ਗੁਰੂ ਸਾਹਿਬ ਦੀ ਤੱਤਰੂਪੀ ਦ੍ਰਿਸ਼ਟੀ ਦੇ ਭਵਿਸ਼-ਅਨੁਭਵ ਦੇ ਨੁਕਤੇ ਤੋਂ ਹੀ ਸਮਝ ਸਕਦੇ ਹਾਂ। ਉਹ ਇਸੇ ਸਲੋਕ 'ਤੇ ਪੁਨਰ-ਝਾਤ ਮਾਰਦੇ ਇਸ ਨੂੰ ਕਿੰਚਤ ਬਦਲਦੇ (modify) ਪ੍ਰਤੀਤ ਹੁੰਦੇ ਹਨ। ਚਿੰਤਾ ਤਾ ਕੀ ਕੀਜੀਐ / ਜੋ ਅਨਹੋਨੀ ਹੋਇ / ਇਹੁ ਮਾਰਗੁ ਸੰਸਾਰ ਕੋ / ਨਾਨਕ ਥਿਰੁ ਨਹੀਂ ਕੋਇ ।51।

ਉਹਨਾਂ ਨੂੰ ਇਹ ਵੀ ਖਿਆਲ ਹੈ ਕਿ ਸ਼ਹੀਦੀ ਨਾਲ ਗੱਲ ਮੁੱਕ ਨਹੀਂ ਜਾਣੀ ਇਸ ਤੋਂ ਮਗਰੋਂ ਵੀ ਬਹੁਤ ਕੁਝ ਹੈ। ਇਸ ਦੀ ਪੁਸ਼ਟੀ ਸਿੱਖ ਇਤਿਹਾਸ ਕਰਦਾ ਹੈ।

> ਨਾਮੁ ਰਹਿਓ ਸਾਧੂ ਰਹਿਓ / ਰਹਿਓ ਗੁਰੁ ਗੋਬਿੰਦੁ / ਕਹੁ ਨਾਨਕ ਇਹ
> ਜਗਤ ਮਹਿ / ਕਿਨ ਜਪਿਓ ਗੁਰਮੰਤੁ । 1561 ਰਾਮ ਨਾਮੁ ਉਰ ਮਹਿ
> ਗਹਿਓ / ਜਾ ਕੈ ਸਮ ਨਹੀਂ ਕੋਇ / ਜਿਹ ਸਿਮਰਤ ਸੰਕਟ ਮਿਟੈ /
> ਦਰਸੁ ਤੁਹਾਰੋ ਹੋਇ । 57 ।

ਗੁਰੂ ਸਾਹਿਬ ਦਾ ਭਵਿਸ਼-ਅਨੁਭਵ ਆਸ਼ਾਵਾਦ 'ਤੇ ਖ਼ਤਮ ਹੁੰਦਾ ਹੈ ਕਿ ਉਹਨਾਂ ਤੋਂ ਪਿੱਛੋਂ 'ਨਾਮੁ' 'ਸਾਧੂ' 'ਗੁਰੂ ਗੋਬਿੱਦੁ' ਰਹਿਣਗੇ ਅਤੇ 'ਸੰਕਟ' ਨੇ ਆਖ਼ਿਰ ਮੁੱਕ ਜਾਣਾ ਹੈ। ਇੱਥੇ 'ਗੁਰੂ ਗੋਬਿੰਦੁ' ਦਾ ਅਸਪਸ਼ਟਭਾਵ (ambiguity) ਮਹੱਤਵਪੂਰਨ ਹੈ ਕਿਉਂਕਿ ਸਿੱਖ ਬ੍ਰਹਮਵਿੱਦਿਆ (theology) ਵਿਚ ਪ੍ਰਮਾਤਮਾ ਗੁਰੂ ਵੀ ਹੈ ਅਤੇ ਪ੍ਰਮਾਤਮਾ ਦਾ ਇਕ ਨਾਉਂ ਗੋਬਿੰਦ ਹੈ। ਪਰ ਇਹਦੇ ਪਿਛੋਕੜ ਵਿਚ 'ਗੁਰੂ ਗੋਬਿੰਦੁ' ਦੇ ਅਰਥ ਗੁਰੂ ਗੋਬਿੰਦ ਸਿੰਘ ਵੀ ਹੋ ਸਕਦੇ ਹਨ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਾਡੇ ਆਲੋਚਕ ਮਾਮੂਲੀ ਸ਼ਾਇਰਾਂ ਵਿਚ ਤਾਂ ਭਵਿਸ਼-ਅਨੁਭਵ ਦੇਖ ਸਕਦੇ ਹਨ ਪਰ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਭਵਿਸ਼-ਅਨੁਭਵ ਨਹੀਂ ਵੇਖਦੇ। ਇਤਿਹਾਸ-ਸ਼ਾਸਤਰ ਦਾ ਇਹ ਪੱਕਾ ਅਸੂਲ ਹੈ ਕਿ ਇਤਿਹਾਸਕਾਰ ਨੂੰ ਕਿਸੇ ਵੀ ਇਤਿਹਾਸਿਕ ਗਵਾਹੀ ਤੋਂ ਸਿਧੇ ਤੱਥ (facts) ਨਹੀਂ ਲੈਣੇ ਚਾਹੀਦੇ ਸਗੋਂ ਗਵਾਹੀ 'ਚੋਂ ਅਸਿੱਧੇ ਤੌਰ ਤੇ ਪ੍ਰਾਪਤ ਹੁੰਦੇ ਅਰਥਾਂ ਨਾਲ ਇਤਿਹਾਸ ਦੀ ਰਚਨਾ ਕਰਨੀ ਹੁੰਦੀ ਹੈ। ਇਸੇ ਕਰਕੇ ਜਿੱਥੇ ਗੁਰੂ ਤੇਗ਼ ਬਹਾਦਰ ਦੇ ਭਵਿਸ਼-ਅਨੁਭਵ 'ਤੇ ਜ਼ੋਰ ਦੇਣ ਦੀ ਲੋੜ ਹੈ ਉੱਥੇ ਉਹਨਾਂ ਦਾ ਭਵਿਸ਼-ਅਨੁਭਵ ਇਤਿਹਾਸਿਕ ਤੌਰ 'ਤੇ ਵੀ ਉਨਾ ਹੀ ਮਹੱਤਵਪੂਰਨ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਤੇਗ਼ ਬਹਾਦਰ ਦੀ ਅਤਿ ਸਰਲ ਤਤਰੂਪੀ ਦ੍ਰਿਸ਼ਟੀ (elemental vision) ਹੈ। ਅਜਿਹੀ ਦ੍ਰਿਸ਼ਟੀ ਹੀ ਧਾਰਮਿਕ ਸੁਹਜ, ਚਿੰਤਨ, ਅਤੇ ਵਿਚਾਰਧਾਰਾ ਦੀ ਬੁਨਿਆਦ ਹੁੰਦੀ ਹੈ। ਇਹ ਤੱਤਰੂਪੀ ਦ੍ਰਿਸ਼ਟੀ ਉਹਨਾਂ ਦੇ 20 ਸਾਲ ਦੇ ਸਮਾਜ ਤੋਂ ਪਿੱਛ-ਪਰਤਣ ਨਾਲ ਹੋਰ ਵੀ ਸਰਲ ਹੋ ਗਈ ਜਿਸ ਵਿਚੋਂ ਹਰ ਪ੍ਰਕਾਰ ਦੀ ਸਮਾਜੀ ਵਿਹਾਰਕ ਤਫ਼ਸੀਲ ਅਲੋਪ ਹੋ ਗਈ। ਪਰ ਇਸੇ ਤੱਤਰੂਪੀ ਦ੍ਰਿਸ਼ਟੀ ਨੇ ਉਹਨਾਂ



ਨੂੰ ਪੰਥ ਦੀ ਸਿਆਸੀ ਸਥਿਤੀ ਸਮਝਣ ਵਿਚ ਸ਼ਕਤੀਸ਼ਾਲੀ ਸਪਸ਼ਟਤਾ (clarity) ਦਿਤੀ ਜਿਹੜੀ ਆਮ ਤੌਰ ਤੇ ਨਿੱਜੀ, ਜਮਾਤੀ ਅਤੇ ਪਰੰਪਰਾ ਦੇ ਝਾਉਲਿਆਂ ਕਾਰਨ ਬਹੁਤ ਧੁੰਧਲੀ ਹੋ ਜਾਂਦੀ ਹੁੰਦੀ ਹੈ। ਇਸੇ ਕਰਕੇ ਉਹਨਾਂ ਦੇ ਪ੍ਰਤੀਕਰਮ (reaction) ਵਿਚ ਤੱਤਾਂ ਵਾਲੀ ਸ਼ਕਤੀ (elemental power) ਹੈ ਅਤੇ ਉਹ ਭਵਿਸ਼-ਅਨੁਭਵ ਰਾਹੀਂ ਸ਼ਹੀਦੀ ਦੀ ਉਡੀਕ ਵਿਚ ਤਿਆਰ ਬਰ ਤਿਆਰ ਹਨ। 20 ਸਾਲ ਦੇ ਪਿੱਛ-ਪਰਤਣ (withdrawal) ਤੋਂ ਬਾਅਦ ਉਹਨਾਂ ਨੇ ਮੁੱਢਲੀ ਜ਼ਿੰਦਗੀ ਵਾਲਾ ਸਰੋਕਾਰ (involvement) ਅਤਿ ਪ੍ਰਬਲਤਾ ਨਾਲ ਮੁੜ ਸੰਭਾਲ ਲਿਆ ਹੈ। ਉਹਨਾਂ ਦੀ ਸ਼ਹੀਦੀ ਨਾਲ ਪੰਥ ਦਾ ਕੇਵਲ ਧਾਰਮਕ ਹਿੰਤਾਵਾਂ (concerns) ਦਾ ਅਧਿਆਯ ਖਤਮ ਹੁੰਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਨਾਲ ਸਿਆਸੀ ਅਤੇ ਸਮਾਜੀ ਚਿੰਤਾਵਾਂ ਦਾ ਅਧਿਆਯ ਸ਼ੁਰੂ ਹੋ ਜਾਂਦਾ ਹੈ। ਤਾਂ ਕੋਈ ਅਚੰਬੇ ਦੀ ਗੱਲ ਨਹੀਂ ਕਿ ਗੁਰੂ ਗੋਬਿੰਦ ਸਿੰਘ ਨੂੰ ਵਿਰਸੇ 'ਚ ਜੋ ਕੁਝ ਇਤਿਹਾਸਕ ਮਹਾਨਤਾ ਵਜੋਂ ਮਿਲਿਆ ਉਹ ਗੁਰੂ ਤੇਗ਼ ਬਹਾਦਰ ਤੋਂ ਮਿਲਿਆ ਸੀ।[15]

---

1. Richard Hoggart, *Speaking to Each Other, Vol II, Penguins,* 1973, 33.
2. 'ਭੱਟ ਵਹੀ ਜਾਦੋ ਬੰਸੀਓ ਕੀ' ਉਤਾਰਾ ਸ੍ਰੀ ਸ. ਸ. ਸਾਗਰ, ਗ. ਨ. ਦ. ਯੂਨੀਵਰਸਿਟੀ ਪਾਸ ਹੈ। ਮੈਂ ਏਸ ਹਵਾਲੇ ਲਈ ਉਹਨਾਂ ਦਾ ਅਤਿ ਧੰਨਵਾਦੀ ਹਾਂ।
3. ਮੁਕਾਬਲੇ ਲਈ ਗਉੜੀ ਮਹੱਲਾ 1 ਸ਼ਬਦ 13, 14, 17 ਅਰਥਾਤਿ...ਅੰਮ੍ਰਿਤ ਕਾਇਆ ਰਹੇ ਸੁਖਾਲੀ...ਅਵਰਿ ਪੰਚ ਹਮ ਏਕ ਜਨਾ...ਕਤ ਕੀ ਮਾਈ ਬਾਪੁ ਕਤ ਕੇਰਾ...
4. ਮੁਕਾਬਲੇ ਲਈ ਆਸਾ ਮਹੱਲਾ 1 ਸ਼ਬਦ 22, 25, 31, 32...ਕਾਚੀ ਗਾਗਰਿ ਦੇਹ ਦੁਹੇਲੀ...ਵਿਦਿਆ ਵੀਚਾਰੀ ਤਾ ਪਰਉਪਕਾਰੀ । ਲਖ ਲਸਕਰ ਲਖ ਵਾਜੇ ਨੇਜੇ...ਦੀਵਾ ਮੇਰਾ ਏਕੁ ਨਾਮੁ...
5. ਮੁਕਾਬਲੇ ਲਈ ਸੋਰਠਿ ਮਹਲਾ 1 ਸ਼ਬਦ 10...ਅਪਨਾ ਘਰੁ ਮੂਸਤ ਰਾਖਿ ਨ ਸਾਕਹਿ...
6. ਮੁਕਾਬਲੇ ਲਈ ਧਨਾਸਰੀ ਮਹੱਲਾ 1 ਸ਼ਬਦ 1, 6, 7, 8 . ਜੀਉ ਡਰਤੁ ਹੈ ਆਪਣਾ... ਚੋਰੁ ਸਲਾਹੇ ਗੋਤੁ ਨ ਭੀਜੈ। ਕਾਇਆ ਕਾਗਦੁ ਮਨੁ ਪਰਵਾਨਾ...ਕਾਲੁ ਨਾਹੀ ਜੋਗ ਨਾਹੀ ..
7. ਮੁਕਾਬਲੇ ਲਈ ਤਿਲੰਗ ਮਹੱਲਾ 1 ਸ਼ਬਦ 2, 5...ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ। ਜੈਸੀ ਮੈ ਆਵੈ ਖਸਮ ਕੀ ਬਾਣੀ...
8. ਮੁਕਾਬਲੇ ਲਈ ਰਾਮਕਲੀ ਮਹਲਾ 1 ਸ਼ਬਦ 7...ਸੁਰਤੀ ਸੁਰਤਿ ਰਲਾਈਐ...
9. ਮੁਕਾਬਲੇ ਲਈ ਬਸੰਤੁ ਹਿੰਡੋਲ ਮਹਲਾ 1 ਸ਼ਬਦ 9, 11...ਸਾਲਗ੍ਰਾਮ ਬਿਪ ਪੂਜਿ ਮਨਾਵਹੁ...ਰਾਜਾ ਬਾਲਕੁ ਨਗਰੀ ਕਾਚੀ...
10. ਮੁਕਾਬਲੇ ਲਈ ਸਲੋਕ ਵਾਰਾਂ ਤੇ ਵਧੀਕ ਮਹਲਾ 1 ਨੰਬਰ 1...ਸਸੁੜਿ ਸੁਹੀਆ ਕਿਵ ਕਰੀ / ਨਿਵਣੁ ਨ ਜਾਇ ਥਣੀ।
11. J. S. Grewal, *Guru Nanak in History,* P. U. Chandigarh, 1969, 232.
12. Keith Thomas, *Religion and The Decline of Magic,* Penguins, 1973, 180-1.
13. J. S. Grewal & S. S. Bal, *Guru Gobind Singh,* P. U. Chandigarh, 1967, 28-9.
14. ਵੇਖੋ ਉਪਰ ਨੋਟ 2.
15. J. S. Grewal & S. S. Bal, *op. cit.* 49.

## ਪ੍ਰੋ: ਜੋਤਿੰਦਰ ਕੌਰ ਸੰਧੂ

# ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ : ਇਤਿਹਾਸਕ ਵਿਸ਼ਲੇਸ਼ਣ

ਸਿੱਖ ਇਤਿਹਾਸ ਸਬੰਧੀ ਵਿਸ਼ੇਸ਼ ਕਰਕੇ ਤੇ ਭਾਰਤੀ ਇਤਿਹਾਸ ਬਾਰੇ ਆਮ ਕਰਕੇ ਠੋਸ ਤਰਕ-ਭਰਪੂਰ ਖੋਜ ਕਰਕੇ ਬਹੁਤ ਘੱਟ ਲਿਖਿਆ ਗਿਆ ਹੈ। ਆਮ ਤੌਰ 'ਤੇ ਪਹਿਲਾਂ ਲਿਖੀਆਂ ਗਈਆਂ ਇਤਿਹਾਸ-ਪੁਸਤਕਾਂ ਨੂੰ ਹੀ ਅਧਾਰ ਬਣਾਕੇ ਮੱਖੀ 'ਤੇ ਮੱਖੀ ਮਾਰਨ ਦੇ ਉਪਰਾਲੇ ਕੀਤੇ ਗਏ ਹਨ। ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ, ਮੌ: ਗੁਲਾਮ ਹੁਸੈਨ ਦੀ ਪੁਸਤਕ **ਸੀਅਰ ਉਲ ਮੁਤਾਖ਼ਰੀਨ**, ਜਿਸ ਨੂੰ ਅਧਾਰ ਬਣਾ ਕੇ ਬਹੁਤ ਸਾਰੇ ਇਤਿਹਾਸਕਾਰਾਂ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਸਬੰਧੀ ਭਾਂਤ ਭਾਂਤ ਦੀਆਂ ਬੇਤੁਕੀਆਂ ਮਾਰੀਆਂ ਹਨ । ਕਨਿੰਘਮ, ਟਰੰਪ ਤੇ ਲਤੀਫ਼ ਦੇ ਨਾਮ ਇਸ ਪੱਖੋਂ ਵਰਣਨਯੋਗ ਹਨ। ਇਸੇ ਪੁਸਤਕ ਦੇ ਆਧਾਰ 'ਤੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਵੰਨ ਸੁਵੰਨੇ ਰੰਗਾਂ ਵਿਚ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਦਾ ਗਹੁ ਨਾਲ ਮੁਤਾਲਿਆ ਕੀਤੇ ਤੋਂ ਪਤਾ ਲਗਦਾ ਹੈ ਕਿ ਇਸ ਵਿਚ ਕਈ ਅਜਿਹੀਆਂ ਗੱਲਾਂ ਲਿਖੀਆਂ ਗਈਆਂ ਹਨ ਜੋ ਇਸ ਨੂੰ ਇਤਿਹਾਸਕ ਪੁਸਤਕ ਦੇ ਰੂਪ ਵਿਚ ਸਵੀਕਾਰ ਕਰਨ ਤੋਂ ਸਾਨੂੰ ਰੋਕਦੀਆਂ ਹਨ। ਮੌਲਾਨਾ ਗੁਲਾਮ ਹੁਸੈਨ ਨੇ ਲਿਖਿਆ ਹੈ, "ਗੁਰੂ ਨਾਨਕ ਦਾ ਅੱਠਵਾਂ ਗੱਦੀ-ਨਸ਼ੀਨ ਜਿਨ੍ਹਾਂ ਦਾ ਨਾਮ ਗੁਰੂ ਤੇਗ਼ ਬਹਾਦਰ ਸੀ, ਬਹੁਤ ਸਾਰੇ ਸਿੱਖ ਇਕੱਠੇ ਕਰਕੇ ਬਹੁਤ ਤਾਕਤਵਰ ਹੋ ਗਿਆ ਤੇ ਕਈ ਹਜ਼ਾਰ ਆਦਮੀ ਉਸ ਦੇ ਨਾਲ ਫਿਰਿਆ ਕਰਦੇ ਸਨ। ਸ਼ੇਖ ਅਹਿਮਦ ਸਰਹੰਦੀ ਦੇ ਮੁਰੀਦਾਂ ਦੇ ਫ਼ਿਰਕੇ ਵਿਚੋਂ ਉਸ ਦੇ ਸਮਕਾਲੀ ਹਾਫ਼ਜ ਨਾਮੀ ਇਕ ਫ਼ਕੀਰ ਨੇ ਭੀ ਮੁਰੀਦਾਂ ਤੇ ਚੇਲਿਆਂ ਦੀ ਇਕ ਤਕੜੀ ਜਮਾਤ ਇਕੱਠੀ ਕਰ ਲਈ ਸੀ। ਇਹ ਦੋਵੇਂ ਇਕੱਠੇ ਹੋ ਕੇ ਸਖ਼ਤੀ ਤੇ ਅਤਿਆਚਾਰ ਕਰਦੇ ਤੇ ਸਾਰੇ ਮੁਲਖ ਪੰਜਾਬ ਵਿਚ ਫਿਰਦੇ ਸਨ। ਤੇਗ ਬਹਾਦਰ ਹਿੰਦੂਆਂ ਤੋਂ ਰੁਪਈਆ ਲੈਂਦਾ ਹੁੰਦਾ ਸੀ ਤੇ ਹਾਫ਼ਜ ਆਦਮ ਮੁਸਲਮਾਨਾਂ ਤੋਂ । ਸਰਕਾਰੀ ਖ਼ਬਰਾਂ ਲਿਖਣ ਵਾਲਿਆਂ ਨੇ ਆਲਮਗੀਰ (ਔਰੰਗਜ਼ੇਬ) ਨੂੰ ਲਿਖਿਆ ਕਿ ਫ਼ਲਾਣੇ ਫ਼ਲਾਣੇ ਇਕ ਹਿੰਦੂ ਤੇ ਇਕ ਮੁਸਲਮਾਨ ਦੋ ਫ਼ਕੀਰਾਂ ਨੇ ਇਕਠੇ ਹੋ ਕੇ (ਯਾ ਸਲਾਹ ਕਰਕੇ) ਇਹ ਕੰਮ ਫੜਿਆ ਹੋਇਆ ਹੈ (ਜਿਸ ਦਾ ਕਿ ਉਪਰ ਜ਼ਿਕਰ ਕੀਤਾ ਜਾ ਚੁਕਾ ਹੈ) ਅਤੇ ਕੋਈ ਹੈਰਾਨਗੀ ਨਹੀਂ ਕਿ ਜੇ ਇਨ੍ਹਾਂ ਦੀ ਤਾਕਤ ਵਧ ਗਈ ਤਾਂ (ਤੇਰਾ) ਟਾਕਰਾ ਭੀ ਕਰਨ (ਲੱਗ ਪੈਣ) ਆਲਮਗੀਰ (ਔਰੰਗਜ਼ੇਬ) ਨੇ ਇਹ ਖ਼ਬਰ ਸੁਣਦਿਆਂ ਸਾਰ ਹੀ ਲਾਹੌਰ ਦੇ ਹਾਕਮ ਨੂੰ ਲਿਖਿਆ ਕਿ ਦੋਹਾਂ ਨੂੰ ਗਿਰਫ਼ਤਾਰ ਕਰਕੇ ਹਾਫ਼ਜ਼ ਆਦਮ ਨੂੰ ਮੁਲਕੋਂ ਬਾਹਰ ਕੱਢਕੇ ਅਟਕੋਂ ਪਾਰ ਹਿੰਦੁਸਤਾਨ ਦੀ ਹੱਦ ਦੇ ਅਫ਼ਗਾਨਾਂ ਦੇ ਮੁਲਕ ਪਿਸ਼ਾਵਰ ਵਲ ਭੇਜ ਦੇਵੋ ਜਿਥੋਂ ਕਿ ਉਹ ਮੁੜ ਇਸ ਪਾਸੇ ਆ ਹੀ ਨਾ ਸਕੇ ਅਤੇ ਤੇਗ ਬਹਾਦਰ (ਗੁਰੂ) ਨੂੰ ਕੈਦ ਕਰਕੇ ਹਵਾਲਾਤ ਵਿਚ ਦੇ ਦੇਵੋ। ਸੋ ਇਸੇ ਤਰ੍ਹਾਂ ਕੀਤਾ ਗਿਆ। ਕੁਝ ਦਿਨਾਂ ਪਿਛੋਂ ਤੇਗ਼ ਬਹਾਦਰ ਬਾਬਤ ਦੂਜਾ ਹੁਕਮ ਪੁੱਜਾ ਕਿ ਉਸ ਨੂੰ ਕਤਲ ਕੀਤਾ ਜਾਵੇ ਤੇ ਉਸ ਦੇ ਸਰੀਰ ਦੇ ਕੁਝ ਟੁਕੜੇ ਕਰਕੇ ਸ਼ਹਿਰ ਦੀਆਂ ਗਲੀਆਂ (ਬਜ਼ਾਰਾਂ) ਵਿਚ ਲਟਕਾਏ ਜਾਣ। ਹੁਕਮ



ਅਨੁਸਾਰ ਕੀਤਾ ਗਿਆ।"[4] ਉਪਰੋਕਤ ਬਿਰਤਾਂਤ ਤੋਂ ਪਤਾ ਲਗਦਾ ਹੈ ਕਿ ਗੁਲਾਮ ਹੁਸੈਨ ਨੇ ਗੁਰੂ ਤੇਗ ਬਹਾਦਰ ਬਾਰੇ ਲਿਖਣ ਸਮੇਂ ਕਿਤਨੀ ਕੁ ਗੰਭੀਰਤਾ ਤੋਂ ਕੰਮ ਲਿਆ ਹੈ। ਇਸ ਸਬੰਧੀ ਦੋ ਤਿੰਨ ਗੱਲਾਂ ਖੰਡਨ ਯੋਗ ਹਨ :

(1) ਗੁਰੂ ਤੇਗ ਬਹਾਦਰ ਸ਼ਾਸ਼ਤਰ ਬੱਧ ਹੁੰਦੇ ਸਨ। ਮੌਲਵੀ ਗੁਲਾਮ ਹੁਸੈਨ ਨੇ ਕਿਤੇ ਵੀ ਉਨ੍ਹਾਂ ਨੂੰ ਸ਼ਾਸ਼ਤਰ ਧਾਰੀ ਨਹੀਂ ਦਿਖਾਇਆ, ਸੋ ਇਕ ਪਾਸੇ ਉਹ ਗੁਰੂ ਸਾਹਿਬ ਨੂੰ ਸਖਤੀ ਤੇ ਅਤਿਆਚਾਰ ਕਰਦੇ ਦਿਖਾਉਂਦਾ ਹੈ, ਦੂਸਰੇ ਪਾਸੇ ਫ਼ਕੀਰ ਕਹਿੰਦਾ ਹੈ — ਇਹ ਦੋ ਵਿਰੋਧੀ ਗੱਲਾਂ ਕਿਵੇਂ ?

(2) ਸਭ ਤੋਂ ਵੱਡੀ ਗੱਲ ਜਿਸ ਬਾਰੇ ਡਾਕਟਰ ਗੰਡਾ ਸਿੰਘ ਨੇ ਅੰਗਰੇਜ਼ੀ ਪਤ੍ਰਿਕਾ **ਟਰਬਿਊਨ** (22 ਅਕਤੂਬਰ 1975) ਵਿਚ ਕਈ ਹਵਾਲਿਆਂ ਰਾਹੀਂ ਸਪਸ਼ਟ ਕੀਤਾ ਹੈ : ਹਾਫ਼ਜ਼ ਆਦਮ ਸਾਹਿਬ ਨੂੰ ਸ਼ਾਹਜਹਾਨ ਤੋਂ ਪੰਜਾਬ ਵਿਚੋਂ ਨਿਕਲ ਜਾਣ ਦਾ ਹੁਕਮ ਮਿਲਿਆ ਸੀ ਤੇ ਉਹ ਮੱਕੇ ਮਦੀਨੇ ਦੀ ਧਾਰਮਿਕ ਯਾਤਰਾ ਕਰਨ ਲਈ ਚਲੇ ਗਏ ਅਤੇ 14/15, ਦਸੰਬਰ 1643 ਨੂੰ ਉੱਧਰ ਹੀ ਕਾਲਵੱਸ ਹੋ ਗਏ। ਉਨ੍ਹਾਂ ਦਾ ਮਕਬਰਾ ਮਦੀਨੇ ਵਿਚ ਹੈ। ਇਸ ਪ੍ਰਕਾਰ ਇਹ ਘਟਨਾ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ 32 ਵਰੇ ਪਹਿਲਾਂ ਦੀ ਸਿੱਧ ਹੋਈ।

ਮੌਲਵੀ ਗੁਲਾਮ ਹੁਸੈਨ ਨੇ ਇਹ ਪੁਸਤਕ ਗੁਰੂ ਸਾਹਿਬ ਦੀ ਸ਼ਹੀਦੀ ਤੋਂ 110 ਸਾਲ ਪਿਛੋਂ ਲਿਖੀ ਹੈ। ਉਪਰੋਕਤ ਤੱਥਾਂ ਦੀ ਰੌਸ਼ਨੀ ਵਿਚ ਅਸੀਂ ਇਹ ਕਹਿਣ ਲਈ ਮਜਬੂਰ ਹਾਂ ਕਿ ਲੇਖਕ ਨੇ ਇਤਿਹਾਸਕ ਖੋਜ ਦਾ ਫ਼ਰਜ਼ ਗੰਭੀਰਤਾ ਨਾਲ ਨਿਭਾਉਣ ਦਾ ਰੱਤੀ ਭਰ ਵੀ ਯਤਨ ਨਹੀਂ ਕੀਤਾ; ਨਹੀਂ ਤੇ ਉਹ ਹਾਫ਼ਜ਼ ਆਦਮ ਨੂੰ ਗੁਰੂ ਤੇਗ ਬਹਾਦਰ ਦਾ ਸਮਕਾਲੀ ਸਿੱਧ ਕਰਨ ਦਾ ਯਤਨ ਨਾ ਕਰਦਾ ਅਤੇ ਨਾ ਹੀ ਹਿੰਦੂਆਂ ਸਿੱਖਾਂ ਵਲੋਂ ਗੁਰੂ ਸਾਹਿਬ ਨੂੰ ਸ਼ਰਧਾ ਨਾਲ ਕੀਤੀਆਂ ਭੇਟਾਂ ਨੂੰ ਲੁਟ ਮਾਰ ਜਾਂ ਟੈਕਸ ਦਾ ਨਾਂ ਦੇਂਦਾ।

ਬਾਕੀ ਰਹੀ ਗੱਲ ਮੈਕਾਲਫ਼, ਟਰੰਪ ਤੇ ਕਨਿੰਘਮ ਦੀ। ਇਨ੍ਹਾਂ ਨੇ ਜਿਵੇਂ ਕਿ ਪਹਿਲਾਂ ਵੀ ਸੰਕੇਤ ਕੀਤਾ ਹੈ, ਮੌਲਵੀ ਗੁਲਾਮ ਹੁਸੈਨ ਦੀ ਇਸੇ ਪੁਸਤਕ ਦੇ ਰੋਮੋਂ ਤੇ ਬਰਿਜ਼ਜ਼ ਦੁਆਰਾ ਕੀਤੇ ਉਲਥੇ ਦੇ ਅਧਾਰ 'ਤੇ ਹੀ ਆਪਣੇ ਵਿਚਾਰ ਬਣਾ ਲਏ। ਇਨ੍ਹਾਂ ਅਨੁਵਾਦਕਾਂ ਦੀ ਬਾਬਤ ਤੇ ਟਰੰਪ ਕਨਿੰਘਮ ਤੇ ਮੈਕਾਲਫ਼ ਆਦਿ ਇਤਿਹਾਸਕਾਰਾਂ ਬਾਬਤ ਡਾ. ਗੰਡਾ ਸਿੰਘ ਅਤੇ ਪਿੰ: ਤੇਜਾ ਸਿੰਘ ਨੇ ਆਪਣੀ ਪੁਸਤਕ "ਏ ਸ਼ਾਰਟ ਹਿਸਟਰੀ ਆਫ਼ ਦਾ ਸਿਖ਼ਸ" ਵਿਚ ਦਸਿਆ ਕਿ ਕਿਵੇਂ ਅਨੁਵਾਦਕਾਂ ਨੇ ਕੁਝ ਗੱਲਾਂ ਆਪਣੇ ਕੋਲੋਂ ਹੀ ਵਿਚ ਜੋੜ ਦਿੱਤੀਆਂ ਹਨ ਜਿਵੇਂ ਕਿ (1) ਗੁਰੂ ਤੇ ਉਹਦੇ ਸਿੱਖ ਹਥਿਆਰਬੰਦ ਹੋਕੇ ਘੁੰਮਦੇ ਸਨ। (2) ਸਾਰੇ ਪੰਜਾਬ ਨੂੰ ਬਰਬਾਦ ਕਰ ਦਿੱਤਾ ਸੀ...ਤੇਗ ਬਹਾਦਰ ਦੂਸਰੇ ਲੁਟੇਰੇ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦੀ ਬਣਾ ਕੇ ਭੇਜ ਦਿੱਤਾ ਗਿਆ...ਕੁਝ ਸਮੇਂ ਬਾਅਦ ਗਵਾਲੀਅਰ ਦੇ ਗਵਰਨਰ ਨੂੰ ਇਕ ਹੁਕਮ ਅਨੁਸਾਰ ਤੇਗ ਬਹਾਦਰ ਨੂੰ ਕਤਲ ਕਰਕੇ, ਚਾਰ ਟੋਟੇ ਕਰਕੇ ਕਿਲੇ ਦੇ ਚਾਰਾਂ ਦਰਵਾਜ਼ਿਆਂ ਤੇ ਟੰਗ ਦੇਣ[2] ਦਾ ਹੁਕਮ ਮਿਲਿਆ। ਇਸੇ ਤਰ੍ਹਾਂ ਹੀ ਕੀਤਾ ਗਿਆ ਹੈ।

ਜਾਹਨ ਬਰਿਜ਼ਜ ਨੇ ਵੀ ਰੋਮੋਂ ਵਾਲੇ ਹੀ ਵਿਚਾਰ ਦੁਹਰਾਏ ਹਨ। ਉਪਰੋਕਤ ਗੱਲਾਂ ਤੋਂ ਅਨੁਵਾਦਕਾਂ ਦੀ ਅਣਗਹਿਲੀ ਭਲੀ ਭਾਂਤ ਦ੍ਰਿਸ਼ਟੀਗੋਚਰ ਹੁੰਦੀ ਹੈ। ਮੌਲਿਕ ਕਿਤਾਬ ਵਿਚ ਇਹੋ ਜਿਹੀ ਕੋਈ ਗੱਲ ਨਹੀਂ ਲਿਖੀ ਮਿਲਦੀ। ਨਾ ਹੀ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਨ ਦਾ

ਕੋਈ ਜ਼ਿਕਰ ਹੈ । ਇੱਥੇ ਹੀ ਬਸ ਨਹੀਂ । ਅਨੁਵਾਦਕਾਂ ਨੇ ਮੌਲਵੀ ਗੁਲਾਮ ਹੁਸੈਨ ਵਲੋਂ ਗੁਰੂ ਤੇਗ ਬਹਾਦਰ ਨੂੰ ਅੱਠਵਾਂ ਗੱਦੀ ਨਸ਼ੀਨ ਦੱਸਿਆ ਸੀ, ਅਨੁਵਾਦਕਾਂ ਨੇ ਨੌਵਾਂ ਵੀ ਆਪ ਹੀ ਬਣਾ ਦਿੱਤਾ । ਇਸ ਪ੍ਰਕਾਰ ਇਹ ਪੁਸਤਕ ਜੋ ਸਿੱਖ ਇਤਿਹਾਸ ਨਾਲ ਸੰਬੰਧਿਤ ਖੋਜ ਨੂੰ ਭੰਬਲ ਭੂਸਿਆਂ ਵਿਚ ਪਾਉਣ ਦਾ ਕਾਰਨ ਬਣੀ, ਕਿਤਨੀ ਕੁ ਪ੍ਰਮਾਣਿਕ ਹੈ ਅਤੇ ਇਸ ਦੇ ਅਨੁਵਾਦਕਾਂ ਨੇ ਇਸ ਨੂੰ ਕਿਤਨੀ ਕੁ ਹੋਰ ਪ੍ਰਮਾਣਿਕਤਾ ਬਖ਼ਸ਼ੀ, ਉਹ ਅਸੀਂ ਵੇਖ ਲਈ । ਨਿਰਸੰਦੇਹ ਅਜਿਹੀ ਰਚਨਾ ਦਾ ਇਤਿਹਾਸਕ ਸੋਮੇਂ ਦੇ ਤੌਰ ਤੇ ਵਰਤੇ ਜਾਣਾ ਸਿੱਖ ਇਤਿਹਾਸਕਾਰਾਂ ਨੂੰ ਵੀ ਅਤੇ ਸਿੱਖ ਇਤਿਹਾਸ ਵਿਚ ਰੁਚੀ ਰੱਖਣ ਵਾਲਿਆਂ ਨੂੰ ਗੁਮਰਾਹ ਕਰਨ ਤੋਂ ਸਿਵਾਏ ਹੋਰ ਕੋਈ ਕੰਮ ਨਹੀਂ ਸਾਰਦਾ ਜਾਪਦਾ ।

ਅਸਲ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਮੁਖ ਕਾਰਨ ਸਾਡੀ ਜਾਚੇ ਇਹ ਸਨ :

(1) ਗੁਰੂ ਨਾਨਕ ਦੇਵ ਤੋਂ ਬਾਅਦ, ਗੁਰੂ ਤੇਗ ਬਹਾਦਰ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਧਰਮ ਪ੍ਰਚਾਰ ਲਈ ਦੂਰ ਦੂਰ ਤੀਕ ਭਰਮਣ ਕੀਤਾ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਨ੍ਹਾਂ ਦੀ ਧਰਮ ਹਜ਼ੂਰੀ ਵਿਚ ਆ ਰਹੇ ਸਨ । ਔਰੰਗਜ਼ੇਬ ਜੋ ਦਿਲ ਵਿਚ ਹਿੰਦੁਸਤਾਨ ਨੂੰ ਇਸਲਾਮੀ ਰੰਗ ਚਾੜ੍ਹਨ ਦੇ ਸੁਪਨੇ ਲੈ ਰਿਹਾ ਸੀ, ਉਸ ਨੂੰ ਇਹ ਧਰਮ ਪ੍ਰਫੁਲਤਾ ਚਿੰਤਾਤੁਰ ਕਰ ਰਹੀ ਸੀ ।

(2) ਗੁਰੂ ਤੇਗ ਬਹਾਦਰ ਦੇ ਕੁਝ ਰਿਸ਼ਤੇਦਾਰਾਂ ਨੂੰ ਉਨ੍ਹਾਂ ਦੀ ਵਧਦੀ ਪ੍ਰਸਿੱਧੀ ਚੁਭ ਰਹੀ ਸੀ । ਰਾਮ ਰਾਇ ਦਿੱਲੀ ਬੈਠਾ ਹੀ ਗੁਰਗੱਦੀ ਪ੍ਰਾਪਤ ਕਰਨ ਦੇ ਖ਼ਾਬ ਲੈ ਰਿਹਾ ਸੀ ਅਤੇ ਹੱਥ ਪੈਰ ਵੀ ਮਾਰ ਰਿਹਾ ਸੀ ਕਿਉਂਕਿ ਔਰੰਗਜ਼ੇਬ ਦੇ ਦਰਬਾਰ 'ਚ ਉਸ ਦੀ ਚੰਗੀ ਪਹੁੰਚ ਸੀ । ਧੀਰ ਮੱਲ ਤਾਂ ਪਹਿਲਾਂ ਤੋਂ ਹੀ ਗੁਰੂ ਸਾਹਿਬ ਦਾ ਦੋਖੀ ਸੀ । ਬਾਬੇ ਬਕਾਲੇ ਵਿਚ ਉਸ ਨੇ ਗੁਰੂ ਸਾਹਿਬ ਨੂੰ ਬੜਾ ਤੰਗ ਕੀਤਾ ਸੀ । ਗੁਰੂ ਜੀ ਤੇ ਗੋਲੀ ਤੀਕ ਚਲਾਈ । ਸੋ ਇਸ ਸਬੰਧੀ ਵਿਸਥਾਰ 'ਚ ਜਾਣ ਦੀ ਲੋੜ ਨਹੀਂ ।

(3) ਗੁਰੂ ਸਾਹਿਬ ਦਾ ਢਾਕੇ, ਫਿਰ ਅਸਾਮ ਵਿਚ ਜਾ ਕੇ ਲੋਕਾਂ ਨੂੰ ਪ੍ਰਭਾਵਿਤ ਕਰਨਾ, ਪੰਜਾਬ ਵਿਚ ਆ ਕੇ ਮਾਲਵੇ ਦੇ ਲੋਕਾਂ ਵਿਚ ਧਰਮ, ਆਜ਼ਾਦੀ ਅਤੇ ਅਣਖ ਦਾ ਜੀਵਨ ਜੀਉਣ ਦੀ ਚਿਣਗ ਜਗਾਉਣ ਲਈ ਭਰਮਣ ਕਰਨਾ ਆਦਿ ਸੁਣ ਕੇ ਔਰੰਗਜ਼ੇਬ ਦੇ ਸ਼ੱਕੀ ਸੁਭਾਅ ਨੇ ਚੰਗੇ ਭੈੜੇ ਅਨੁਮਾਨ ਲਗਾਉਣੇ ਸ਼ੁਰੂ ਕਰ ਦਿੱਤੇ । ਔਰੰਗਜ਼ੇਬ ਦੇ ਸਰਕਾਰੀ ਸੂਹੀਏ ਅਤੇ ਗੁਰੂ ਸਾਹਿਬ ਦੇ ਵਿਰੋਧੀ ਇਸ ਮੌਕੇ ਨੂੰ ਗ਼ਨੀਮਤ ਸਮਝਦੇ ਸਨ । ਇਸੇ ਦੌਰਾਨ ਕਸ਼ਮੀਰੀ ਪੰਡਤਾਂ ਦਾ ਗੁਰੂ ਸਾਹਿਬ ਅਗੇ ਫਰਿਆਦੀ ਹੋਣਾ ਤੇ ਔਰੰਗਜੇਬ ਨੂੰ ਜਾ ਕੇ ਗੁਰੂ ਸਾਹਿਬ ਦੇ ਕਹੇ ਅਨੁਸਾਰ ਦੱਸਣਾ ਬਲਦੀ ਤੇ ਤੇਲ ਪਾਉਣਾ ਸਾਬਤ ਹੋਇਆ ।

ਇਸ ਪ੍ਰਕਾਰ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸਬੰਧੀ ਸਾਨੂੰ ਮੁਖ ਕਾਰਨ ਉਨ੍ਹਾਂ ਦਾ ਤੇਜੱਸਵੀ, ਅਣਖੀ, ਲੋਕ ਪ੍ਰਿਯ, ਸੁਤੰਤਰਤਾ-ਪਰੇਮੀ ਅਤੇ ਜਨਤਾ ਨੂੰ ਗ਼ਫ਼ਲਤ ਦੀ ਨੀਂਦ ਤੋਂ ਜਗਾਉਣ ਵਾਲਾ ਹੋਣਾ ਹੀ ਜਾਪਦਾ ਹੈ ।

ਜਦੋਂ ਕਸ਼ਮੀਰੀ ਪੰਡਤਾਂ ਨੇ ਔਰੰਗਜ਼ੇਬ ਨੂੰ ਗੁਰੂ ਤੇਗ ਬਹਾਦਰ ਦੇ ਕਹੇ ਅਨੁਸਾਰ ਜਾਕੇ ਕਿਹਾ ਕਿ ਪਹਿਲਾਂ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੋ ਫਿਰ ਉਹ ਸਭ ਆਪਣੇ ਆਪ ਹੀ ਮੁਸਲਮਾਨ ਬਣ ਜਾਣਗੇ, ਔਰੰਗਜ਼ੇਬ ਜੋ ਪਹਿਲਾਂ ਹੀ ਗੁਰੂ ਸਾਹਿਬ ਦੇ ਵਧਦੇ ਤੇਜ ਤੋਂ ਔਖਾ ਸੀ ਝਟ ਪਟ ਇਸ ਖ਼ਿਆਲ ਨੂੰ ਆਪਣੀਆਂ ਸਭਨਾਂ ਮੁਸ਼ਕਿਲਾਂ ਦਾ ਹੱਲ ਸਮਝ ਬੈਠਾ । ਉਸ ਨੂੰ ਇਸ ਨਾਲ ਆਪਣੀ ਧਾਰਮਿਕ ਨੀਤੀ ਦੇ ਰਾਹ ਦੀਆਂ ਸਭ ਰੁਕਾਵਟਾਂ ਸਾਫ਼ ਹੁੰਦੀਆਂ ਪ੍ਰਤੀਤ ਹੋਈਆਂ । ਸੋ ਉਸ ਨੇ ਗੁਰੂ ਤੇਗ ਬਹਾਦਰ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ । ਗੁਰੂ ਤੇਗ



ਬਹਾਦਰ ਇਨ੍ਹਾਂ ਦਿਨਾਂ ਵਿਚ ਮਾਲਵੇ ਦੇ ਇਲਾਕੇ ਵਿਚ ਵਿਚਰ ਰਹੇ ਸਨ ਅਤੇ ਪਿੰਡਾਂ ਦੇ ਲੋਕ ਵਿਸ਼ੇਸ਼ ਕਰਕੇ ਕਿਰਸਾਣੀ ਵਰਗ ਉਨ੍ਹਾਂ ਦਾ ਹਰ ਥਾਂ ਨਿੱਘਾ ਸਵਾਗਤ ਕਰ ਰਿਹਾ ਸੀ । ਇਸੇ ਸਮੇਂ ਦੇ ਦੌਰਾਨ ਔਰੰਗਜ਼ੇਬ ਦੇ ਸੂਬਾ ਲਾਹੌਰ ਨੂੰ ਦਿਤੇ ਹੁਕਮ ਅਧੀਨ ਗੁਰੂ ਸਾਹਿਬ ਨੂੰ ਸਰਹੰਦ ਦੇ ਫ਼ੌਜਦਾਰ ਦਿਲਾਵਰ ਖਾਂ ਨੇ, ਰੋਪੜ ਦੇ ਕੋਤਵਾਲ ਨੂਰ ਮੁਹੰਮਦ ਖਾਂ ਦੀ ਸਹਾਇਤਾ ਨਾਲ ਰੋਪੜ ਨੇੜਿਉਂ ਕੈਦ ਕਰਕੇ ਦਿੱਲੀ ਭੇਜ ਦਿੱਤਾ ।[3]

ਔਰੰਗਜ਼ੇਬ ਆਪ ਇਨ੍ਹਾਂ ਦਿਨਾਂ ਵਿਚ ਹਸਨ ਅਬਦਾਲ ਵਿਚ ਅਫ਼ਗਾਨਾ ਵਿਰੁਧ ਲੜਾਈ ਵਿਚ ਕਾਫ਼ੀ ਰੁਝਿਆ ਹੋਇਆ ਸੀ । ਸੋ ਹਸਨ ਅਬਦਾਲ ਤੇ ਦਿੱਲੀ ਵਿਚਕਾਰ ਸਰਕਾਰੀ ਚਿੱਠੀ ਪੱਤਰ ਕੋਈ ਤਿੰਨ ਮਹੀਨੇ ਜਾਰੀ ਰਿਹਾ ਅਤੇ ਆਖ਼ਰੀ ਹੁਕਮ ਨਵੰਬਰ 1675 ਦੇ ਪਹਿਲੇ ਹਫ਼ਤੇ ਸਰਕਾਰੀ ਅਹੁਦੇਦਾਰਾਂ ਨੂੰ ਪ੍ਰਾਪਤ ਹੋਇਆ । ਗੁਰੂ ਸਾਹਿਬ ਦੇ ਮਨ ਅੰਦਰ ਦਹਿਸ਼ਤ ਬਠਾਉਣ ਲਈ, ਉਨ੍ਹਾਂ ਦੇ ਦੋ ਸਾਥੀ ਸਿੱਖਾਂ, ਭਾਈ ਮਤੀ ਦਾਸ ਤੇ ਭਾਈ ਦਿਆਲੇ ਨੂੰ ਬੇ ਰਹਿਮੀ ਨਾਲ ਸ਼ਹੀਦ ਕੀਤਾ ਗਿਆ । ਅਖੀਰ ਸ਼ਾਂਤ, ਅਡੋਲ, ਤੇਜੱਸਵੀ ਮਹਾਨ ਗੁਰੂ 11 ਨਵੰਬਰ 1675 ਨੂੰ ਚਾਂਦਨੀ ਚੋਕ ਵਿਚ, ਵਿਸ਼ਵ ਇਤਿਹਾਸ ਅਗੇ ਲਾਸਾਨੀ ਸ਼ਹਾਦਤ ਦਾ ਪ੍ਰਮਾਣ ਛੱਡ ਗਏ । ਇਸ ਸ਼ਹਾਦਤ ਨੇ ਪੰਜਾਬ ਦੇ ਸਿੱਖਾਂ ਦੇ ਹੀ ਨਹੀਂ, ਸਮੁਚੇ ਭਾਰਤਵਰਸ਼ ਦੇ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਦਿੱਤੀ ਜਿਸ ਵਿਜੈਸ਼ਾਲੀ, ਗੌਰਵਸ਼ਾਲੀ, ਅਣਖੀ ਕੌਮ ਦੀ ਸਿਰਜਣਾ "ਖਾਲਸਾ" ਰੂਪ ਵਿਚ ਗੁਰੂ ਗੋਬਿੰਦ ਸਿੰਘ ਨੇ ਕੀਤੀ, ਉਸ ਦਾ ਬੀਜ ਗੁਰੂ ਤੇਗ ਬਹਾਦਰ ਨੇ ਬੀਜ ਦਿੱਤਾ ਸੀ ।

---

1. "ਕੁਝ ਕੁ ਪੁਰਾਤਨ ਸਿੱਖ ਇਤਿਹਾਸਕ ਪੱਤਰੇ" ਲੇਖਕ ਡਾਕਟਰ ਗੰਡਾ ਸਿੰਘ — ਸੀਆਰ ਅਲ ਮੁਤਾਖ਼ਰੀਨ ਵਿਚੋਂ ਤਰਜਮਾ (ਪੰਨਾ 41)
2. ਸੀਆਰਅਲ ਮੁਤਾਖ਼ਰੀਨ : ਲੋ. ਮੌ. ਗੁਲਾਮ ਹੁਸੈਨ : ਅਨੁਵਾਦਕ ਰੇਮੋਂ (ਪੰਨਾ 84-85)
3. ਪੰਜਾਬ : ਪਾਸਟ ਐਂਡ ਪ੍ਰੈਜ਼ੈਂਟ ਜਿਲਦ IX ਗੰਡਾ ਸਿੰਘ ਦੀ ਅਣਛਪੀ ਪੁਸਤਕ ਵਿਚੋਂ ।

---

**ਨੋਟ** : ਹਥਲਾ ਅੰਕ 'ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ' ਹੋਣ ਕਾਰਨ ਇਸ ਵਿਚ ਅਸੀਂ ਪ੍ਰੋ: ਕਿਸ਼ਨ ਸਿੰਘ ਦੇ ਲੇਖ "ਇਕਾਨੋਮਿਜ਼ਮ ਤੇ ਕੰਮ ਦੀ ਪਰੇਰਨਾ" ਅਤੇ ਨਜਮ ਹੁਸੈਨ ਸੱਯਦ ਦੇ ਲੇਖ "ਕਾਦਰਯਾਰ ਤੇ ਪੂਰਨ ਦਾ ਜੋਗ" ਦੇ ਬਾਕੀ ਹਿੱਸੇ ਨਹੀਂ ਦੇ ਸਕੇ । ਏਸੇ ਕਾਰਨ ਹਰਚਰਨ ਸਿੰਘ ਸੋਬਤੀ ਦੀ ਲੇਖ-ਲੜੀ ਦਾ ਅਗਲਾ ਲੇਖ ਸ਼ਾਹ ਹੁਸੈਨ / ਬੁਲ੍ਹੇ ਸ਼ਾਹ ਬਾਰੇ ਅਤੇ ਸਿਖ-ਲਹਿਰ ਤੇ ਗੁਰਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਨਹੀਂ ਦਿਤੇ ਜਾ ਸਕੇ । ਇਹ ਲੇਖ ਅਗਲੇ ਅੰਕ ਵਿਚ ਛਾਪੇ ਜਾਣਗੇ । ਪਾਠਕ ਖਿਮਾਂ ਕਰਨ ।

■

ਨੋਟ : 'ਸੇਧ' ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ 'ਸੇਧ' ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■

ਨੋਟ : ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮੰਨਜ਼ੂਰ

**ਜਗਜੀਤ ਸਿੰਘ**

## ਗੁਰੂ ਗੋਬਿੰਦ ਸਿੰਘ ਅਤੇ ਬਹਾਦਰ ਸ਼ਾਹ

ਉਪਰੋਕਤ ਸਿਰਲੇਖ ਹੇਠ 'ਸੇਧ' ਦੇ ਨਵੰਬਰ ਦੇ ਪਰਚੇ ਵਿਚ ਛਪੇ ਲੇਖ ਵਿਚ ਡਾ. ਜ. ਸ. ਗਰੇਵਾਲ ਜੀ ਨੇ ਇਸ ਬੰਨੇ ਯਥਾਰਥ ਤੌਰ ਉਤੇ ਧਿਆਨ ਦਵਾਇਆ ਹੈ ਕਿ ਇਤਿਹਾਸਕ ਨਜ਼ਰੀਏ ਤੋਂ ਇਸ ਸਵਾਲ ਦਾ ਨਿਖੇੜਾ ਕਰਨਾ ਬਹੁਤ ਅਹਿਮ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਔਰੰਗਜ਼ੇਬ ਅਤੇ ਬਹਾਦਰਸ਼ਾਹ ਨਾਲ ਕਿਸ ਮਕਸਦ ਜਾਂ ਨਿਸ਼ਾਨੇ ਨੂੰ ਸਾਹਮਣੇ ਰਖ ਕੇ ਮੇਲ ਮੁਲਾਕਾਤ ਜਾਂ ਗਲਬਾਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਮਸਲੇ ਦੀ ਅਹਿਮੀਅਤ ਮੰਗ ਕਰਦੀ ਹੈ ਕਿ ਇਸ ਸੰਬੰਧੀ ਹੋਰ ਪੜਚੋਲ ਕੀਤੀ ਜਾਏ।

ਇਹ ਨਿਖੇੜਾ ਪਹਿਲਾਂ ਹੀ ਕਰ ਲੈਣਾ ਜ਼ਰੂਰੀ ਹੈ ਕਿ ਜੋ ਸਵਾਲ ਸਾਹਮਣੇ ਹੈ ਉਹ ਅੰਦਰੂਨੀ ਮਨੋਰਥਾਂ ਬਾਰੇ ਹੈ, ਨਾ ਕੇਵਲ ਵਾਪਰੀਆਂ ਬੈਰੂਨੀ ਘਟਨਾਵਾਂ ਬਾਰੇ। ਕਿਹਾ ਜਾਂਦਾ ਹੈ ਕਿ ਸਰ ਵਾਲਟਰ ਰੈਲੇ ਜਦ ਕੈਦ ਵਿਚ ਸੀ ਤਾਂ ਉਸ ਦੇ ਸਾਹਮਣੇ ਵਾਪਰੀ ਇਕ ਘਟਨਾ ਨੂੰ ਵਖੋ ਵਖ ਬਿਆਨ ਕੀਤਾ ਗਿਆ। ਵਾਕਿਆਤ ਦਾ ਸਹੀ ਸਹੀ ਨਾ ਬਿਆਨ ਕੀਤੇ ਜਾ ਸਕਣ ਦੀ ਸੰਭਾਵਨਾ ਦਾ ਉਸ ਉਤੇ ਇਤਨਾ ਅਸਰ ਹੋਇਆ ਕਿ ਉਸ ਨੇ ਮਿਹਨਤ ਨਾਲ ਲਿਖੀ ਆਪਣੀ ਇਤਿਹਾਸਕ ਲਿਖਤ ਪਾੜ ਦਿਤੀ। ਇਤਿਹਾਸਕਾਰੀ ਦੀ ਵਿਦਿਆ ਸਰ ਰੈਲੇ ਦੀ ਲੀਹੇ ਚਲ ਕੇ ਆਪਣੇ ਆਪ ਨੂੰ ਠੱਪ ਤਾਂ ਸਕਦੀ ਨਹੀਂ। ਉਸ ਲਈ ਕੇਵਲ ਇਕੋ ਇਕ ਰਾਹ ਹੈ ਕਿ ਵਾਕਿਆਤ ਬਾਰੇ ਨਿਰਪੱਖ ਗਵਾਹੀਆਂ ਦੇ ਆਧਾਰ ਉਤੇ ਪੜਚੋਲ ਕਰਕੇ ਸਿੱਟੇ ਕੱਢੇ। ਪਰ ਜਿਥੇ ਸਵਾਲ ਮਨੋਰਥਾਂ ਦਾ ਹੋਵੇ, ਨਿਰਪੱਖ ਇਤਿਹਾਸਕ ਪੜਚੋਲ ਨੂੰ ਹੋਰ ਵੀ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਮਨੋਰਥ ਇਤਨੇ ਉਜਾਗਰ ਨਹੀਂ ਹੁੰਦੇ ਜਿਤਨੀਆਂ ਬਜ਼ਾਹਰਾ ਘਟਨਾਵਾਂ। ਵਾਕਿਆਤ ਮਨੋਰਥਾਂ ਬਾਰੇ ਅਨੁਮਾਨ ਲਾਉਣ ਦੇ ਰਾਹ ਵਲ ਇਸ਼ਾਰਾ ਕਰ ਸਕਦੇ ਹਨ, ਪਰ ਇਨ੍ਹਾਂ ਅਨੁਮਾਨਾਂ ਦੀ ਨਿਗਰਤਾ ਤੋਲਣ ਵੇਲੇ ਕੇਵਲ ਵਾਕਿਆਤ ਦੀ ਟੇਕ ਨਹੀਂ ਲਈ ਜਾ ਸਕਦੀ। ਕਈ ਹਾਲਾਤ ਵਿਚ ਮਨੋਰਥਾਂ ਨੂੰ ਹਾਸਿਲ ਕਰਨ ਲਈ ਵਿਰੋਧੀ ਨੂੰ ਟਪਲਾ ਲਾਉਣਾ ਜ਼ਰੂਰੀ ਹੋ ਜਾਂਦਾ ਹੈ ਅਤੇ ਘਚਾਨੀਆਂ ਮਾਰੀਆਂ ਜਾਂਦੀਆਂ ਹਨ। ਅਜੇਹਾ ਨਾ ਹੋਵੇ ਤਾਂ ਰਾਜਸੀ ਅਤੇ ਫ਼ੌਜੀ ਚਾਲਾਂ (tactics) ਦੀ ਇਤਿਹਾਸ ਵਿਚ ਥਾਂ ਨਾ ਹੋਵੇ। ਕਈ ਹਾਲਤਾਂ ਵਿਚ ਆਪਣੇ ਮਨੋਰਥਾਂ ਨੂੰ ਬਿਲਕੁਲ ਲੁਕਾਉਣਾ ਪੈਂਦਾ ਹੈ, ਖਾਸ ਕਰ ਹਕੂਮਤ-ਵਿਰੋਧੀ ਅਤੇ ਇਨਕਲਾਬੀ ਲਹਿਰਾਂ ਨੂੰ। ਸਮੇਂ ਸਿਰ ਤਿਆਰੀ ਤੋਂ ਪਹਿਲੋਂ ਉਨ੍ਹਾਂ ਲਈ ਆਪਣੇ ਮਕਸਦਾਂ ਨੂੰ ਪ੍ਰਗਟ ਕਰ ਦੇਣਾ ਖੁਦਕੁਸ਼ੀ ਦੇ ਬਰਾਬਰ ਹੋ ਸਕਦਾ ਹੈ। ਇਸ ਤੋਂ ਇਲਾਵਾ ਮਨੋਰਥ ਵਿਅਕਤੀਗਤ ਹੋ ਸਕਦੇ ਹਨ ਅਥਵਾ ਸਮੂਹਕ ਲਹਿਰਾਂ ਦੇ; ਇਨਸਾਨੀ ਓਪਰੇ ਹਿਤਾਂ ਜਾਂ ਜਜ਼ਬਿਆਂ ਨਾਲ ਸੰਬੰਧਤ ਹੋ ਸਕਦੇ ਹਨ ਅਥਵਾ ਡੂੰਘਿਆਂ ਨਾਲ। ਏਥੇ ਮਨੋਰਥਾਂ ਬਾਰੇ ਲਫ਼ਜ਼ੀ ਤਸ਼ਰੀਹ ਕਰਨ ਤੋਂ ਭਾਵ ਨਹੀਂ। ਭਾਵ ਇਹ ਹੈ ਕਿ ਜਿਸ ਮਸਲੇ ਨੂੰ ਅਸਾਂ ਵਿਚਾਰਨਾ ਹੈ ਉਸ ਬਾਰੇ ਕੇਵਲ ਇਕੜ ਦੁਕੜ ਵਾਕਿਆਤ ਦੇ ਆਧਾਰ ਉਤੇ ਮਨੋਰਥਾਂ ਬਾਰੇ ਅਨੁਮਾਨ ਲਾ



ਲੈਣਾ ਵਾਜਬ ਨਹੀਂ। ਇਨ੍ਹਾਂ ਬਾਰੇ ਸੰਬੰਧਤ ਹੋ ਸਕਣ ਵਾਲੇ ਸਮੁਚੇ ਅਗੇ-ਪਿਛੇ ਨੂੰ ਵੀ ਧਿਆਨ ਵਿਚ ਰਖਣਾ ਜ਼ਰੂਰੀ ਹੈ।

ਕਈ ਮੁਸਲਮਾਨ ਇਤਿਹਾਸਕਾਰਾਂ ਨੇ ਬਹਾਦਰ ਸ਼ਾਹ ਦੇ ਕੈਂਪ ਦੇ ਆਸ ਪਾਸ ਗੁਰੂ ਸਾਹਿਬ ਦੇ ਇਕ ਸਾਲ ਦੇ ਕਰੀਬ ਰਹਿਣ ਤੋਂ ਇਹ ਸਿੱਟਾ ਕੱਢ ਲਿਆ ਕਿ ਉਨ੍ਹਾਂ ਬਹਾਦਰ ਸ਼ਾਹ ਦੀ ਨੌਕਰੀ ਕਰ ਲਈ ਸੀ, ਹਾਲਾਂ ਕਿ (ਜਿਵੇਂ ਡਾ. ਗੰਡਾ ਸਿੰਘ ਜੀ ਨੇ ਨਿਰਣੈ ਕੀਤਾ ਹੈ) ਗੁਰੂ ਸਾਹਿਬ ਨੂੰ ਬਾਦਸ਼ਾਹ ਦੀ ਹਜ਼ੂਰੀ ਵਿਚ ਆਮ ਰਿਵਾਜ ਦੇ ਉਲਟ ਹਥਿਆਰਬੰਦ ਜਾਣ ਦਿਤਾ ਗਿਆ ਅਤੇ ਉਨ੍ਹਾਂ ਨੂੰ ਖ਼ਿਲਤ ਸਮੇਤ ਤੁਹਫ਼ਾ ਦਿਤਾ ਗਿਆ। ਇਸ ਤੋਂ ਇਲਾਵਾ ਮੁਗ਼ਲੀਆ ਹਕੂਮਤ ਦੇ ਆਪਣੇ ਰੀਕਾਰਡ ਮੁਤਾਬਕ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਦਰਵੇਸ਼ ਸਮਝਦਿਆਂ ਹੋਇਆਂ ਉਨ੍ਹਾਂ ਦੇ ਅਕਾਲ-ਚਲਾਣੇ ਪਿਛੋਂ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨੋਂ ਨਾਂਹ ਕਰ ਦਿਤੀ। ਇਨ੍ਹਾਂ ਇਤਿਹਾਸਕਾਰਾਂ ਨੂੰ ਦਰਵੇਸ਼ੀ ਅਤੇ ਨੌਕਰੀ ਦੀਆਂ ਭਾਵਨਾਵਾਂ ਵਿਚਕਾਰ ਪ੍ਰਤਿਕੂਲਤਾ ਨਹੀਂ ਦਿਸੀ। ਅਜੇਹੇ ਇਕ ਇਤਿਹਾਸਕਾਰ ਨੇ ਤਾਂ ਏਥੋਂ ਤਕ ਲਿਖ ਦਿਤਾ ਕਿ ਗੁਰੂ ਸਾਹਿਬ ਨੇ ਇਸਲਾਮ ਕਬੂਲ ਕਰ ਲਿਆ। **ਜ਼ਫ਼ਰਨਾਮੇ** ਵਿਚ ਗੁਰੂ ਸਾਹਿਬ ਔਰੰਗਜ਼ੇਬ ਨੂੰ ਸੰਬੋਧਤ ਕਰਦੇ ਹਨ, ਕਿ "ਜੇ ਮੈਂ ਆਪਣੀ ਮਰਜ਼ੀ ਨਾਲ ਅਪਣਾਏ ਧਰਮ ਗਰੰਥ ਦੀ ਚੋਰੀ ਛਪੀ ਵੀ ਸਹੁੰ ਚੁਕੀ ਹੁੰਦੀ ਕਿ ਤੇਰਾ ਧਰਮ ਕਬੂਲ ਕਰ ਲਵਾਂਗਾ ਤਾਂ ਮੈਨੂੰ ਆਪਣੀ ਪੈਦਲ ਅਤੇ ਘੋੜ ਚੜ੍ਹੀ ਫ਼ੌਜ ਅਨੰਦਪੁਰ ਤੋਂ ਕਢਣੀ ਨਾ ਪੈਂਦੀ।"[1] ਗੁਰੂ ਸਾਹਿਬ ਨੇ ਜੇ ਇਸਲਾਮ ਕਬੂਲ ਕਰਨ ਦਾ ਬਚਨ ਦੇਣਾ ਸੀ ਤਾਂ ਬਾਦਸ਼ਾਹ ਨੂੰ ਖ਼ੁਸ਼ ਕਰਨ ਬਦਲੇ। ਫਿਰ ਉਸੇ ਨੂੰ ਵੰਗਾਰਨਾ ਕਿ ਉਨ੍ਹਾਂ ਇੰਜ ਨਹੀਂ ਕੀਤਾ ਦਾ ਕੀ ਅਰਥ ?

ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਮਨੋਰਥਾਂ ਬਾਰੇ ਅਨੁਮਾਨ ਕਿਤਨੇ ਗ਼ਲਤ ਹੋ ਸਕਦੇ ਹਨ। ਮੁਸਲਮਾਨ ਇਤਿਹਾਸਕਾਰਾਂ ਬਾਰੇ ਇਹ ਸ਼ਕ ਕੀਤਾ ਜਾ ਸਕਦਾ ਹੈ ਕਿ ਉਹ ਮਜ਼ਹਬੀ ਪਖਪਾਤ ਜਾਂ ਹਕੂਮਤ ਦੇ ਇਕ ਪਖੇ ਨਜ਼ਰੀਏ ਦੇ ਅਸਰ ਹੇਠ ਅਸਲੀਅਤ ਨੂੰ ਨਹੀਂ ਭਾਂਪ ਸਕੇ। ਪਰ ਯੂਰਪੀਨ ਇਤਿਹਾਸਕਾਰਾਂ ਨੇ ਕਿਉਂ ਮਖੀ ਤੇ ਮਖੀ ਮਾਰ ਦਿਤੀ, ਹਾਲਾਂਕਿ ਉਹ ਮੰਨਦੇ ਹਨ ਕਿ ਗੁਰੂ ਸਾਹਿਬ ਦੇ ਜੀਵਨ ਦਾ ਇਹ ਕਾਂਡ ਉਨ੍ਹਾਂ ਦੇ ਪਹਿਲੇ ਜੀਵਨ ਨਾਲ ਮੇਲ ਨਹੀਂ ਖਾਂਦਾ। ਉਪਰੋਕਤ ਇਤਿਹਾਸਕਾਰਾਂ ਨੂੰ ਟਪਲਾ ਲਗ ਜਾਣ ਦਾ ਵੱਡਾ ਕਾਰਨ ਇਹ ਜਾਪਦਾ ਹੈ ਕਿ ਉਨ੍ਹਾਂ ਸਿਖ ਲਹਿਰ ਦੇ ਅਸਲੇ ਨੂੰ ਨਹੀਂ ਸਮਝਿਆ। ਜਿਨ੍ਹਾਂ ਲਹਿਰਾਂ ਦੇ ਨਿਸ਼ਾਨੇ ਓਪਰੇ ਹਿਤਾਂ ਅਤੇ ਜਜ਼ਬਿਆਂ ਨਾਲ ਸੰਬੰਧਤ ਹੁੰਦੇ ਹਨ, ਜਾਂ ਵਿਅਕਤੀਗਤ ਅਥਵਾ ਕੁਨਬੱਈ ਹੋਣ ਕਰਕੇ ਸੀਮਤ ਹੁੰਦੇ ਹਨ, ਉਹ ਖੋਖਲੀਆਂ ਹੁੰਦੀਆਂ ਹਨ ਅਤੇ ਅਸਫਲਤਾ ਦੇ ਇਕ ਅੱਧੇ ਧੱਕੇ ਨਾਲ ਡਿਗ ਪੈਂਦੀਆਂ ਹਨ। ਪਰ ਸਿਖ ਲਹਿਰ ਲੰਮੇ ਘੋਲ ਅਤੇ ਘਲੂ ਘਾਰਿਆਂ ਵਿਚੋਂ ਲੰਘਣ ਦੇ ਬਾਵਜੂਦ ਕਾਇਮ ਰਹੀ। ਇਹ ਜ਼ਾਹਿਰ ਕਰਦਾ ਹੈ ਕਿ ਸਿਖ ਲਹਿਰ ਦੇ ਨਿਸ਼ਾਨੇ ਵੱਡੇ ਦਾਇਰੇ ਦੇ ਤੇ ਡੂੰਘੇ ਜਜ਼ਬਾਤਾਂ ਅਤੇ ਹਿੱਤਾਂ ਨਾਲ ਸੰਬੰਧਤ ਸਨ। ਅਤੇ ਗੁਰੂ ਸਾਹਿਬ ਦੇ ਮਨੋਰਥ ਨੂੰ ਸਿਖ ਲਹਿਰ ਨੇ ਨਿਸ਼ਾਨਿਆਂ ਤੋਂ ਅੱਡ ਕਰਕੇ ਨਹੀਂ ਵੇਖਿਆ ਜਾਣਾ ਚਾਹੀਦਾ ਕਿਉਂਕਿ ਉਹ ਸਿਖ ਲਹਿਰ ਦੀ ਜਿੰਦ-ਜਾਨ ਸਨ।

ਗੁਰੂ ਸਾਹਿਬ ਦੇ ਮਨੋਰਥ ਦੀ ਪੜਚੋਲ ਦੇ ਸਿਲਸਲੇ ਵਿਚ ਇਕ ਹੋਰ ਕਸਵੱਟੀ ਇਹ ਹੋਣੀ ਚਾਹੀਦੀ ਹੈ ਕਿ, ਜਿਥੋਂ ਤਕ ਲਹਿਰ ਦੇ ਅੰਦਰੂਨੀ ਭਾਵਾਂ ਮੰਤਵਾਂ ਅਤੇ ਸਪਿਰਟ ਦਾ ਤਅੱਲਕ ਹੈ, ਇਸ ਸੰਬੰਧੀ ਸਿਖ ਰਵਾਇਤ ਦੀ ਗਵਾਹੀ ਨੂੰ ਯੋਗ ਤੁਲਣਾ ਦਿਤੀ ਜਾਏ, ਜਿਤਨਾ ਚਿਰ ਇਸ ਨੂੰ ਮੰਨ ਲੈਣ ਦੇ ਉਲਟ ਸਪਸ਼ਟ ਦਲੀਲਾਂ ਨਾ ਹੋਣ। ਇਹ ਸਿਖ ਪੱਖ ਸਿਧ ਕਰਨ ਲਈ ਨਹੀਂ,

ਬਲਕਿ ਨਿਰਪੱਖ ਪੜਚੋਲ ਦੇ ਨਜ਼ਰੀਏ ਤੋਂ। ਇਹ ਆਪਣੇ ਆਪ ਵਿਚ ਸਪਸ਼ਟ ਹੈ ਕਿ ਲਹਿਰ ਦੇ ਅੰਦਰੂਨੀ ਭਾਵਾਂ ਅਤੇ ਸਪਿਰਟ ਨੂੰ ਉਸ ਵਿਚ ਹਿੱਸਾ ਲੈਣ ਵਾਲੇ ਵਧੇਰੇ ਚੰਗੀ ਤਰ੍ਹਾਂ ਸਮਝਦੇ ਹਨ, ਬਨਿਸਬਤ ਉਨ੍ਹਾਂ ਦੇ ਜਿਨ੍ਹਾਂ ਦਾ ਇਸ ਨਾਲ ਪਰਸ ਕੇਵਲ ਵਿਰੋਧਤਾ ਦੇ ਪੱਧਰ ਉਤੇ ਹੋਇਆ ਜਾਂ ਓਪਰਾ ਓਪਰਾ। ਗੁਰੂ ਸਾਹਿਬ ਨੇ ਆਪਣੇ ਪਿਤਾ ਨੂੰ ਸ਼ਹੀਦੀ ਦੇਣ ਬਾਰੇ ਖ਼ੁਦ ਆਪ ਕਿਹਾ, ਜਾਂ ਵੱਡੇ ਸਾਹਿਬਜ਼ਾਦਿਆਂ ਨੂੰ ਸ਼ਹੀਦੀ ਦੇਣ ਲਈ ਆਪ ਪਹਿਲ ਦੇਕੇ ਤੋਰਿਆ, ਜਾਂ ਉਹ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਸੁਣ ਕੇ ਅਡੋਲ ਰਹੇ; ਇਤਿਆਦਿ ਗੱਲਾਂ ਬਾਰੇ ਸਿਖ ਰਿਵਾਇਤ ਨੂੰ ਮੰਨਣੋਂ ਬੇਲੋੜਾ ਸੰਕੋਚ ਨਹੀਂ ਚਾਹੀਦਾ। ਇਸ ਬਾਰੇ ਸਿਖ ਕੈਂਪ ਤੋਂ ਬਾਹਰਲੀ ਲਾਜ਼ਮੀ ਤੌਰ ਉਤੇ ਨਿਰਪਖ ਗਵਾਹੀ ਪੈਦਾ ਹੋਣ ਦੇ ਅਵਸਰ ਪੈਦਾ ਹੋਣੇ ਕਿਵੇਂ ਜ਼ਰੂਰੀ ਹੋ ਸਕਦੇ ਸਨ ?

**ਜ਼ਫਰਨਾਮੇ** ਵਿਚ ਗੁਰੂ ਸਾਹਿਬ ਔਰੰਗਜ਼ੇਬ ਉਤੇ ਸਿੱਧਾ ਦੋਸ਼ ਲਾਉਂਦੇ ਹਨ ਕਿ ਉਸ (ਔਰੰਗਜ਼ੇਬ) ਨੇ ਆਪਣਾ ਹਲਫੀਆ ਬਚਨ ਭੰਗ ਕੀਤਾ। "ਮੈਨੂੰ ਤੇਰੀ ਸਹੁੰ ਉਤੇ ਭਰੋਸਾ ਨਹੀਂ ਜਿਹੜੀ ਤੂੰ ਰਬ ਨੂੰ ਸਾਖੀ ਕਰਕੇ ਖਾਧੀ...ਜੋ ਆਪਣੇ ਧਰਮ ਅਨੁਸਾਰ ਚਲੇ ਉਹ ਆਪਣੇ ਬਚਨ ਤੋਂ ਨਹੀਂ ਫਿਰਦਾ। ਤੈਨੂੰ ਪਤਾ ਹੀ ਨਹੀਂ ਕਿ ਕੁਰਾਨ ਦੀ ਸੌਗੰਧ ਖਾਣ ਦਾ ਕੀ ਅਰਥ ਹੈ...ਜੇ ਪੈਗੰਬਰ ਆਪ ਏਥੇ ਹਾਜ਼ਿਰ ਹੋਵੇ ਤਾਂ ਮੈਂ ਉਸ ਨੂੰ (ਹਜ਼ਰਤ ਮੁਹੰਮਦ ਸਾਹਿਬ ਨੂੰ) ਤੇਰੇ ਵਿਸਾਹਘਾਤ ਦਾ ਪਤਾ ਦੇਣ ਵਲ ਖਾਸ ਧਿਆਨ ਦੇਵਾਂ...ਤੈਨੂੰ ਉਹ ਕਰਨਾ ਚਾਹੀਦਾ ਹੈ ਜੋ ਤੇਰੇ ਲਈ ਨਿਭਾਹੁਣਾ ਜ਼ਰੂਰੀ ਹੈ ਅਤੇ ਆਪਣੇ ਲਿਖਤੀ ਇਕਰਾਰ ਉਤੇ ਕਾਇਮ ਰਹਿਣਾ ਚਾਹੀਦਾ ਹੈ। ਤੈਨੂੰ ਇਹ ਵੀ ਖ਼ੁਸ਼ੀ ਖ਼ੁਸ਼ੀ ਪੂਰਾ ਕਰਨਾ ਚਾਹੀਦਾ ਸੀ ਅਤੇ ਤੇਰੇ ਆਪਣੇ ਵਕੀਲ ਦੇ ਜ਼ਬਾਨੀ ਕੀਤੇ ਇਕਰਾਰ ਵੀ...।"

**ਜ਼ਫਰਨਾਮੇ** ਵਿਚੋਂ ਇਕੋ ਭਾਵ ਦੀਆਂ ਕੁਝ ਤੁਕਾਂ ਦੇ ਉਪ੍ਰੋਕਤ ਦਿਤੇ ਸਾਰ ਤੋਂ ਇਹ ਸਪੱਸ਼ਟ ਹੈ ਕਿ ਔਰੰਗਜ਼ੇਬ ਨੇ ਖ਼ੁਦ ਆਪ ਜਾਂ ਉਸ ਵਲੋਂ ਕਿਸੇ ਨੇ ਗੁਰੂ ਸਾਹਿਬ ਨੂੰ ਕੁਰਾਨ ਸ਼ਰੀਫ਼ ਦੀ ਸੌਗੰਧ ਚੁਕ ਕੇ ਇਕਰਾਰ ਕੀਤੇ ਜਿਨ੍ਹਾਂ ਨੂੰ ਨਿਭਾਹਿਆ ਨਾ ਗਿਆ। ਕਮ ਅਜ਼ ਕਮ ਗੁਰੂ ਸਾਹਿਬ ਨੇ ਇਵੇਂ ਸਮਝਿਆ। ਲਿਖਤੀ ਇਕਰਾਰ ਅਤੇ ਔਰੰਗਜ਼ੇਬ ਵਲੋਂ ਭੇਜੇ ਵਕੀਲ ਦੇ ਜ਼ਬਾਨੀ ਕੀਤੇ ਇਕਰਾਰਾਂ ਦਾ ਵੀ ਜ਼ਿਕਰ ਹੈ।

ਇਸ ਬਾਰੇ ਦੋ ਰਾਵਾਂ ਨਹੀਂ ਹੋਣੀਆਂ ਚਾਹੀਦੀਆਂ ਕਿ ਔਰੰਗਜ਼ੇਬ ਜਾਂ ਉਸ ਦੇ ਅਹਿਲਕਾਰਾਂ ਵਲੋਂ ਗੁਰੂ ਸਾਹਿਬ ਨੂੰ ਝੂਠੇ ਸਚੇ ਇਕਰਾਰ ਕਰਨ ਦੀ ਲੋੜ ਉਤਨਾ ਚਿਰ ਹੀ ਹੋ ਸਕਦੀ ਸੀ ਜਿਤਨਾ ਚਿਰ ਗੁਰੂ ਜੀ ਵਲੋਂ ਵਿਰੋਧੀ ਸ਼ਾਹੀ ਤੇ ਪਹਾੜੀ ਫ਼ੌਜਾਂ ਦਾ ਮੁਕਾਬਲਾ ਬਦੱਸਤੂਰ ਕਾਇਮ ਸੀ। ਅਨੰਦਪੁਰ ਕਿਲ੍ਹੇ ਨੂੰ ਖ਼ਾਲੀ ਕਰਕੇ ਸਿਖ ਮੁਕਾਬਲੇ ਦੀ ਆਖ਼ਰੀ ਓਟ ਛੱਡ ਚੁਕੇ ਸਨ। ਇਸ ਤੋਂ ਪਿਛੋਂ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਬਚੇ ਖੁਚੇ ਸਾਥੀਆਂ ਦੇ ਆਪਣੇ ਬਚਾਓ ਦਾ ਸੰਸਾ ਬਣਿਆ ਰਿਹਾ। ਹਕੂਮਤ ਗੁਰੂ ਜੀ ਨੂੰ ਪਕੜਨ ਦੇ ਆਹਰ ਵਿਚ ਸੀ ਨਾ ਕਿ ਸਮਝੌਤਾ ਕਰਨ ਦੇ। ਵਕੀਲ ਭੇਜਣਾ ਤਾਂ ਕਿਧਰੇ ਰਿਹਾ, ਜੇ ਚਮਕੌਰ ਪਿਛੋਂ ਗੁਰੂ ਸਾਹਿਬ ਦੇ ਕਿਸੇ ਟਿਕਾਣੇ ਦੀ ਵੀ ਹਕੂਮਤ ਨੂੰ ਵੇਲੇ ਸਿਰ ਸੂਹ ਲਗ ਜਾਂਦੀ ਤਾਂ ਉਹ ਆਪਣੀ ਚਾਂਦੀ ਹੀ ਚਾਂਦੀ ਸਮਝਦੀ।

ਇਸ ਕਰਕੇ ਜ਼ਫ਼ਰਨਾਮੇ ਵਿਚ ਗੁਰੂ ਜੀ ਨਾਲ ਕੀਤੇ ਕੇਵਲ ਉਨ੍ਹਾਂ ਇਕਰਾਰਾਂ ਦਾ ਜ਼ਿਕਰ ਹੋ ਸਕਦਾ ਹੈ ਜੋ ਉਨ੍ਹਾਂ ਦੇ ਅਨੰਦਪੁਰ ਛੱਡਣ ਤੋਂ ਪਹਿਲੋਂ ਕੀਤੇ ਗਏ। ਗੁਰੂ ਜੀ ਦੇ ਔਰੰਗਜ਼ੇਬ ਨਾਲ ਗਲਬਾਤ ਜਾਂ ਮਿਲਣ ਦੀ ਕੋਸ਼ਿਸ਼ ਕਰਨ ਦੀ ਮਨਸ਼ਾ ਬਾਰੇ ਇਕੋ ਇਕ ਸਮਕਾਲੀ ਸਿਧੀ



(direct) ਗਵਾਹੀ **ਜ਼ਫਰਨਾਮਾ** ਹੈ, ਇਸ ਲਈ ਇਸ ਅਨੁਸਾਰ ਗੁਰੂ ਸਾਹਿਬ ਦੀ ਮਨਸ਼ਾ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਖਿਚ ਖਿਚਾ ਕੇ ਵੀ ਨਹੀਂ ਜੋੜਿਆ ਜਾ ਸਕਦਾ। ਅਤੇ (ਜਿਵੇਂ ਡਾ: ਗਰੇਵਾਲ ਨੇ ਸਹੀ ਤੁਲਣਾ ਕੀਤੀ ਹੈ) ਜੇ ਬਹੁਤੀ ਸੰਭਾਵਨਾ ਇਹੋ ਹੈ ਕਿ ਗੁਰੂ ਸਾਹਿਬ ਨੇ ਬਹਾਦਰਸ਼ਾਹ ਨੂੰ ਮਿਲਣ ਦਾ ਫ਼ੈਸਲਾ 'ਉਸੇ ਮੰਤਵ ਲਈ ਕੀਤਾ ਹੋਵੇ ਜਿਸ ਲਈ ਉਹ ਔਰੰਗਜ਼ੇਬ ਨੂੰ ਮਿਲਣ ਲਈ ਤੁਰੇ ਸਨ', ਤਾਂ ਗੁਰੂ ਜੀ ਦੀ ਬਹਾਦਰਸ਼ਾਹ ਨੂੰ ਮਿਲਣ ਜਾਂ ਉਸ ਨਾਲ ਗਲਬਾਤ ਦੇ ਮੰਤਵ ਨੂੰ ਵੀ ਕਿਸੇ ਹੋਰ ਨਿਗਰ ਦਲੀਲ ਤੋਂ ਬਿਨਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਦੀ ਭਾਵਨਾ ਨਾਲ ਨਹੀਂ ਜੋੜਿਆ ਜਾ ਸਕਦਾ। ਬਲਕਿ **ਜ਼ਫਰਨਾਮੇ** ਦੀ ਲਿਖਤ ਤੋਂ ਇਸ਼ਾਰੇ ਮਾਤਰ ਇਹ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦਾ ਮੰਤਵ ਕੁਝ ਹੋਰ ਸੀ।

ਬਾਕੀ ਰਹਿ ਜਾਂਦੀ ਹੈ ਨਿਰੋਲ ਅਕਾਸ-ਆਰਾਈ। ਜਿਨ੍ਹਾਂ ਇਤਿਹਾਸਕਾਰਾਂ ਨੂੰ ਗੁਰੂ ਸਾਹਿਬਾਨ ਅਤੇ ਸਿਖ ਲਹਿਰ ਦੀ ਸਪਿਰਟ ਦਾ ਪਤਾ ਨਹੀਂ ਸੀ, ਉਨ੍ਹਾਂ ਲਈ ਗੁਰੂ ਸਾਹਿਬ ਦੇ ਮੰਤਵ ਨੂੰ ਸ਼ਹੀਦੀਆਂ ਦਾ ਬਦਲਾ ਲੈਣ ਦੀ ਭਾਵਨਾ ਨਾਲ ਜੋੜ ਦੇਣਾ ਸਹਿਲ ਸੀ ਕਿਉਂਕਿ ਉਹ ਗੁਰੂ ਜੀ ਦੇ ਨਿਸ਼ਾਨਿਆਂ ਨੂੰ ਵਿਅਕਤੀਗਤ ਅਤੇ ਆਮ ਪਧਰ ਦੇ ਸਮਝਦੇ ਸਨ। ਛੇਵੇਂ ਗੁਰਾਂ ਨੇ ਇਸ ਲਈ ਬਦਲਾ ਲੈਣ ਲਈ ਤਲਵਾਰ ਚੁਕੀ ਕਿਉਂਕਿ ਪੰਜਵੇਂ ਸ਼ਹੀਦ ਹੋਏ ਅਤੇ ਦਸਵੇਂ ਗੁਰਾਂ ਨੇ ਇਸ ਲਈ ਕਿਉਂਕਿ ਨੌਵੇਂ ਸ਼ਹੀਦ ਹੋਏ। ਅਰਥਾਤ ਇਹ ਇਤਫ਼ਾਕੀਆ ਹੋਈਆਂ ਸ਼ਹੀਦੀਆਂ ਨਾ ਹੁੰਦੀਆਂ ਤਾਂ ਸਿਖ ਲਹਿਰ ਨੇ ਓਸੇ ਪਟੜੀ ਤੁਰੇ ਜਾਣਾ ਸੀ ਜਿਸ ਲੀਹੇ ਸਮਕਾਲੀ ਭਗਤੀ ਲਹਿਰ ਤੁਰੀ ਗਈ। ਉਨ੍ਹਾਂ ਦੇ ਅੰਦਾਜ਼ੇ ਮੁਤਾਬਿਕ ਸਿਖ ਲਹਿਰ ਦਾ ਘੋਲ ਇਤਫਾਕੀਆ ਸੀ, ਨਾ ਕਿ ਕਿਸੇ ਸੋਚੀ ਸਮਝੀ ਪਲੈਨ ਦਾ ਸਿੱਟਾ।

ਪੰਜਵੇਂ ਗੁਰਾਂ ਦੀ ਸ਼ਹੀਦੀ ਦਾ ਕਾਰਨ ਜਹਾਂਗੀਰ ਨੇ ਖ਼ੁਦ ਆਪ ਲਿਖਿਆ ਕਿ ਗੁਰੂ ਸਾਹਿਬ ਜੋ ਕਰ ਰਹੇ ਸਨ ਉਸ ਨੂੰ ਰੜਕਦਾ ਸੀ। ਹਕੂਮਤ ਦੇ ਮੰਤਵ ਪੂਰੇ ਕਰਨ ਕਰਕੇ ਜੇ ਪਿਰਥੀਏ ਦਾ ਉਸ ਨਾਲ ਨੇੜ ਹੋ ਸਕਦਾ ਸੀ ਤਾਂ ਜੋ ਪੰਜਵੇਂ ਗੁਰੂ ਸਾਹਿਬ ਆਪਣੇ ਨਿਸ਼ਾਨੇ ਛੱਡ ਕੇ ਹਕੂਮਤ ਨਾਲ ਸਮਝੌਤਾ ਕਰਨਾ ਚਾਹੁੰਦੇ ਤਾਂ ਕੀ ਨਹੀਂ ਸੀ ਹੋ ਸਕਦਾ ? ਉਨ੍ਹਾਂ ਦੀ ਥਾਂ ਸਿਖਾਂ ਵਲੋਂ ਜ਼ੁਰਮਾਨੇ ਦੀ ਰਕਮ ਇਕੱਠੀ ਕਰਕੇ ਦੇ ਦੇਣ ਨੂੰ ਉਨ੍ਹਾਂ ਕਿਉਂ ਠੁਕਰਾ ਦਿਤਾ ? ਇਸ ਤੋਂ ਇਲਾਵਾ ਉਪ੍ਰੋਕਤ ਮੰਤਕ ਮੁਤਾਬਿਕ ਹਰ ਇਕ ਇਨਕਲਾਬੀ ਲਹਿਰ ਨੂੰ ਇਤਫਾਕੀਆ ਗਰਦਾਨਿਆ ਜਾ ਸਕਦਾ ਹੈ, ਕਿਉਂਕਿ ਉਹ ਇਨਕਲਾਬੀ ਲਹਿਰ ਹੀ ਕੀ ਹੋਈ ਜਿਸ ਵਿਚ ਕੁਰਬਾਨੀਆਂ ਨਾ ਹੋਣ। ਦੂਸਰੀ ਕੁਰਬਾਨੀ ਨੂੰ ਪਹਿਲੀ ਹੋਈ ਦਾ ਬਦਲਾ ਲੈਣ ਲਈ ਹੋਈ ਕਿਹਾ ਜਾ ਸਕਦਾ ਹੈ ਅਤੇ ਇਹ ਸਿਲਸਲਾ ਜੋੜਦਿਆਂ ਹੋਇਆਂ ਸਮੁਚੀ ਲਹਿਰ ਨੂੰ ਆਦਿ ਤੋਂ ਅੰਤ ਤਕ ਪਹਿਲੀ ਹੋਈ ਕੁਰਬਾਨੀ ਦਾ ਬਦਲਾ ਲੈਣ ਦੀ ਲੜੀ। ਇਸ ਹਿਸਾਬ ਬਾਲਸ਼ਵਿਕ ਇਨਕਲਾਬ ਜ਼ਾਰਾਂ ਨੂੰ ਆਪਣੇ ਪਹਿਲੇ ਵਿਰੋਧੀ ਨੂੰ ਫ਼ਾਂਸੀ ਲਾਈ ਦਾ ਬਦਲਾ ਲੈਣ ਦਾ ਸਿੱਟਾ ਸੀ ਅਤੇ ਇਸ ਵਿਚੋਂ ਕਮਿਊਨਿਜ਼ਮ ਇਤਫ਼ਾਕੀਆ ਨਿਕਲ ਆਇਆ !

ਫਾਂਸੀ ਲਗਣ ਅਤੇ ਉਸ ਦਾ ਬਦਲਾ ਲੈਣ ਦੀ ਭਾਵਨਾ ਕਾਰਨ ਲਹਿਰਾਂ ਉਪਜਦੀਆਂ ਹੋਣ ਤਾਂ ਖ਼ੂਨ ਕਰਨ ਦੀ ਸਜ਼ਾ ਵਜੋਂ ਨਿਤ ਨਵੇਂ ਦਿਨ ਫ਼ਾਂਸੀਆਂ ਲਗਦੀਆਂ ਹਨ। ਇਹ ਨਹੀਂ ਕਿ ਕਿਸੇ ਦੇ ਫ਼ਾਂਸੀ ਲਗਣ ਕਾਰਨ ਕਿਸੇ ਨੂੰ ਵੀ ਦੁਖ ਨਹੀਂ ਹੁੰਦਾ। ਹੁੰਦਾ ਹੈ ਪਰ ਫ਼ਾਂਸੀ ਲਗਣ ਵਾਲੇ ਦੇ ਸੰਬੰਧੀਆਂ ਅਤੇ ਹਿਤੂਆਂ ਤਕ ਸੀਮਤ ਹੋਕੇ ਰਹਿ ਜਾਂਦਾ ਹੈ। ਭਗਤ ਸਿੰਘ ਦੇ ਫ਼ਾਂਸੀ ਲਗਣ ਦੀ ਖ਼ਬਰ ਸੁਣ ਕੇ ਮੁਲਕ ਭਰ ਵਿਚ ਕਿਉਂ ਖ਼ਾਸ ਤੌਰ ਉਤੇ ਸਨਸਨੀ ਛਾਅ ਗਈ ? ਕੁਰਬਾਨੀਆਂ

ਤਾਂ ਹੀ ਲਹਿਰਾਂ ਨੂੰ ਜਨਮ ਜਾਂ ਹਵਾ ਦੇਂਦੀਆਂ ਹਨ ਜੇ ਉਹ ਵਡੇ ਦਾਇਰੇ ਵਿਚ ਲੋਕਾਂ ਦੇ ਹਿੱਤਾਂ ਅਤੇ ਜਜ਼ਬਿਆਂ ਨੂੰ ਟੁੰਬਣ। ਐਸੀ ਹਾਲਤ ਵਿਚ ਕੁਰਬਾਨੀਆਂ ਲਹਿਰ ਦੇ ਜਨਤਕ ਚਿੰਨ੍ਹ ਦਾ ਹਿੱਸਾ ਬਣ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਬਦਲਾ ਲੈਣ ਦੀ ਭਾਵਨਾ ਵੀ ਸਮੁੱਚੀ ਲਹਿਰ ਦੇ ਜਨਤਕ ਚਿੰਨ੍ਹ ਦੇ ਰੂਪ ਦਾ ਇਕ ਅੰਗ। ਬਦਲਾ ਲੈਣ ਦੀ ਐਸੀ ਸਮੂਹਕ ਭਾਵਨਾ ਨੂੰ, ਜੋ ਲਹਿਰ ਦੇ ਜਨਤਕ ਚਿੰਨ੍ਹ ਦਾ ਹਿੱਸਾ ਬਣ ਜਾਣ ਵਿਅਕਤੀਗਤ ਅਤੇ ਸੀਮਤ ਭਾਵਨਾ ਨਾਲੋਂ ਨਿਖੇੜਕੇ ਪਰਖਣ ਦੀ ਲੋੜ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮੁਗ਼ਲ ਬਾਦਸ਼ਾਹਾਂ ਨੂੰ ਮਿਲਣ ਜਾਂ ਗਲਬਾਤ ਕਰਨ ਦੀ ਕੋਸ਼ਿਸ਼ ਨੂੰ ਬਦਲਾ ਲੈਣ ਦੀ ਭਾਵਨਾ ਦੇ ਨਾਲ ਜੋੜ ਦੇਣ ਦੇ ਬਰਖ਼ਲਾਫ਼ ਹੋਰ ਵੀ ਵਿਚਾਰ ਹਨ।

ਸਿਖ ਰਿਵਾਇਤ ਮੁਤਾਬਿਕ ਗੁਰੂ ਸਾਹਿਬ ਨੇ ਆਪਣੇ ਪਿਤਾ ਨੂੰ ਸ਼ਹੀਦੀ ਦੇਣ ਲਈ ਆਪ ਕਿਹਾ ਅਤੇ ਕਈ ਸਿਖਾਂ ਦੇ ਮੌਜੂਦ ਹੋਣ ਦੇ ਬਾਵਜੂਦ ਚਮਕੌਰ ਵਿਚ ਵਡੇ ਸਾਹਿਬਜ਼ਾਦਿਆਂ ਨੂੰ ਪਹਿਲ ਦੇਕੇ ਸ਼ਹੀਦੀ ਦੇਣ ਲਈ ਆਪ ਤੋਰਿਆ। ਅਰਥਾਤ ਉਨ੍ਹਾਂ ਦੇ ਪਿਤਾ ਅਤੇ ਵਡੇ ਸਪੁਤਰਾਂ ਦੀ ਸ਼ਹੀਦੀ ਉਨ੍ਹਾਂ ਉਤੇ ਠੋਸੀ ਹੋਈ ਘਟਨਾ ਨਹੀਂ ਸੀ, ਬਲਕਿ ਲਹਿਰ ਦੇ ਹਿੱਤ ਵਿਚ ਆਪਣੀ ਖ਼ੁਸ਼ੀ ਨਾਲ ਦਿਤੀ ਕੁਰਬਾਨੀ।

ਸਿਖ ਰਿਵਾਇਤ ਮੁਤਾਬਿਕ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਉਹ ਅਡੋਲ ਰਹੇ।

**ਜ਼ਫਰਨਾਮੇ** ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਇਕੋ ਥਾਂ ਜ਼ਿਕਰ ਹੈ ਜਿਸ ਵਿਚ ਆਪ ਨੇ ਲਿਖਿਆ : "ਕੀ ਹੋਇਆ ਜੇ ਮੇਰੇ ਚਾਰੇ ਪੁਤਰ ਮਾਰੇ ਗਏ, ਮੈਂ ਜੁ ਕੁੰਡਲੀਆ ਸੱਪ ਅਜੇ ਪਿਛੇ ਜ਼ਿੰਦਾ ਹਾਂ।" ਇਹ ਸ਼ਬਦ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਗਿਲਾ ਕਰਨ ਜਾਂ ਇਸ ਦਾ ਬਦਲਾ ਲੈਣ ਦੀ ਭਾਵਨਾ ਪ੍ਰਗਟਾਉਂਦੇ ਹਨ, ਜਾਂ ਲਹਿਰ ਵਿਚ ਅਜੇ ਵੀ ਜਾਨ ਬਾਕੀ ਹੈ ਦੀ ਵੰਗਾਰ ?

**ਜ਼ਫਰਨਾਮੇ** ਵਿਚ, ਬਿਆਨ ਕਰਦਿਆਂ ਹੋਇਆਂ ਕਿ ਚਮਕੌਰ ਦੇ ਜੁੱਧ ਵਿਚ ਬਾਦਸ਼ਾਹ ਦਾ ਜੋ ਵੀ ਸਿਪਾਹੀ ਹੱਲਾ ਕਰਨ ਲਈ ਅਗੇ ਵਧਿਆ ਕਿਵੇਂ ਮਾਰਿਆ ਗਿਆ, ਆਪ ਲਿਖਦੇ ਹਨ : "ਜਿਨ੍ਹਾਂ ਤੇਰੇ ਫ਼ੌਜੀਆਂ ਵਾਧਾ ਨਹੀਂ ਸੀ ਕੀਤਾ ਉਨ੍ਹਾਂ ਨੂੰ ਸਾਡੇ ਵਲੋਂ ਕੋਈ ਚੋਟ ਨਹੀਂ ਲਗੀ।" ਅਰਥਾਤ ਜਦ ਉਹ ਆਪਣੀ ਜ਼ਿੰਦਗੀ ਵਿਚ ਸਭ ਤੋਂ ਵੱਧ ਬੁਰੀ ਤਰ੍ਹਾਂ ਘਿਰੇ ਹੋਏ ਸਨ, ਉਸ ਵੇਲੇ ਵੀ ਉਨ੍ਹਾਂ ਆਪਣੇ ਇਖ਼ਲਾਕੀ ਮਿਆਰ ਦਾ ਤਿਆਗ ਨਹੀਂ ਕੀਤਾ। ਇਹੋ ਸਮਾਂ ਵਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸੀ। ਬਦਲੇ ਦੀ ਭਾਵਨਾ ਜੇ ਉਪਜਦੀ, ਤਾਂ ਉਸ ਦੇ ਪ੍ਰਚੰਡ ਹੋਣ ਦਾ ਵੀ ਉਹੋ ਸਮਾਂ ਸੀ, ਅਤੇ ਗੁਰੂ ਸਾਹਿਬ ਦਾ ਵਾਧਾ ਅਤੇ ਨਾ-ਵਾਧਾ ਕਰਨ ਵਾਲੇ ਵੈਰੀਆਂ ਵਿਚ ਇਮਤਿਆਜ਼ ਕਰਨ ਦੀ ਬਜਾਏ ਪ੍ਰਤਿਕਰਮ ਕੁਝ ਹੋਰ ਹੋਣਾ ਚਾਹੀਦਾ ਸੀ।

ਕਿੰਤੂ ਕੀਤਾ ਜਾ ਸਕਦਾ ਹੈ ਕਿ ਇਤਿਹਾਸਕ ਪੜਚੋਲ ਦੇ ਨਜ਼ਰੀਏ ਤੋਂ ਉਪ੍ਰੋਕਤ ਵਿਚਾਰ ਨਾਕਾਫੀ ਹਨ ਜਾਂ ਕੇਵਲ ਸਿਖ ਰਿਵਾਇਤ ਅਤੇ ਲਿਖਤ ਉਤੇ ਆਧਾਰਤ ਹੋਣ ਕਰਕੇ ਇਕ-ਪੱਖੇ। ਅਗ਼ੇ ਵੀ ਜ਼ਿਕਰ ਕੀਤਾ ਗਿਆ ਹੈ ਕਿ ਸਿਖ ਲਹਿਰ ਦੀਆਂ ਅੰਦਰੂਨੀ ਘਟਨਾਵਾਂ ਅਤੇ ਸਪਿਰਟ ਬਾਰੇ ਹਰ ਹਾਲਤ ਵਿਚ ਨਿਰਪੱਖ ਗਵਾਹੀ ਪੈਦਾ ਹੋਣੀ ਸੰਭਵ ਨਹੀਂ। ਇਹ ਗਲ ਹੋਰ ਹਕੂਮਤ ਵਿਰੋਧੀ ਲਹਿਰਾਂ ਬਾਰੇ ਵੀ ਸਹੀ ਹੈ। ਚਮਕੌਰ ਦੀ ਗੜ੍ਹੀ ਵਿਚ ਨਿਰਪੱਖ ਦਰਸ਼ਕਾਂ ਦੇ ਮੌਜੂਦ ਹੋਣ ਦੀ ਕੀ ਗੁੰਜਾਇਸ਼ ਸੀ ? ਪਰ ਵਡੀ ਗਲ ਤਾਂ ਇਹ ਹੈ ਕਿ ਇਨ੍ਹਾਂ ਵਿਚਾਰਾਂ ਦਾ ਤੋਲ ਵੀ



ਤਾਂ ਉਸ ਨਿਰ-ਆਧਾਰ ਮਨ-ਘੜਤ ਅਨੁਮਾਨ (ਕਿ ਗੁਰੂ ਸਾਹਿਬ ਕੇਵਲ ਬਦਲਾ ਲੈਣ ਦੀ ਮਨਸ਼ਾ ਨਾਲ ਬਹਾਦਰਸ਼ਾਹ ਨੂੰ ਮਿਲੇ) ਦੇ ਮੁਕਾਬਲੇ ਹੈ ਜਿਹੜਾ ਸਿਰਫ਼ ਇਸ ਆਧਾਰ ਉਤੇ ਘੜਿਆ ਗਿਆ ਪ੍ਰਤੀਤ ਹੁੰਦਾ ਹੈ ਕਿ ਆਦਰਸ਼-ਹੀਨ ਆਦਮੀਆਂ ਦਾ ਅਕਸਰ ਅਜੇਹਾ ਹੀ ਪ੍ਰਤਿਕਰਮ ਹੋਇਆ ਕਰਦਾ ਹੈ।

ਜੇ ਬਦਲਾ ਲੈਣ ਦੀ ਨੀਯਤ ਨਾਲ ਗੁਰੂ ਸਾਹਿਬ ਬਹਾਦਰਸ਼ਾਹ ਨੂੰ ਨਹੀਂ ਸਨ ਮਿਲੇ ਤਾਂ ਉਨ੍ਹਾਂ ਦਾ ਹੋਰ ਮਨੋਰਥ ਕੀ ਹੋ ਸਕਦਾ ਸੀ ? ਇਸ ਸੰਬੰਧੀ ਸਿਧੀ ਗਵਾਹੀ ਨਾ ਹੋਣ ਕਰਕੇ ਅਨੁਮਾਨ ਹੀ ਲਾਏ ਜਾ ਸਕਦੇ ਹਨ। ਪਰ ਅਨੁਮਾਨਾਂ ਅਨੁਮਾਨਾਂ ਵਿਚ ਫ਼ਰਕ ਹੋ ਸਕਦਾ ਹੈ। ਕਈ ਬਹੁਤ ਢੁਕਵੇਂ, ਕਈ ਘੱਟ, ਅਤੇ ਕਈ ਅਢੁਕਵੇਂ। ਇਸ ਸਵਾਲ ਦਾ ਨਿਰਣੈ ਕਰਨ ਲਈ ਵੀ ਸਿਖ ਲਹਿਰ ਦੇ ਅਸਲੇ ਅਤੇ ਪਿਛੋਕੜ ਵਲ ਧਿਆਨ ਦਿਵਾਉਣਾ ਪਵੇਗਾ।

ਸਿਖ ਲਹਿਰ ਲੋਕ-ਹਿੱਤ ਲਹਿਰ ਸੀ। ਇਸ ਵਿਚ ਜਨਤਾ ਨੇ ਨਾ ਕੇਵਲ ਜਨਤਾ ਦੇ ਤੌਰ ਉਤੇ ਹਿੱਸਾ ਲਿਆ, ਬਲਕਿ ਆਪਣੇ ਹਿੱਤਾਂ ਖ਼ਾਤਰ ਲੜੀ। ਇਸ ਤੋਂ ਵੀ ਵਡੀ ਭਾਵ-ਭਰਪੂਰ ਗਲ ਇਹ ਹੈ ਕਿ ਜਨਤਾ ਆਪਣੇ ਹੱਥ ਰਾਜਸੀ ਤਾਕਤ ਲੈਣ ਲਈ ਲੜੀ ਅਤੇ ਸ਼ੁਰੂ ਸ਼ੁਰੂ ਵਿਚ ਰਾਜਸੀ ਤਾਕਤ ਆਈ ਵੀ ਉਸ ਦੇ ਹੱਥ। ਇਹ ਇਤਿਹਾਸਕ ਹਕੀਕਤ ਹੈ, ਜਿਸ ਦੀ ਤਫ਼ਸੀਲ ਵਿਚ ਜਾਣ ਨਾਲ ਵਿਚਾਰ ਲੰਮੀ ਹੋ ਜਾਂਦੀ ਹੈ। ਇਸ ਹਕੀਕਤ ਨੂੰ ਜਨਤਾ ਹੱਥ ਆਈ ਰਾਜਸੀ ਤਾਕਤ ਨੇ ਜੋ ਪਿਛੋਂ ਸ਼ਕਲ ਫੜੀ ਨਾਲੋਂ ਨਿਖੇੜ ਕੇ ਵੇਖਣਾ ਚਾਹੀਦਾ ਹੈ।

ਹਿੰਦੁਸਤਾਨ ਵਿਚ, ਬਲਕਿ ਆਪਣੇ ਸਮੇਂ ਵਿਚ (ਕਿਉਂਕਿ ਇਹ ਸਮਾਂ ਫਰਾਂਸ ਦੇ ਇਨਕਲਾਬ ਤੋਂ ਪਹਿਲੋਂ ਦਾ ਹੈ) ਇਹ ਆਪਣੀ ਕਿਸਮ ਦੀ ਅਨੋਖੀ ਹਥਿਆਰਬੰਦ ਲਹਿਰ ਕਿਵੇਂ ਉਠੀ ?

ਫਰਾਂਸ, ਰੂਸ, ਚੀਨ, ਵੀਅਤਨਾਮ ਅਤੇ ਕਈ ਹੋਰ ਮੁਲਕਾਂ ਵਿਚ ਚਲੀਆਂ ਜਨਤਕ ਲਹਿਰਾਂ ਨੂੰ ਮੁਖ ਰੱਖ ਕੇ ਇਹ ਸਿਧਾਂਤ ਆਮ ਪ੍ਰਚੱਲਤ ਹੋ ਗਿਆ ਹੈ ਕਿ ਜਨਤਕ ਲਹਿਰਾਂ ਜਨਤਾ ਦੇ ਆਪਣੇ ਵਿਚੋਂ ਪੈਦਾ ਹੋਏ ਉਭਾਰ ਤੋਂ ਉਠਦੀਆਂ ਹਨ। ਪਰ ਜਨਤਾ ਦੇ ਉਭਾਰ ਨੂੰ ਤਰਤੀਬ ਦੇਣ ਲਈ ਵਿਅਕਤੀਆਂ ਜਾਂ ਪਾਰਟੀਆਂ ਦੀ ਅਵੱਸ਼ਕਤਾ ਹੁੰਦੀ ਹੈ। ਇਸ ਤੋਂ ਬਿਨਾਂ ਜ਼ਮਾਨੇ ਜ਼ਮਾਨੇ ਅਤੇ ਮੁਲਕ ਮੁਲਕ ਦੇ ਹਾਲਾਤ ਵਿਚ ਫ਼ਰਕ ਹੁੰਦੇ ਹਨ। ਸਭ ਜਨਤਕ ਲਹਿਰਾਂ ਨੂੰ ਇਕੋ ਪੈਮਾਨੇ ਰਾਹੀਂ ਨਹੀਂ ਨਾਪਿਆ ਜਾ ਸਕਦਾ।

ਸਿਖ ਲਹਿਰ ਵਿਚ ਬਹੁਤਾ ਉਨ੍ਹਾਂ ਜਾਤੀਆਂ ਹਿੱਸਾ ਲਿਆ ਜਿਨ੍ਹਾਂ ਨੂੰ ਬ੍ਰਾਹਮਣ-ਵਾਦ ਨੇ ਨੀਵੀਆਂ ਗਰਦਾਨਿਆਂ ਸੀ, ਪਰ ਇਨ੍ਹਾਂ ਵਿਚ ਅਗੋਂ ਬਹੁਤੀ ਗਿਣਤੀ ਜੱਟ ਸ਼ਰੇਣੀ ਦੀ ਸੀ। ਰਾਜਪੂਤਾਂ ਦੇ ਮੁਕਾਬਲੇ ਰਾਜਸਥਾਨ, ਖਾਸ ਕਰ ਜੈਸਲਮੀਰ, ਵਿਚ ਜੱਟਾਂ ਦੀ ਗਿਣਤੀ ਘਟ ਨਹੀਂ ਪਰ ਜੈਸਲਮੀਰ ਵਿਚੋਂ ਉਠ ਕੇ ਇਕ ਅੱਧ ਦਰਜਨ ਦੇ ਕਰੀਬ ਰਾਜਪੂਤ ਘਰਾਣੇ ਸਾਰੇ ਹਿੰਦੁਸਤਾਨ ਦੇ ਰਾਜੇ ਕਿਉਂ ਬਣ ਬੈਠੇ, ਅਤੇ ਸਵਾਏ ਭਰਤਪੁਰ ਦੇ (ਉਹ ਵੀ ਜਦ ਮੁਗਲੀਆ ਰਾਜ ਆਖਰੀ ਦਮਾਂ ਉਤੇ ਸਹਿਕ ਰਿਹਾ ਸੀ) ਜੱਟ ਆਪਣਾ ਕਿਧਰੇ ਵੀ ਰਾਜ ਕਾਇਮ ਨਾ ਕਰ ਸਕੇ ਅਤੇ ਰਯੀਅਤ ਦੀ ਰਯੀਅਤ ਰਹੇ ? ਮੁਗ਼ਲੀਆ ਰਾਜ ਦੇ ਇਕ ਸਮੇਂ ਵਿਚ ਮਾਲੀਆ ਉਗਰਾਹੁਣ ਲਈ ਤਸ਼ੱਦਦ ਕੀਤਾ ਜਾਂਦਾ ਰਿਹਾ। ਜਦ ਇਸ ਦੀ ਹੱਦ ਬਰਦਾਸ਼ਤ ਕਰਨ ਤੋਂ ਅਗੇ ਟੱਪ ਜਾਂਦੀ ਸੀ, ਤਾਂ ਕਿਸਾਨਾਂ ਵਲੋਂ ਇਕੜ ਦੁਕੜ ਕਈ ਥਾਈਂ ਬਗਾਵਤਾਂ ਹੁੰਦੀਆਂ। ਪਰ ਇਨ੍ਹਾਂ ਨੇ ਇਕ ਪੱਕੀ ਲਹਿਰ ਦੀ ਸ਼ਕਲ ਕਿਧਰੇ ਵੀ ਕਿਉਂ ਨਾ ਫੜੀ ? ਭਗਤੀ ਲਹਿਰ ਨੇ ਬ੍ਰਾਹਮਣਵਾਦ ਦੀਆਂ ਦਬਾਈਆਂ ਜਾਤੀਆਂ ਵਿਚ ਧਾਰਮਕ ਉਭਾਰ ਪੈਦਾ ਕੀਤਾ, ਪਰ ਸਿਖ ਲਹਿਰ ਤੋਂ ਸਿਵਾ ਇਸ ਦਾ

ਪ੍ਰਗਟਾਅ ਕੇਵਲ ਧਾਰਮਕ ਪੱਧਰ ਉਤੇ ਸੀਮਤ ਹੋਕੇ ਕਿਉਂ ਰਹਿ ਗਿਆ ? ਭਗਤੀ ਲਹਿਰ ਦੇ ਇਕ ਅੰਗ ਨੇ ਜਦ ਸਤਨਾਮੀ ਲਹਿਰ ਦੀ ਸ਼ਕਲ ਵਿਚ ਇਤਫਾਕੀਆ ਹਥਿਆਰ ਚੁਕੇ ਤਾਂ ਇਕੋ ਧੱਪੇ ਦੀ ਮਾਰ ਖਾ ਕੇ ਝੱਗ ਵਾਂਕੁਰ ਕਿਉਂ ਠੱਪੀ ਗਈ ਅਤੇ ਸਿਖ ਲਹਿਰ ਵਾਂਕੁਰ ਮੁਸੱਲਸਲ ਜਦੋ-ਜਹਿਦ ਦੀ ਸ਼ਕਲ ਇਸ ਕਿਉਂ ਨਾ ਫੜੀ ?

ਇਹ ਸਵਾਲ ਬੜੇ ਗੰਭੀਰ ਹਨ ਜਿਨ੍ਹਾਂ ਦਾ ਜਵਾਬ ਬਿਨਾਂ ਵਿਸਥਾਰ ਵਿਚ ਪਏ ਨਹੀਂ ਦਿਤਾ ਜਾ ਸਕਦਾ। ਏਥੇ ਸੰਖੇਪ ਤੌਰ ਉਤੇ ਇਸ ਲਈ ਧਿਆਨ ਦਿਵਾਇਆ ਗਿਆ ਹੈ ਕਿ ਸਿਖ ਲਹਿਰ ਖ਼ੁਦ-ਰੌ ਪੈਦਾ ਨਹੀਂ ਸੀ ਹੋ ਗਈ। ਇਸ ਨੂੰ ਵਿਉਂਤਣ ਅਤੇ ਢਾਲਣ ਵਿਚ ਗੁਰੂ ਸਾਹਿਬਾਨ ਨੇ ਦੋ ਸੌ ਸਾਲ ਦੇ ਕਰੀਬ ਲਗਾਤਾਰ ਅਹਿਮ ਅਤੇ ਚੇਤੰਨ ਪਾਰਟ (role) ਅਦਾ ਕੀਤਾ। ਲਹਿਰ ਨੂੰ ਸ਼ਕਲ ਦੇਣ ਵਿਚ ਉਨ੍ਹਾਂ ਦੇ ਪੱਕੇ ਅਤੇ ਨਿਸਚਤ ਨਿਸ਼ਾਨੇ ਸਨ ਜਿਨ੍ਹਾਂ ਨੂੰ ਹਾਸਿਲ ਕਰਨ ਲਈ ਉਹ ਬਦਲਦੇ ਹਾਲਾਤ ਦਾ ਅੱਗਾ ਪਿਛਾ ਵਿਚਾਰ ਕੇ ਪੈਂਤੜਾ ਕਾਇਮ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਸੈਨਾਪਤੀ ਨੇ ਆਪਣੇ ਗਰੰਥ **ਸ੍ਰੀ ਗੁਰ ਸੋਭਾ** ਵਿਚ ਖਾਲਸੇ ਦੀ ਸਾਜਨਾ ਬਾਰੇ ਲਿਖਿਆ ਹੈ "ਅਸੁਰ ਸਿੰਘਾਰਬੇ ਕੋ ਦੁਰਜਨ ਕੇ ਮਾਰਬੇ ਕੇ ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ," ਅਤੇ "ਗੁਪਤ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ।" ਅਰਥਾਤ ਜੋ ਖਾਲਸੇ ਨੂੰ ਰਚਣ ਦੀ ਪਲੈਨ ਗੁਪਤ ਰਖੀ ਹੋਈ ਸੀ, ਉਹ ਪ੍ਰਗੱਟ ਕੀਤੀ। ਇੰਦੂ ਭੂਸ਼ਨ ਬੈਨਰਜੀ ਨੇ ਨਿਖੇੜਾ ਕੀਤਾ ਹੈ ਕਿ ਕਿਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਪਹਿਲੋਂ ਹਕੂਮਤ ਨਾਲ ਟੱਕਰ ਲੈ ਕੇ ਲਹਿਰ ਦੀ ਤਾਕਤ ਨੂੰ ਜੋਹਿਆ, ਪਰ ਜਦ ਵੇਖਿਆ ਕਿ ਤਿਆਰੀ ਵਿਚ ਕਮੀ ਹੈ ਤਾਂ ਪੈਂਤੜਾ ਬਦਲ ਲਿਆ। ਲਹਿਰ ਦਾ ਨਿਸ਼ਾਨਾ ਨਹੀਂ ਛੱਡਿਆ ਕਿਉਂਕਿ ਆਪਣੇ ਜਾਨਸ਼ੀਨ ਨੂੰ ਹਿਦਾਇਤ ਕਰ ਦਿਤੀ ਕਿ ਉਹ ਹਥਿਆਰਬੰਦ ਘੋੜ-ਚੜੇ ਪਾਸ ਰਖਣ ਪਰ ਖਾਹ ਮਖਾਹ ਲੜਾਈ ਮੁਲ ਨਾ ਲੈਣ। ਗੁਰੂ ਗੋਬਿੰਦ ਸਿੰਘ ਜੀ ਦਾ ਵੀ ਔਰੰਗਜ਼ੇਬ ਨਾਲ ਗਲ ਬਾਤ ਕਰਨ ਜਾਂ ਬਹਾਦਰਸ਼ਾਹ ਨੂੰ ਮਿਲਣ ਦਾ ਐਨ ਅਜੇਹਾ ਮਕਸਦ ਹੋ ਸਕਦਾ ਸੀ। ਡਾਕਟਰ ਗਰੇਵਾਲ ਜੀ ਨੇ ਲਿਖਿਆ ਹੈ ਕਿ ਬਹਾਦਰਸ਼ਾਹ ਨੂੰ ਪੁਗਦਾ ਸੀ ਕਿ ਆਪਣੇ ਹਿੱਤਾਂ ਲਈ ਉਸ ਸਮੇਂ ਪੰਜਾਬ ਵਿਚ ਗੜਬੜ ਹੋਣੋਂ ਬਚਾਉਣ ਖਾਤਰ ਉਹ ਗੁਰੂ ਸਾਹਿਬ ਨੂੰ ਗਲਬਾਤ ਵਿਚ ਰੁਝਾਈ ਰਖੇ। ਇਸੇ ਤਰ੍ਹਾਂ ਗੁਰੂ ਸਾਹਿਬ ਨੂੰ ਵੀ ਪੁਗ ਸਕਦਾ ਸੀ ਕਿ ਅਨੰਦਪੁਰ ਪਿਛੋਂ ਲਹਿਰ ਨੂੰ ਫਿਰ ਨਵਿਓਂ ਸਿਰਿਓਂ ਸੁਰਜੀਤ ਕਰਨ ਲਈ ਸਮਾਂ ਮਿਲੇ ਅਤੇ ਸੁਰਜੀਤ ਹੋਣ ਤੋਂ ਪਹਿਲੋਂ ਸ਼ਾਹੀ ਤਾਕਤ ਦਾ ਦਬਾਓ ਲਹਿਰ ਉਤੇ ਬੇਮੌਕਿਆ ਪੈਣੋਂ ਬਚਾਇਆ ਜਾਏ। ਸਰਹੰਦ ਦੇ ਸੂਬੇ ਨੂੰ ਸਜ਼ਾ ਦੇਣ ਦੀ ਜੇ ਮੰਗ ਕੀਤੀ ਵੀ ਹੋਵੇ ਤਾਂ ਉਹ ਇਸ ਨੀਤੀ ਨਾਲ ਢੁਕਦੀ ਹੈ। ਜੇ ਬਹਾਦਰਸ਼ਾਹ ਸੂਬੇ ਨੂੰ ਸਜ਼ਾ ਦੇ ਦੇਂਦਾ ਤਾਂ ਕਿਸੇ ਹੋਰ ਸਥਾਨਕ ਅਧਿਕਾਰੀ ਨੇ ਆਪਣੀ ਪਹਿਲ (initiative) ਉਤੇ ਸਿਖਾਂ ਨੂੰ ਦਬਾਉਣ ਦੀ ਨਹੀਂ ਸੀ ਸੋਚਣੀ। ਬਹਾਦਰਸ਼ਾਹ ਦੇ ਆਸ ਪਾਸ ਗੁਰੂ ਸਾਹਿਬ ਦੇ ਰਹਿਣ ਨੇ ਹੀ ਸਰਹੰਦ ਦੇ ਸੂਬੇ ਨੂੰ ਪਿਸੂ ਪਾ ਦਿਤੇ ਸਨ। ਇਸ ਨਜ਼ਰੀਏ ਨਾਲ ਵੇਖਿਆਂ ਸਰਹੰਦ ਦੇ ਸੂਬੇ ਨੂੰ ਸਜ਼ਾ ਦੇਣ ਦੀ ਮੰਗ (ਜੇ ਕੀਤੀ ਹੋਵੇ) ਦਾ ਸੰਬੰਧ ਗੁਰੂ ਸਾਹਿਬ ਦੇ ਨਿਜੀ ਬਦਲਾ ਲੈਣ ਦੀ ਭਾਵਨਾ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ, ਬਲਕਿ ਇਸ ਦਾ ਸੰਬੰਧ ਸਿਖ ਲਹਿਰ ਦੇ ਇਕ ਪੈਂਤੜੇ ਦੇ ਮੰਤਵ ਹਾਸਿਲ ਕਰਨ ਨਾਲ। ਉਪਰੋਕਤ ਦ੍ਰਿਸ਼ਟੀ-ਕੋਨ ਤੋਂ ਵੇਖਿਆਂ **ਜ਼ਫਰਨਾਮੇ** ਵਿਚ ਔਰੰਗਜ਼ੇਬ ਵਲੋਂ ਕੀਤੇ ਇਕਰਾਰਾਂ ਦਾ ਜ਼ਿਕਰ ਵੀ ਵਿਆਖਿਆ ਜਾ ਸਕਦਾ ਹੈ। ਸਿਖ ਰਿਵਾਇਤ ਮੁਤਾਬਕ ਗੁਰੂ ਸਾਹਿਬ ਅਨੰਦਪੁਰ ਛੱਡਣਾ ਨਹੀਂ ਸਨ ਚਾਹੁੰਦੇ ਪਰ ਸਿਖ ਭੁਖ ਦਾ ਦੁਖ ਬਰਦਾਸ਼ਤ ਨਾ ਕਰ ਸਕੇ ਅਤੇ ਉਨਾਂ ਗੁਰੂ



ਸਾਹਿਬ ਨੂੰ ਕਿਲ੍ਹਾ ਛਡਣ ਲਈ ਮਜਬੂਰ ਕਰ ਦਿਤਾ। ਐਨ ਮੁਮਕਨ ਹੈ ਕਿ ਔਰੰਗਜ਼ੇਬ ਜਾਂ ਉਸ ਵਲੋਂ ਗੁਰੂ ਸਾਹਿਬ ਨੂੰ ਬਚਨ ਦਿਤਾ ਗਿਆ ਹੋਵੇ ਕਿ ਜੇ ਉਹ ਕਿਲ੍ਹਾ ਛੱਡ ਦੇਣ ਤਾਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਫੌਜ ਨੂੰ ਸੁਰਖਿਅਤ ਜਾਣ ਦਿਤਾ ਜਾਵੇਗਾ। ਜਾਣਦਿਆਂ ਹੋਇਆਂ ਕਿ ਇਹ ਇਕਰਾਰ ਝੂਠੇ ਹਨ ਗੁਰੂ ਸਾਹਿਬ ਨੇ ਕਿਲ੍ਹਾ ਛੱਡ ਦਿਤਾ ਕਿਉਂਕਿ ਸਿਖਾਂ ਵਲੋਂ ਬੇਵਾਹ ਪ੍ਰਗਟ ਕਰਨ ਕਰਕੇ ਉਨ੍ਹਾਂ ਪਾਸ ਹੋਰ ਕੋਈ ਰਾਹ ਨਹੀਂ ਸੀ। **ਜ਼ਫਰਨਾਮੇ** ਵਿਚ ਔਰੰਗਜ਼ੇਬ ਨੂੰ ਆਪਣੇ ਕੌਲ ਇਕਰਾਰਾਂ ਦੀ ਚੇਤਾਵਨੀ ਦਿਵਾ ਕੇ ਅਤੇ ਉਸ ਦੇ ਦੀਨ ਈਮਾਨ ਮੁਤਾਬਿਕ ਇਕਰਾਰ ਪੂਰੇ ਕਰਨ ਦੇ ਫਰਜ਼ ਨੂੰ ਯਾਦ ਕਰਾਕੇ ਉਸ ਦੀ ਆਤਮਾ ਨੂੰ ਟੁੰਬਦੇ ਹਨ ਕਿ ਉਹ ਆਪਣੇ ਕੀਤੇ ਇਕਰਾਰ ਪੂਰੇ ਕਰੇ। ਅਰਥਾਤ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿਖਾਂ ਉਤੇ ਸ਼ਾਹੀ ਦਬਾਉ ਨੂੰ ਢਿੱਲਾ ਕਰੇ ਤਾਕਿ ਲਹਿਰ ਨੂੰ ਫਿਰ ਆਪਣੇ ਪੈਰੀਂ ਖੜਾ ਹੋਣ ਦਾ ਮੌਕਿਆ ਮਿਲ ਸਕੇ। ਉਪਰੋਕਤ ਦ੍ਰਿਸ਼ਟੀ-ਕੋਨ ਤੋਂ ਵੇਖਿਆਂ ਹੀ ਬੰਦੇ ਦੇ ਪੰਜਾਬ ਭੇਜੇ ਜਾਣ ਸੰਬੰਧੀ ਨੀਤੀ ਦੀ ਵਧੇਰੇ ਸਮਝ ਪੈਂਦੀ ਹੈ। ਜਿਤਨਾ ਚਿਰ ਬਹਾਦਰਸ਼ਾਹ ਨਾਲ ਗਲਬਾਤ ਸਿਰੇ ਚੜ੍ਹਾਣ ਦੀ ਆਸ ਸੀ ਗੁਰੂ ਸਾਹਿਬ ਆਪ ਪੰਜਾਬ ਵਾਪਿਸ ਆਉਣ ਦੀ ਸੋਚਦੇ ਰਹੇ। ਪਰ ਜਦ ਇਹ ਆਸ ਟੁਟ ਗਈ ਤਾਂ ਬੰਦੇ ਨੂੰ ਭੇਜਣ ਬਾਰੇ ਸੋਚਿਆ। ਬਹਾਦਰਸ਼ਾਹ ਨਾਲ ਸਮਝੌਤੇ ਬਿਨਾਂ ਗੁਰੂ ਸਾਹਿਬ ਨੂੰ ਪੰਜਾਬ ਆ ਕੇ ਲਹਿਰ ਨੂੰ ਮੁੜ ਜਥੇਬੰਦ ਨਹੀਂ ਸੀ ਕਰਨ ਦਿਤੇ ਜਾਣਾ। ਪਰ ਬੰਦਾ ਗੁਮਨਾਮ ਸੀ ਅਤੇ ਉਸ ਦੇ ਹਕੂਮਤ ਦਾ ਧਿਆਨ ਖਿਚੇ ਬਿਨਾ ਇਹ ਕਾਰਜ ਕਰਨ ਦੇ ਵਧੇਰੇ ਚਾਨਸ ਸਨ। ਇਹ ਗਲ ਵਖਰੀ ਹੈ ਕਿ ਹਾਲਾਤ ਬਹੁਤ ਤੇਜ਼ੀ ਨਾਲ ਬਦਲਣ ਕਰਕੇ ਬੰਦੇ ਨੂੰ ਜਲਦੀ ਜਨਤਾ ਭਾਰੀ ਗਿਣਤੀ ਵਿਚ ਆ ਮਿਲੀ ਅਤੇ ਉਸ ਨੂੰ ਅੱਖ ਬਚਾਕੇ ਕੰਮ ਕਰਨ ਦੀ ਲੋੜ ਨਾ ਰਹੀ।

ਇਸ ਸਾਰੀ ਵਿਉਂਤ ਸੰਬੰਧੀ ਇਹ ਯਾਦ ਰਖਣਾ ਅਤਿ ਜ਼ਰੂਰੀ ਹੈ (ਜਿਸ ਬਿਨਾਂ ਇਸ ਵਿਚਾਰ-ਪਖਸ਼ ਦੀ ਸਾਰੀ ਰੰਗਤ ਬਦਲ ਜਾਂਦੀ ਹੈ) ਕਿ ਗੁਰੂ ਸਾਹਿਬ ਨੇ ਬਾਦਸ਼ਾਹਾਂ ਨਾਲ ਗਲ-ਬਾਤ ਵੇਲੇ ਲਹਿਰ ਦੇ ਨਿਸ਼ਾਨੇ ਨੂੰ ਜਿਉਂ ਦਾ ਤਿਉਂ ਕਾਇਮ ਰਖਿਆ। ਸਿਖਾਂ ਨੂੰ ਹਥਿਆਰਬੰਦ ਹੋ ਕੇ ਮਿਲਣ ਲਈ ਲਿਖਦੇ ਰਹੇ ਅਤੇ ਬੰਦੇ ਨੂੰ ਪੰਜਾਬ ਤੋਰਿਆ।

---

1. ਇਸ ਮਜ਼ਮੂਨ ਵਿਚ ਜ਼ਫਰਨਾਮੇਂ ਵਿਚੋਂ ਦਿਤੇ ਹਵਾਲਿਆਂ ਦਾ ਮੈਕਾਲਿਫ ਦੇ ਕੀਤੇ ਅੰਗਰੇਜ਼ੀ ਤਰਜਮੇ ਤੋਂ ਅਗੋਂ ਪੰਜਾਬੀ ਵਿਚ ਖੁਲਾਸੇ ਤਰਜਮੇ ਦਿਤੇ ਗਏ ਹਨ। ਲਫ਼ਜ਼ੀ ਤੌਰ ਉਤੇ ਇਨ ਬਿਨ ਭਾਵੇਂ ਇਹ ਠੀਕ ਨਾ ਹੋਣ ਪਰ ਭਾਵ ਨੂੰ ਸਹੀ ਪ੍ਰਗਟਾਉਂਦੇ ਹਨ।

---


## ਪਾਠਕਾਂ ਦੇ ਧਿਆਨਯੋਗ

ਗੁਰਬਾਣੀ ਦਾ ਸੱਚ ਕੀ ਹੈ ? ਗੁਰਬਾਣੀ ਨੇ ਲੋਕ-ਹਿੱਤ ਦਾ ਪੈਂਤੜਾ ਕਿਵੇਂ ਉਸਾਰਿਆ ? ਇਹਨਾਂ ਅਤੇ ਅਜੇਹੇ ਸੁਆਲਾਂ ਦੇ ਜੁਆਬਾਂ ਲਈ ਸ਼ਬਦਾਂ ਦੀ ਵਿਆਖਿਆ ਵਾਲੇ ਲੇਖ

**ਅਤੇ**

ਹਰ ਮਹੀਨੇ ਸਿਖ-ਇਤਿਹਾਸ ਉਤੇ ਲੜੀਵਾਰ ਛਪੇ ਲੇਖ ਪੜ੍ਹਨ ਲਈ ਤੁਸੀਂ 1975 ਦੀ **ਸੇਧ** ਦੀ ਜਿਲਦ ਬੱਝੀ ਫਾਈਲ ਸਾਥੋਂ ਪੰਦਰਾਂ ਰੁਪੈ ਮਨੀਆਰਡਰ ਰਾਹੀਂ ਭੇਜ ਕੇ ਮੰਗਵਾ ਸਕਦੇ ਹੋ। ਡਾਕ ਖਰਚ ਮੁਫ਼ਤ।

**ਗਿਆਨ ਸਿੰਘ ਸੰਧੂ**

## ਜਗਤ ਅਤੇ ਜੁਗਤ

ਨੀਤੀ-ਸ਼ਾਸਤ੍ਰ ਵਿਚ ਪ੍ਰਾਪਤੀ ਇਸ ਉਤੇ ਨਿਰਭਰ ਹੈ ਕਿ ਅਸੀਂ ਕਿਨ੍ਹਾਂ ਸੁਆਲਾਂ ਨਾਲ ਸੰਬੋਧਤ ਹੁੰਦੇ ਹਾਂ, ਕਿਹੜੀ ਰੂਪ-ਰਾਸ਼ੀ (Conceptual Scheme) ਅਪਣਾਉਂਦੇ ਹਾਂ, ਅਤੇ ਕਿਨ੍ਹਾਂ ਕੀਮਤਾਂ ਦੇ ਉਪਾਸ਼ਕ ਹਾਂ। ਵਰਤਮਾਨ ਹਾਲਾਤ ਵਿਚ ਉਚ ਪਾਇ ਦੇ ਚੈਲੰਜ ਹੋਣ ਦੇ ਬਾਵਜੂਦ ਵੀ ਨੀਤੀ-ਸ਼ਾਸਤ੍ਰ ਦੀ ਸ਼ਰਮਨਾਕ ਅਪ੍ਰਾਪਤੀ ਅੱਖਾਂ ਚੁੰਭਲਦੀ ਹੈ ਅਤੇ ਸ਼ਾਹ ਮੁਹੰਮਦ ਦੀ ਲਾਚਾਰੀ — ਸਿੰਘਾਂ ਬੈਠ ਲਾਹੌਰ ਵਿਚ ਮਤਾ ਕੀਤਾ, ਕੋਈ ਅਕਲ ਦਾ ਕਰੋ ਇਲਾਜ ਯਾਰੋ — ਮਨ ਦਾ ਕੁੰਡਾ ਖੜਕਾਉਣ ਲਗਦੀ ਹੈ। ਅਸੀਂ ਭਿਤ ਖੋਲ੍ਹਦੇ ਹਾਂ ਤਾਂ ਕਈ ਮਿਸਾਲਾਂ ਦਿਸਦੀਆਂ ਹਨ ਪਰ ਇਹਨਾਂ ਦੀ ਰੌਸ਼ਨੀ ਸਾਡੇ ਧਿਆਨ ਨੂੰ ਐਸ ਤਰ੍ਹਾਂ ਬੰਨ੍ਹ ਲੈਂਦੀ ਹੈ ਕਿ ਅਸੀਂ ਇਸ ਦੀ ਮਦਦ ਨਾਲ ਹਕੀਕਤ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਹੀ ਛਡ ਦਿੰਦੇ ਹਾਂ ਅਤੇ ਇਹਨਾਂ ਦੀ ਚਮਕ ਦਾ ਮੁਕਾਬਲਾ ਕਰਨ ਲਗਦੇ ਹਾਂ। ਕਿਉਂਕਿ ਆਧੁਨਿਕ ਯੁਗ ਦੇ ਸਨਅਤੀ ਜਗਤ ਦੀ ਰੌਸ਼ਨੀ ਸਭ ਤੋਂ ਵੱਧ ਤੇਜੱਸਵੀ ਹੈ, ਇਸ ਲਈ ਇਹ ਸਭ ਤੋਂ ਵਧ ਚੁੰਧਿਆਉਂਦੀ ਹੈ ਅਤੇ ਨੀਤੀ ਸ਼ਾਸਤਰਵਾਨ ਇਹਨਾਂ ਮੁਕਾਬਲਿਆਂ ਵਿਚ ਮਹਿਵ ਰਹਿੰਦੇ ਹਨ।

ਰਾਜਨੀਤੀ ਕਿਸੇ ਸਮਾਜ ਅਤੇ ਇਤਿਹਾਸਿਕ ਕਾਲ ਵਿਚ ਹੋ ਰਹੇ ਰੱਦੇ-ਅਮਲ ਦੇ ਨਕਸ਼ਾਂ (patterns) ਦਾ ਨਾਮ ਹੈ। ਇਹਨਾਂ ਨਕਸ਼ਾਂ ਨੂੰ ਸਮਝਣ ਸੁਆਰਨ ਦੀ ਕੋਸ਼ਿਸ਼ ਕਰਨਾ ਨੀਤੀ-ਸ਼ਾਸਤ੍ਰ ਹੈ। ਇਸ ਸਿਧੀ ਸਾਦੀ ਬੁਨਿਆਦ ਉਤੇ ਕਈ ਪ੍ਰਕਾਰ ਦੀ ਉਸਾਰੀ ਸੰਭਵ ਹੈ। ਜ਼ਾਹਰ ਹੈ ਕਿ ਹਰ ਉਸਾਰ ਦੇ ਗੁਣ ਅਵਗੁਣ ਵਖ ਵਖ ਹੋਣਗੇ। ਇਸ ਵਾਸਤੇ ਪਾਠਕ ਅਤੇ ਉਪਾਸ਼ਕ ਲਈ ਇਹਨਾਂ ਗੁਣਾਂ ਅਵਗੁਣਾਂ ਬਾਰੇ ਨਿਰਨਾ ਕਰਨਾ ਲਾਜ਼ਮੀ ਹੈ। ਜੇ ਉਹ ਇਸ ਫ਼ਰਜ਼ ਤੋਂ ਕਤਰਾ ਕੇ ਕਿਸੇ ਨਿਰਪੱਖਤਾ ਦੀ ਆੜ ਵਿਚ ਛੁਪਦਾ ਹੈ ਤਾਂ ਉਹ ਆਪਣੇ ਆਪ ਨੂੰ ਭੁਲੇਖਾ ਦੇ ਰਿਹਾ ਹੁੰਦਾ ਹੈ ਜਾਂ ਦੂਸਰਿਆਂ ਨਾਲ ਫ਼ਰੇਬ ਕਰ ਰਿਹਾ ਹੁੰਦਾ ਹੈ ਅਤੇ ਜਾਂ ਮੌਜੂਦਾ ਨਿਜ਼ਾਮ ਦੀ ਸ਼ਰਧਾ ਧਾਰ ਰਿਹਾ ਹੁੰਦਾ ਹੈ। ਕਿਉਂਕਿ ਪਹਿਲੇ ਦੋ ਪ੍ਰਕਾਰ ਦੀਆਂ ਔਕੜਾਂ ਬੋਧਕ ਨਾਲੋਂ ਮਾਨਸਿਕ ਵਧੇਰੇ ਹਨ ਇਸ ਵਾਸਤੇ ਅਸੀਂ ਇਹਨਾਂ ਨੂੰ ਅਖੋਂ ਉਹਲੇ ਕਰ ਦਿੰਦੇ ਹਾਂ। ਇਹਨਾਂ ਨੂੰ ਨਜ਼ਰ-ਅੰਦਾਜ਼ ਕਰਕੇ ਅਸੀਂ ਸਭ ਤੋਂ ਵਧੇਰੇ ਚਟਪਟੇ ਵਿਵਾਦ ਦਾ ਸੋਮਾਂ ਤਾਂ ਜ਼ਰੂਰ ਬੰਦ ਕਰ ਲੈਂਦੇ ਹਾਂ ਪਰ ਨਿਗਰ ਸੱਚ ਦਾ ਰਾਹ ਖੁਲ੍ਹਾ ਰਹਿੰਦਾ ਹੈ। ਸਿਰਫ਼ ਸਹਿਲਤਾ ਵਾਸਤੇ ਅਸੀਂ ਇਹ ਮੰਨ ਕੇ ਚਲਾਂਗੇ ਕਿ ਹਰ ਲੇਖਕ ਸੁਚੇਤ ਅਤੇ ਈਮਾਨਦਾਰ ਹੁੰਦਾ ਹੈ। ਇਸ ਵਾਸਤੇ ਉਹ ਜਾਣਦਾ ਹੁੰਦਾ ਹੈ ਕਿ ਉਹ ਕੀ ਕਰ ਰਿਹਾ ਹੈ ਅਤੇ ਦੂਜਿਆਂ ਦੀਆਂ ਅੱਖਾਂ ਵਿਚ ਧੂੜ ਪਾਉਣ ਦਾ ਚਾਹਵਾਨ ਨਹੀਂ ਹੈ।

ਇਸ ਵਾਸਤੇ ਵਿਵਾਦ ਦੋ ਪ੍ਰਕਾਰ ਦੇ ਸਿਧਾਂਤ ਦੀ ਟੱਕਰ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ। ਸਿਧਾਂਤ ਦੀ ਇਕ ਰੌ ਵਿਗਿਆਨ ਅਤੇ ਯਥਾਰਥ ਦੇ ਨਾਮ ਹੇਠਾਂ ਪ੍ਰਤਖਵਾਦੀ (Positivistic) ਰੁਚੀ ਵਾਲੀ ਹੈ ਅਤੇ ਦੂਸਰੀ ਮਾਰਕਸਵਾਦੀ। ਕਿਉਂਕਿ ਇਹ ਦੋਵੇਂ ਧਾਰਾਵਾਂ ਵਿਰਾਟ ਅਤੇ



ਵਿਕਸਤ ਹਨ ਅਤੇ ਇਹਨਾਂ ਤੋਂ ਇਲਾਵਾ ਨੀਤੀ-ਸ਼ਾਸਤ੍ਰ ਦਾ ਥੋੜਾ ਖੇਤਰ (ਜਿਵੇਂ ਕਿ ਫ੍ਰਾਂਸੀਸੀ ਲੇਖਕ ਮਾਰਿਸ ਦੁਵਰਜੇ ਦਾ ਕੰਮ) ਹੀ ਅਣਛੋਹਿਆ ਰਹਿ ਜਾਂਦਾ ਹੈ, ਇਸ ਵਾਸਤੇ ਇਕ ਹੀ ਲੇਖ ਵਿਚ ਦੋਹਾਂ ਨਾਲ ਨਿਆਂ ਕਰਨਾ ਅਸੰਭਵ ਹੈ। ਇਸ ਲੇਖ ਵਿਚ ਅਸੀਂ ਸਿਰਫ਼ ਪਹਿਲੀ ਕਿਸਮ ਬਾਰੇ ਸੰਖੇਪ ਚਰਚਾ ਕਰਾਂਗੇ। ਦੋਹਾਂ ਵਿਚੋਂ ਪਹਿਲੀ ਨੂੰ ਸਨਮਾਨਣ ਦਾ ਫ਼ੈਸਲਾ ਦੀਦਾ ਦਾਨਿਸਤਾ ਹੈ। ਇਸ ਲਈ ਇਹਦੇ ਹੱਕ ਵਿਚ ਸੰਖੇਪ ਦਲੀਲ ਦੀ ਲੋੜ ਹੈ।

ਹਿੰਦੁਸਤਾਨ ਵਿਚ ਅਸੀਂ ਪਛਮੀ ਬੌਧਿਕ ਪ੍ਰੰਪਰਾ ਅਤੇ ਫ਼ੈਸ਼ਨ ਦੇ ਲਾਗੀ ਮਰਾਸੀ ਹਾਂ। ਇਹ ਇਕ ਇਤਿਹਾਸਿਕ ਪ੍ਰਸਿਥਤੀ ਹੈ ਜੋ ਅਸੀਂ ਸਾਜੀ ਤਾਂ ਨਹੀਂ ਪਰ ਸਾਂਭ ਜ਼ਰੂਰ ਰਹੇ ਹਾਂ। ਅਸੀਂ ਪਛਮੀ ਪਰੰਪਰਾ ਦੇ ਸ਼ਰੀਕ ਨਹੀਂ। ਬਣ ਵੀ ਨਹੀਂ ਸਾਂ ਸਕਦੇ। ਸ਼ਰੀਕ ਬਣਨਾ ਐਡਾ ਸੁਖਾਲਾ ਵੀ ਨਹੀਂ ਹੁੰਦਾ। ਸ਼ਰੀਕ ਨੂੰ ਬਰਾਬਰੀ ਅਤੇ ਪਹਿਲ ਦਾ ਅਧਿਕਾਰ ਹੁੰਦਾ ਹੈ। ਸਾਡੇ ਵਿਸ਼ਵ-ਵਿਦਿਆਲਿਆਂ ਵਿਚ ਅਸੀਂ ਕਿਸੇ ਹੋਰ ਦੇ ਪਾਏ ਪੂਰਨਿਆਂ ਉੱਤੇ ਚਲਦੇ ਹਾਂ। ਕੀ ਕਰੀਏ ਬਾਹਰ ਦੀ ਦੁਨਿਆਂ ਨਾਲ ਸਾਡਾ ਸੰਪਰਕ ਅੰਗਰੇਜ਼ੀ ਜ਼ੁਬਾਨ ਰਾਹੀਂ ਜੂ ਹੈ। ਅੰਗਰੇਜ਼ੀ ਜਗਤ ਵਿਚ ਅਮਰੀਕਾ ਅਭਿਨੇਤਾ ਹੈ। ਅਮਰੀਕਨ ਸਨਅਤੀ ਨਿਜ਼ਾਮ ਕਿਤਾਬਾਂ ਦੀ ਪੈਦਾਵਾਰ ਵਿਚ ਵੀ ਉਨ੍ਹਾਂ ਹੀ ਨਿਪੁੰਨ ਹੈ ਜਿੰਨਾਂ ਕਿ ਕਾਰਾਂ ਜਾਂ ਹਾਟ-ਡਾਗ ਬਣਾਉਣ ਵਿਚ। ਨਾਲੇ ਪਛਮੀ ਜਗਤ ਦਾ ਚੰਗਾ ਪ੍ਰਭਾਵ ਪਾਉਣ ਦੀ ਸਮੱਰਥਾ ਬਾਕੀ ਸਭ ਤੋਂ ਵਧ ਹੈ। ਇਸ ਵਾਸਤੇ ਸੁਭਾਵਿਕ ਹੈ ਕਿ ਜਦੋਂ ਸਮਾਜ-ਸ਼ਾਸਤ੍ਰ ਦੇ ਖੇਤਰ ਵਿਚ ਅਸੀਂ ਸਹਿਜ-ਸੁਭਾ ਪੜ੍ਹਾਈ ਲਿਖਾਈ ਦੇ ਰਾਹ ਪੈਂਦੇ ਹਾਂ ਤਾਂ ਪਛਮੀ ਨੁਕਤਾ-ਨਜ਼ਰ ਦੇ ਪ੍ਰਛਾਵੇਂ ਵਿਚ ਹੀ ਲੀਲ੍ਹਾ ਰਚਾ ਰਹੇ ਹੁੰਦੇ ਹਾਂ। ਇਸ ਕਰਕੇ ਅਸੀਂ ਸੁੱਤੇ ਸਿੱਧ ਹੀ ਉਹ ਸੁਆਲ ਪੁਛਦੇ ਹਾਂ ਜੋ ਪਛਮੀ ਸ਼ਾਸਤ੍ਰੀ ਘੜਦੇ ਹਨ; ਉਹ ਹੀ ਰੂਪ-ਰਾਸ਼ੀਆਂ ਅਪਣਾਉਂਦੇ ਹਾਂ ਜੋ ਕਿ ਉਹਨਾਂ ਨੇ ਬਾ-ਇੱਜ਼ਤ ਬਣਾਈਆਂ ਹੋਈਆਂ ਹੁੰਦੀਆਂ ਹਨ ਅਤੇ ਉਹ ਹੀ ਕੀਮਤਾਂ ਸਵੀਕਾਰ ਕਰਦੇ ਹਾਂ ਜੋ ਉਹਨਾਂ ਦੇ ਚੌਗਿਰਦੇ ਅਤੇ ਚਿੰਤਨ ਦੀ ਕੁਠਾਲੀ ਹਨ। ਅਸੀਂ ਮਲਕੜੇ ਜਿਹੇ ਇਹ ਵਿੱਸਰ ਜਾਂਦੇ ਹਾਂ ਕਿ ਹਿੰਦੁਸਤਾਨ ਅਮਰੀਕਾ ਨਹੀਂ।

ਏਸ਼ਿਆਈ ਜਗਤ ਉਸ ਰੂਪ-ਰਾਸ਼ੀ ਅਤੇ ਉਹਨਾਂ ਕੀਮਤਾਂ ਲਈ ਕੁਰਲਾ ਰਿਹਾ ਹੈ, ਜਿਹੜੀਆਂ ਉਸ ਦੀ ਆਪਣੀ ਤੱਬ੍ਹਾ ਅਨੁਸਾਰ ਹੋਣ। ਇਹ ਲੋੜ ਅਸੀਂ ਕਿਵੇਂ ਅਤੇ ਕਦੋਂ ਪੂਰੀ ਕਰਾਂਗੇ, ਇਸ ਬਾਰੇ ਇਕ ਹੋਰ ਲੇਖ ਦੀ ਲੋੜ ਹੈ। ਹਾਲ ਦੀ ਘੜੀ ਤਾਂ ਇਹ ਕਹਿ ਕੇ ਹੀ ਸੰਕੋਚ ਕਰਦੇ ਹਾਂ ਕਿ ਸਾਡੇ ਵਿਚਕਾਰ ਪ੍ਰਚਲਤ ਨੀਤੀ ਸ਼ਾਸਤ੍ਰ ਊਣਾ ਹੈ ਅਤੇ ਇਹ ਊਣਤਾ ਪੱਛਮ ਲਈ ਬਸੰਤਰ ਅਤੇ ਸਾਡੇ ਲਈ ਅੱਗ ਹੈ।

ਪਛਮੀ ਵਿਚਾਰਧਾਰਾ ਦਾ ਇਤਿਹਾਸਿਕ ਪਿਛੋਕੜ ਪਛਮੀ ਉਦਾਰਵਾਦੀ ਲੋਕਤੰਤ੍ਰਿਕ ਸੰਸਾਰ ਹੈ। ਇਸ ਕਰਕੇ ਪਛਮੀ ਨੀਤੀ-ਸ਼ਾਸਤ੍ਰ ਸਮੁਚੇ ਤੌਰ ਤੇ ਇਹਨਾਂ ਕੀਮਤਾਂ ਨੂੰ ਸਵੀਕਾਰ ਕਰਕੇ ਵਿਕਸਦਾ ਹੈ। ਕਿਉਂਕਿ ਬੁਨਿਆਦੀ ਨੁਕਤਿਆਂ ਉਤੇ ਸਹਿਮਤੀ ਹੈ, ਇਸ ਵਾਸਤੇ ਸਮਝਣ-ਯੋਗ ਮਸਲੇ ਇਸ ਪ੍ਰਕਾਰ ਦੇ ਰਹਿ ਜਾਂਦੇ ਹਨ : ਸਮਾਜ ਵਿਚ ਗਾਹੇ-ਬਗਾਹੇ ਖਰਾਸ਼ ਕਿਉਂ ਪੈਦਾ ਹੋ ਜਾਂਦੀ ਹੈ ? ਜੇ ਹੋ ਜਾਂਦੀ ਹੈ ਤਾਂ ਇਸ ਦਾ ਇਲਾਜ ਕਿਸ ਤਰ੍ਹਾਂ ਹੋਵੇ ? ਜਾਂ ਸੰਵਿਧਾਨ ਅਨੁਸਾਰ ਚਲਦੀ ਸਿਆਸਤ ਵਿਚ ਕੀ ਹੋਣ ਵਾਲਾ ਹੈ ? ਇਸ ਘੋਲ ਵਿਚ ਕੌਣ ਅਤੇ ਕਿਵੇਂ ਜਿੱਤੇਗਾ ? ਇਤਿ ਆਦਿ। ਪਛਮੀ ਸ਼ਾਸਤ੍ਰੀਆਂ ਨੇ ਅਜਿਹੇ ਸੁਆਲਾਂ ਦੇ ਜੁਆਬ ਪ੍ਰਾਪਤ ਕਰਨ ਲਈ ਉਚਿਤ ਰੂਪ-ਰਾਸ਼ੀਆਂ ਉਸਾਰ ਲਈਆਂ ਹਨ ਅਤੇ ਅਣਗਿਣਤ ਸ਼ੁਮ੍ਹਾਰੇ ਅਤੇ ਕੰਮਪਿਊਟਰ ਇਸ ਕਿਸਮ ਦੀਆਂ ਪੇਸ਼ੀਨ ਗੋਈਆਂ ਕਰਨ ਨੂੰ ਨਿਹਾਇਤ ਦਿਲਚਸਪ ਖੇਲ ਬਣਾ ਰਹੇ ਹਨ। ਇਸ ਨੁਕਤਾ-

ਨਜ਼ਰ ਤੋਂ ਵੇਖਿਆਂ ਜਾਣਕਾਰੀ ਦੀ ਸਾਮਗ੍ਰੀ ਦੇ ਵਾਧੇ ਅਤੇ ਕੰਮਪਿਊਟਰ ਦੀ ਵਰਤੋਂ ਨਾਲ ਸਾਡੇ ਕਾਰਜ ਆਪ ਹੀ ਸੰਵਰਦੇ ਜਾਣਗੇ।

ਇਸ ਪ੍ਰਕਾਰ ਦਾ ਨੀਤੀਸ਼ਾਸਤ੍ਰ ਮਨੋਰੰਜਕ ਅਤੇ ਗੰਭੀਰ ਪਤ੍ਰਕਾਰੀ ਦੇ ਨਾਲ ਹੱਦਾਂ ਸਾਂਝੀਆਂ ਕਰ ਲੈਂਦਾ ਹੈ ਅਤੇ ਇਸ ਤਰ੍ਹਾਂ ਸਰਬ ਪ੍ਰਵਾਨ ਅਤੇ ਮਕਬੂਲ ਹੁੰਦਾ ਜਾਂਦਾ ਹੈ। ਮਿਸਾਲ ਵਜੋਂ ਜੇਕਰ ਅਸੀਂ ਇਸ ਦ੍ਰਿਸ਼ਟੀ ਤੋਂ ਹਿੰਦੁਸਤਾਨੀ ਸਿਆਸਤ ਦੇ ਪਾਠਕ ਹੋਈਏ ਤਾਂ ਨਿਮਨਲਿਖਤ ਦੋ ਸੁਆਲਾਂ ਵਿਚੋਂ ਪਹਿਲੇ ਦਾ ਮਹੱਤਵ ਦੂਜੇ ਨਾਲੋਂ ਜੇ ਵਧ ਨਹੀਂ ਤਾਂ ਬਰਾਬਰ ਦਾ ਜ਼ਰੂਰ ਹੋਵੇਗਾ : ਸੁਆਲ ਇਕ—ਕੇਂਦਰੀ ਮੰਤ੍ਰੀਮੰਡਲ ਵਿਚ ਕਿਸ ਦੀ ਚਲਦੀ ਹੈ ? ਸੁਆਲ ਦੂਜਾ — ਹਿੰਦੁਸਤਾਨ ਕਿਸ ਦਾ ਹੈ ? ਪ੍ਰਤਖਵਾਦੀ ਤਾਂ ਦੂਜੀ ਕਿਸਮ ਦੇ ਸੁਆਲ ਨੂੰ ਬਕਵਾਸ ਦੇ ਬਰਾਬਰ ਹੀ ਦਰਜਾ ਦਿੰਦੇ ਹਨ। ਨਿਤਾ-ਪ੍ਰਤੀ ਦਾ ਤਜਰਬਾ ਦਸਦਾ ਹੈ ਕਿ ਬੌਧਿਕ ਸ਼ਕਤੀ ਦਾ ਵਡਾ ਹਿੱਸਾ ਪਹਿਲੀ ਪ੍ਰਕਾਰ ਦੇ ਪ੍ਰਸ਼ਨਾਂ ਵਿਚ ਲਾਇਆ ਜਾਂਦਾ ਹੈ।

ਪਛਮੀ ਜਗਤ ਦੇ ਪ੍ਰਸੰਗ ਵਿਚ ਇਹ ਕੋਈ ਟੇਢੀ ਚੀਜ਼ ਨਹੀਂ। ਸਨਅਤੀ ਇਨਕਲਾਬ ਦੇ ਪੈਰ ਪੱਕੇ ਹੋ ਜਾਣ ਅਤੇ ਉਤਪਾਦਨ ਦੇ ਵਾਧੇ ਕਾਰਨ ਪਛਮੀ ਬੁਰਜੁਆ ਸਮਾਜ ਦੀਆਂ ਨੀਹਾਂ ਬਹੁਤ ਚੌੜੀਆਂ ਹੋ ਗਈਆਂ ਹਨ। ਉਥੋਂ ਦੀਆਂ ਕਮਿਊਨਿਸਟ ਪਾਰਟੀਆਂ ਨੂੰ ਵੀ ਇਸ ਇਤਿ-ਹਾਸਿਕ ਤਬਦੀਲੀ ਨਾਲ ਸਮਝੌਤਾ ਕਰਨਾ ਪੈ ਰਿਹਾ ਹੈ। ਸਿਰਫ ਕੁਝ ਪੁਖਤਾ-ਚਿਤ ਲੋਕ ਹੀ ਇਸ ਦਾ ਨਿਰੰਤਰ ਵਿਰੋਧ ਕਰ ਰਹੇ ਹਨ ਅਤੇ ਪਛਮੀ ਜਗਤ ਇਸ ਵਿਰੋਧ ਨੂੰ ਆਪਣੀ ਸਿਹਤ ਵਾਸਤੇ ਮਸਾਲਾ ਸਮਝਦਾ ਹੈ।

ਸਾਡੇ ਪ੍ਰਸੰਗ ਵਿਚ ਬੁਨਿਆਦੀ ਸੱਚ ਇਸ ਪ੍ਰਕਾਰ ਦੇ ਪੁਖਤਾ-ਚਿਤ ਲੋਕਾਂ ਕੋਲ ਹੈ। ਬਾਕੀ ਸੋਚਵਾਨ ਇਤਿਹਾਸਕ ਸੰਨ੍ਹ (gap) ਨੂੰ ਨਜ਼ਰ-ਅੰਦਾਜ਼ ਕਰਕੇ ਤਥ-ਮਥ ਵਿਚਾਰ ਜੋੜ ਕੇ ਹੀ ਕੰਮ ਚਲਾਉਂਦੇ ਹਨ। ਸਿਧਾਂਤ ਨਾਲੋਂ ਵਧ ਛੋਟਾਂ ਕੀਤੀਆਂ ਹੋਈਆਂ ਹੁੰਦੀਆਂ ਹਨ। ਪਰ ਧਿਆਨਯੋਗ ਵਰਤ (phenomenon) ਇਹ ਹੈ ਕਿ ਵਿਸ਼ਵਵਿਦਿਆਲਿਆਂ ਵਿਚ ਜੋ ਨੀਤੀ-ਸ਼ਾਸਤ੍ਰ ਸਿਖਾਇਆ ਜਾਂਦਾ ਹੈ ਉਹ ਪਛਮੀ ਉਦਾਰ ਮੱਤ ਦਾ ਪਛੜਿਆ ਜਿਹਾ ਉਤਾਰ ਹੈ। ਇਹ ਸੰਦ ਨਾ ਤਾਂ ਸਾਨੂੰ ਸਮ-ਕਾਲੀਨ ਹਕੀਕਤ ਨੂੰ ਸਮਝਣ ਅਤੇ ਨਾ ਹੀ ਸੁਆਰਨ ਲਈ ਯੋਗ ਬਣਾਉਂਦਾ ਹੈ।

ਨੀਤੀ-ਸ਼ਾਸਤ੍ਰ ਦੀ ਸਾਡੇ ਵਿਦਿਆਲਿਆਂ ਵਿਚ ਪ੍ਰਚਲਤ ਧਾਰਾ ਸਮਾਜ ਵਿਚ ਹਰ ਤਰਕਸ਼ੀਲ ਤਬਦੀਲੀ ਦੇ ਵਿਰੁਧ ਡਟ ਕੇ ਖੜੋਂਦੀ ਹੈ। ਇਸ ਦੀ ਵਿਧੀ ਤਥ-ਮਥ, ਇਸ ਦਾ ਸੰਕਲਪ ਸੰਵਿਧਾਨਿਕ ਤੇ ਭੂਤ-ਕਾਲੀਨ ਅਤੇ ਇਸ ਦੇ ਆਦਰਸ਼ ਉਦਾਰ-ਵਾਦੀ ਲੋਕਤੰਤ੍ਰਿਕ ਹਨ। ਇਹ ਸਿਆਸਤ ਨੂੰ ਇਤਿਹਾਸਿਕ ਪ੍ਰਸੰਗ ਤੋਂ ਬਾਹਰ ਸਮਝਣ ਵਿਚ ਵਿਸ਼ਵਾਸ ਜਤਾਉਂਦੀ ਹੈ। ਇਸ ਕਰਕੇ ਸਾਡੇ ਨੀਤੀ-ਸ਼ਾਸਤ੍ਰੀ ਮੌਜੂਦਾ ਹਾਲਾਤ ਦੀ ਸਾਰਥਕ ਵਿਆਖਿਆ ਦੇ ਨੇੜੇ ਵੀ ਨਹੀਂ ਫਟਕਦੇ। ਕਿਉਂਕਿ ਇਕ ਵਾਰ ਪ੍ਰਾਪਤ ਕੀਤੀ ਵਿਅਰਥ ਸਿਖਿਆ ਭੁਲਾ ਕੇ ਨਵੇਂ ਸਿਰਿਓਂ ਅਰਥ-ਪੂਰਨ ਸਿਖਿਆ ਪ੍ਰਾਪਤ ਕਰਨੀ ਪੂਰਾ ਉਮਰ-ਗਵਾਊ ਕੰਮ ਹੁੰਦਾ ਹੈ। ਇਸ ਵਾਸਤੇ ਵਿਰਲੇ ਵਾਂਝੇ ਲੋਕ ਹੀ ਇਸ ਰਾਹ ਪੈਂਦੇ ਹਨ। ਇਹਦਾ ਅੰਤ ਸਿੱਟਾ ਇਹ ਹੁੰਦਾ ਹੈ ਕਿ ਵਿਦਿਆ ਮਨੁਖੀ ਉਸਾਰੀ ਵਿਚ ਲਾਗਤ ਹੋਣ ਦੀ ਥਾਂ ਸਮਾਜਕ ਫਜ਼ੂਲ ਖਰਚੀ ਦਾ ਰੂਪ ਧਾਰਨ ਕਰ ਲੈਂਦੀ ਹੈ।

ਵਿਦਿਆ ਦੇ ਇਸ ਸੁਭਾਅ ਬਾਰੇ ਬਹੁਤ ਲੋਕਾਂ ਨੂੰ ਭੁਲੇਖਾ ਨਹੀਂ ਹੈ। ਪਰ ਬਾਹਰਲੇ ਤਾਂ ਵਿਸ਼ਵਵਿਦਿਆਲੇ ਜਿਹੇ ਤੇਜੱਸਵੀ ਪ੍ਰਬੰਧ ਦੇ ਰੁਅਬ ਹੇਠ ਆ ਕੇ ਚੁਪ ਰਹਿੰਦੇ ਹਨ ਅਤੇ ਅਨਪੜ੍ਹ ਕਹੇ ਜਾਣ ਤੋਂ ਡਰਦੇ ਹਨ। ਇਸ ਲਈ ਟੀਕਾ ਟਿਪਣੀ ਦਾ ਕੰਮ ਸਿਰਫ ਅੰਦਰਲਿਆਂ ਦੇ ਜ਼ਿੰਮੇਂ



ਰਹਿ ਜਾਂਦਾ ਹੈ। ਪਰ ਇਸ ਪ੍ਰਸਿਥਤੀ ਦਾ ਆਪਣਾ ਮੰਤਕ ਹੈ। ਮੌਜੂਦਾ ਨਿਜ਼ਾਮ ਸਥਾਪਤ ਮੱਤਾਂ ਦਾ ਨਿਜ਼ਾਮ ਹੈ। ਵਿਸ਼ਵਵਿਦਿਆਲੇ ਕਿਸੇ ਤੋਂ ਮਾੜੇ ਮੱਠ ਨਹੀਂ। ਹਰ ਮੱਠ ਦੀ ਇੱਛਾ ਦੀ ਵਸਤੂ ਉਹਦਾ ਆਪਣਾ ਹਿੱਤ ਹੁੰਦਾ ਹੈ। ਕੁਝ ਹਿੰਮਤ ਵਾਲੇ ਮੱਠ ਆਪਣੇ ਸਥਾਈ ਹਿੱਤ ਪਾਲਦੇ ਹਨ ਪਰ ਬੇਹਿੰਮਤੇ ਮੱਠ ਅਸਥਾਈ ਅਤੇ ਥੋੜ-ਚਿਰੇ ਹਿੱਤਾਂ ਦੀ ਤਾਬਿਆ ਰਹਿੰਦੇ ਹਨ। ਜਾਪਦਾ ਇਉਂ ਹੈ ਕਿ ਸਾਡੇ ਵਿਸ਼ਵਵਿਦਿਆਲਿਆਂ ਵਿਚ ਅਸਥਾਈ ਹਿੱਤਾਂ ਦੀ ਪਾਲਣਾ ਦਾ ਬੋਲ ਬਾਲਾ ਹੈ। ਏਥੇ ਇਸ ਸਮੱਸਿਆ ਦਾ ਹੱਲ ਹੋਰ ਸਮਸਿਆਵਾਂ ਦੇ ਹੱਲ ਵਾਂਗ ਇਨਕਲਾਬ ਦੀ ਲੋੜ ਨਾਲ ਆਣ ਮਿਲਦਾ ਹੈ। ਪਰ ਇਹ ਕਹਿਣਾ ਜ਼ਹਿਰ ਹੈ ਕਿ ਜਦੋਂ ਇਨਕਲਾਬ ਆ ਜਾਏਗਾ ਤਾਂ ਸਭ ਦੁਖ ਆਪਣੇ ਆਪ ਹਟ ਜਾਣਗੇ। ਜੇ ਹਰ ਵਰਗ ਇਸ ਤਰ੍ਹਾਂ ਸੋਚਣ ਲਗ ਪਵੇ ਤਾਂ ਝੁੱਗਾ ਹੀ ਚੌੜ ਹੋ ਜਾਵੇ। ਉਸਾਰੂ ਚਿੰਤਨ ਦਾ ਫ਼ਰਜ਼ ਇਹ ਸੋਚਣਾ ਹੈ ਕਿ ਕਿਸ ਪ੍ਰਕਾਰ ਦੇ ਰਾਜ-ਸ਼ਾਸਤ੍ਰ ਰਾਹੀਂ ਚੰਗੇਰੇ ਜਗਤ ਦੀ ਸਥਾਪਨਾ ਵਿਚ ਸਹਾਇਤਾ ਹੋ ਸਕਦੀ ਹੈ।

ਇਹ ਅਹਿਸਾਸ ਮਾਰਕਸਵਾਦੀਆਂ ਦਾ ਹੀ ਅਧਿਕਾਰ ਨਹੀਂ ਹੈ। ਇਸ ਲੋੜ ਦੇ ਇਤਿਹਾਸਿਕ ਮਹੱਤਵ ਨੂੰ ਸਮਝਦੇ ਹੋਏ ਪਛਮੀ ਸ਼ਾਸਤ੍ਰੀ ਵੀ ਵਿਕਾਸ ਅਤੇ ਮਾਡਰਨਾਈਜ਼ੇਸ਼ਨ ਦੇ ਵਰਤਾਂ ਬਾਰੇ ਵਡੇ ਪੈਮਾਨੇ ਉਤੇ ਸੋਚ ਰਹੇ ਹਨ ਅਤੇ ਮਾਡਲ ਸਾਜ ਰਹੇ ਹਨ। ਆਧੁਨਿਕ ਯੁਗ ਦੇ ਤਿੰਨ ਵਡੇ ਰਾਹ ਪ੍ਰਭਾਸ਼ਿਤ ਕੀਤੇ ਗਏ ਹਨ : ਪਛਮੀ ਲੋਕਤੰਤ੍ਰਿਕ, ਜਿਵੇਂ ਕਿ ਅਮਰੀਕਾ ਅਤੇ ਇੰਗਲੈਂਡ ਵਿਚ ਹੋਇਆ। ਦੂਸਰਾ ਕਮਿਊਨਿਸਟ, ਜਿਵੇਂ ਕਿ ਰੂਸ ਅਤੇ ਚੀਨ ਆਦਿ ਵਿਚ ਹੋਇਆ ਅਤੇ ਤੀਸਰੇ ਫਾਸ਼ਿਸਟ — ਜਿਵੇਂ ਕਿ ਜਰਮਨੀ ਅਤੇ ਜਾਪਾਨ ਵਿਚ ਹੋਇਆ। ਹਰ ਇਕ ਪੰਥ ਵਿਚ ਵਖ ਵਖ ਸ਼ਾਖਾਵਾਂ ਦੀ ਕੁਦਰਤੀ ਹੋਂਦ ਮੰਨੀ ਹੋਈ ਹੈ ਪਰ ਸਮੁਚੇ ਤੌਰ ਤੇ ਇਹ ਸੰਕਲਪ ਪਛਮੀ ਸ਼ਾਸਤ੍ਰੀਆਂ ਵਿਚ ਪ੍ਰਚਲਤ ਹਨ। ਕੁਦਰਤੀ ਗੱਲ ਹੈ ਕਿ ਪਛਮੀ ਪਿਛੋਕੜ ਵਾਲੇ ਚਿੰਤਕ ਪਛਮੀ ਲੋਕ-ਤੰਤ੍ਰਿਕ ਰਾਹ ਵਲ ਖਿਚ ਮਹਿਸੂਸ ਕਰਨ। ਉਹ ਵੀ ਇਹ ਜਾਣਦੇ ਹਨ ਕਿ ਇਸ ਰਾਹ ਚਲਿਆਂ ਮਾਡਰਨਾਈਜ਼ੇਸ਼ਨ ਦਾ ਮੁਲ ਕਿਰਤੀ, ਕਾਮੇ ਅਤੇ ਕਿਸਾਨ ਕਈ ਪੀੜ੍ਹੀਆਂ ਤਾਰਦੇ ਹਨ ਅਤੇ ਦੂਸਰੇ ਰਾਹ ਚਲਿਆਂ ਇਹ ਬੋਝ ਵੰਡਿਆ ਜਾਂਦਾ ਹੈ। ਪਰ ਉਹਨਾਂ ਨੂੰ ਪਛਮੀ ਜਗਤ ਦੀਆਂ ਕੀਮਤਾਂ ਨਾਲ ਐਨਾ ਪਿਆਰ ਹੈ ਕਿ ਉਹ ਘੁੰਮ ਫਿਰ ਕੇ ਅਖੀਰ ਇਸ ਰਾਹ ਦੀ ਹੀ ਵਕਾਲਤ ਕਰਦੇ ਹਨ। ਇਸ ਲਈ ਏਸ਼ਿਆਈ ਅਤੇ ਅਫ਼ਰੀਕੀ ਦੇਸ਼ਾਂ ਨੂੰ ਇਸ ਸੁਆਲ ਦੀ ਲੋਅ ਵਿਚ ਵੇਖਿਆ ਜਾਂਦਾ ਹੈ ਕਿ ਇਹਨਾਂ ਦੇ ਮਾਡਰਨਾਈਜ਼ ਹੋਣ ਵਿਚ ਕੀ ਰੁਕਾਵਟਾਂ ਹਨ ? ਭਾਵ ਕਿ ਜੇ ਇਹ ਹਟਾ ਦਿਤੀਆਂ ਜਾਣ ਤਾਂ ਉਹ ਸਹਿਲ ਹੀ ਆਧੁਨਿਕ ਯੁਗ ਵਿਚ ਪ੍ਰਵੇਸ਼ ਕਰ ਜਾਣਗੇ ਅਤੇ ਬਹੁਤ ਵਡੀ ਇਤਿ-ਹਾਸਿਕ ਪ੍ਰਾਪਤੀ ਆਪਣੇ ਆਪ ਹੀ ਹੋ ਜਾਵੇਗੀ।

ਇਸ ਵਿਚਾਰ ਦਾ ਹੋਛਾਪਣ ਸਾਫ ਹੈ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਨਹੀਂ। ਇਸ ਲਈ ਪਛਮ ਦੀਆਂ ਘੜੀਆਂ ਸਲਾਹਾਂ ਉਪਨਿਵੇਸ਼ਵਾਦ ਦੇ ਮਾਰੇ ਦੇਸ਼ਾਂ ਵਿਚ ਸਿਰੇ ਨਹੀਂ ਚੜ੍ਹ ਸਕਦੀਆਂ। ਏਸ਼ਿਆਈ ਜਗਤ ਨੂੰ ਆਪਣੇ ਕਲਿਆਣ ਬਾਰੇ ਆਪ ਸੋਚਣਾ ਪਵੇਗਾ। ਕਿਉਂਕਿ ਇਹ ਜਗਤ ਕਾਮਿਆਂ, ਕਿਸਾਨਾਂ ਅਤੇ ਦੂਜੇ ਪਾਸੇ ਸਰਮਾਏਦਾਰਾਂ ਵਿਚ ਵੰਡਿਆ ਹੋਇਆ ਹੈ ਇਸ ਵਾਸਤੇ ਇਸ ਬਾਰੇ ਸੋਚ ਜਾਂ ਤਾਂ ਕਾਮਿਆਂ ਕਿਸਾਨਾਂ ਤੇ ਕਿਰਤੀਆਂ ਦੇ ਨੁਕਤਾ-ਨਜ਼ਰ ਤੋਂ ਹੋਵੇਗੀ ਅਤੇ ਜਾਂ ਸਰਮਾਏਦਾਰਾਂ ਦੇ ਨੁਕਤਾ-ਨਜ਼ਰ ਤੋਂ। ਇਹਨਾਂ ਵਿਚੋਂ ਪਹਿਲੇ ਦਾ ਸੱਚ ਅਤੇ ਦੂਸਰੇ ਦਾ ਝੂਠ ਕਿਸੇ ਸਬੂਤ ਦੇ ਮੁਹਤਾਜ ਨਹੀਂ। ਮਸਲਾ ਤਾਂ ਇਹ ਹੈ ਕਿ ਪਹਿਲੀ ਕਿਸਮ ਦੇ ਵਿਚਾਰ ਦਾ ਚਿਹਨ-ਚਕ੍ਰ ਕੀ ਹੈ ? ਇਸ ਬਾਰੇ ਅਗਲੇ ਲੇਖ ਵਿਚ ਵਿਚਾਰ ਕਰਾਂਗੇ। (ਚਲਦਾ)

ਪ੍ਰੋ: ਕਿਸ਼ਨ ਸਿੰਘ

# ਸਿਖ-ਲਹਿਰ ਦਾ ਜਮਾਤੀ ਪੈਂਤੜਾ

[ਜਨਵਰੀ 1975 ਅੰਕ ਤੋਂ ਲੈ ਕੇ ਪਿਛਲੇ ਅੰਕ ਤਕ **ਸੇਧ** ਵਿਚ "ਇਤਿਹਾਸ : ਸਿਖ ਲਹਿਰ..." ਦੇ ਸਿਰਲੇਖ ਹੇਠ ਛਪੇ ਲੜੀ ਵਾਰ ਲੇਖਾਂ ਵਿਚ ਇਹ ਗਲ ਮੰਨ ਲਈ ਹੋਈ ਸੀ ਕਿ ਗੁਰਬਾਣੀ ਲੋਕ-ਹਿੱਤ ਦਾ ਸਰੂਪ ਹੈ ਅਤੇ ਸਿਖ ਲਹਿਰ ਦਾ ਪੈਂਤੜਾ ਮੁੱਢੋਂ ਹੀ ਲੋਕ-ਹਿੱਤ ਦਾ ਪੈਂਤੜਾ ਸੀ।

ਇਸ ਮਨੌਤ ਨੂੰ ਵਧੇਰੇ ਸਪੱਸ਼ਟ ਕਰਨ ਲਈ ਪ੍ਰੋ: ਕਿਸ਼ਨ ਸਿੰਘ ਹੁਰਾਂ ਇਹ ਲੇਖ ਵਿਸ਼ੇਸ਼ ਤੌਰ 'ਤੇ ਲਿਖਿਆ ਹੈ। ਟੂਕਾਂ ਦੇ ਕੇ ਪ੍ਰੋ: ਸਾਹਿਬ ਨੇ ਗੁਰਬਾਣੀ ਵਿਚਲੇ ਲੋਕ-ਹਿੱਤ ਦੇ ਪੈਂਤੜੇ ਨੂੰ ਉਘਾੜ ਕੇ ਪੇਸ਼ ਕੀਤਾ ਹੈ। ਨਾਲ ਹੀ ਇਹ ਵੀ ਦਸਿਆ ਹੈ ਕਿ ਇਸ ਪੈਂਤੜੇ ਕਾਰਨ ਸਿਖ-ਲਹਿਰ ਨੇ ਹਾਕਮ ਫੀਊਡਲਾਂ ਦੇ ਲੋਕ-ਹਿੱਤ-ਵਿਰੋਧੀ ਪੈਂਤੜੇ ਨਾਲ ਕਿਉਂ ਲਾਜ਼ਮੀ ਟਕਰਾਉਣਾ ਸੀ ਅਤੇ ਕਿਵੇਂ ਅਖ਼ੀਰ ਉਸ ਹੱਥ ਤਲਵਾਰ ਦੀ ਮੁੱਠ 'ਤੇ ਰਖਣਾ ਸੀ। — ਸੰਪਾਦਕ]

ਗੁਰਬਾਣੀ ਤੇ ਸਿਖ-ਲਹਿਰ ਦੇ ਇਤਿਹਾਸ ਨੂੰ ਸਾਇੰਟਿਫਿਕ ਤੌਰ ਤੇ ਸਮਝਣ ਵਾਸਤੇ ਜ਼ਿੰਦਗੀ ਦੇ ਇਕ ਬੁਨਿਆਦੀ ਤੱਥ ਨੂੰ ਸਮਝਣ ਅਤੇ ਧਿਆਨ ਵਿਚ ਰਖਣ ਦੀ ਲੋੜ ਹੈ। ਮਨੁਖੀ ਜ਼ਿੰਦਗੀ ਦੇ ਬੁਨਿਆਦੀ ਤੌਰ ਤੇ ਦੋ ਭਿਆਲ ਹਨ। ਇਕ **ਮਨੁਖ** ਆਪ ਅਤੇ ਦੂਸਰੀ **ਕੁਦਰਤ**। ਮਨੁਖ ਕੁਦਰਤ ਦਾ ਹੀ ਅੰਗ ਹੈ। ਉਹ ਆਪਣੀ ਜ਼ਿੰਦਗੀ ਦੇ ਵਸੀਲੇ ਵੀ ਕੁਦਰਤ ਕੋਲੋਂ ਹੀ ਲੈਂਦਾ ਹੈ। ਇਨ੍ਹਾਂ ਵਸੀਲਿਆਂ ਨੂੰ ਕੁਦਰਤ ਕੋਲੋਂ ਲਿਆਂ ਬਗੈਰ ਉਹ ਜੀਊਂਦਾ ਨਹੀਂ ਰਹਿ ਸਕਦਾ। ਪਸ਼ੂ ਪਰਿੰਦੇ ਕੁਦਰਤ ਨੂੰ, ਉਸ ਦੀ ਕੁਦਰਤੀ ਸ਼ਕਲ ਵਿਚ ਵਰਤ ਕੇ ਜੀਊਂਦੇ ਹਨ। ਮਨੁਖ ਉਸ ਨੂੰ, ਉਸ ਦੀ ਕੁਦਰਤੀ ਸ਼ਕਲ ਵਿਚ ਨਹੀਂ ਵਰ ਸਕਦਾ। ਉਸ ਨੂੰ ਉਸ ਦੀ ਕੁਦਰਤੀ ਸ਼ਕਲ ਵਿਚ ਆਪਣੀ ਜ਼ਿੰਦਗੀ ਵਾਸਤੇ ਨਹੀਂ ਵਰਤ ਸਕਦਾ। ਉਹ ਕੁਦਰਤ ਕੋਲੋਂ ਆਪਣੀ ਜ਼ਿੰਦਗੀ ਦੇ ਵਸੀਲੇ **ਸਮਾਜਕ ਪੈਦਾਵਾਰ** ਦੀ ਸ਼ਕਲ ਵਿਚ ਲੈਂਦਾ ਹੈ। ਪਦਾਰਥਾਂ ਦੀ ਸ਼ਕਲ ਵਿਚ ਉਨ੍ਹਾਂ ਦੀ ਵਰਤੋਂ ਕਰਦਾ ਹੈ। ਆਪਣੀ ਲੋੜ ਦੇ ਪਦਾਰਥਾਂ ਦੀ ਪੈਦਾਵਾਰ ਉਹ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦੀ ਸਟੇਜ ਅਨੁਸਾਰ ਕਿਸੇ ਖਾਸ ਆਰਥਕ ਸਮਾਜਕ ਨਿਜ਼ਾਮ ਦੀ ਸ਼ਕਲ ਵਿਚ ਕਰਦਾ ਹੈ।

ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦੇ ਆਪਸ ਵਿਚ ਦੋ ਰਿਸ਼ਤੇ ਮੁਮਕਿਨ ਹਨ। ਇਕ **ਸਿੱਧਾ** ਤੇ ਦੂਸਰਾ **ਪੁੱਠਾ**। ਜੇ ਸਮਾਜਕ ਮਨੁਖੀ ਜ਼ਿੰਦਗੀ ਦਾ ਮਨੋਰਥ ਮਨੁਖ ਹੈ, ਅਤੇ ਸਮਾਜਕ ਪੈਦਾਵਾਰ, ਪਦਾਰਥ, ਪੈਸਾ ਉਸ ਦੇ ਵਸੀਲੇ ਹਨ ਤਾਂ ਉਨ੍ਹਾਂ ਦਾ ਆਪਸ ਵਿਚ ਰਿਸ਼ਤਾ ਸਿੱਧਾ ਹੈ। ਸਮਾਜਕ ਮਨੁਖੀ ਜ਼ਿੰਦਗੀ ਸਹੀ ਰਸਤੇ 'ਤੇ ਚਲੇਗੀ। ਜੇ ਸਮਾਜਕ ਮਨੁਖੀ ਜ਼ਿੰਦਗੀ ਦਾ ਮਨੋਰਥ ਜ਼ਾਤੀ ਜਾਇਦਾਦ ਬਣਾਉਣਾ ਤੇ ਪੈਸੇ ਪਦਾਰਥਾਂ ਦੀ ਮਲਕੀਅਤ ਹੈ, ਅਤੇ ਜੇ ਮਨੁਖ ਦੀ



ਸਫਲਤਾ, ਉਸ ਦੀ ਕਾਮਯਾਬੀ ਪੈਸੇ, ਪਦਾਰਥਾਂ ਦੇ ਅਰਥਾਂ ਵਿਚ ਮੰਨੀ ਤੇ ਗਿਣੀ ਜਾਂਦੀ ਹੈ ਤਾਂ ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦਾ ਆਪਸ ਵਿਚ ਰਿਸ਼ਤਾ ਪੁੱਠਾ ਹੈ। ਜਦੋਂ ਇਹ ਰਿਸ਼ਤਾ ਪੁਠਾ ਹੈ ਤਾਂ ਸਾਰੀ ਸਮਾਜਕ ਮਨੁਖੀ ਜ਼ਿੰਦਗੀ ਪੁੱਠੀ ਵਗੇਗੀ। ਆਰਥਕ ਸਮਾਜਕ ਨਿਜ਼ਾਮ ਭਾਵੇਂ ਗੁਲਾਮੀ ਦਾ ਹੋਵੇ ਤੇ ਭਾਵੇਂ ਫੀਊਡਲ, ਸਰਮਾਇਦਾਰੀ ਦਾ ਹੋਵੇ ਜਾਂ ਅਖੌਤੀ ਸਮਾਜਵਾਦ ਦਾ, ਜੇ ਸਮਾਜਕ ਮਨੁਖੀ ਜ਼ਿੰਦਗੀ ਦਾ ਮਨੋਰਥ ਪਦਾਰਥ, ਪੈਸਾ ਹਨ ਤਾਂ ਜ਼ਿੰਦਗੀ ਵਿਚ ਕੁਛ ਵੀ ਸਿੱਧਾ ਨਹੀਂ ਹੋਵੇਗਾ।

ਸਮਾਜਕ ਮਨੁਖੀ ਜ਼ਿੰਦਗੀ ਬਾਬਤ ਬੁਨਿਆਦੀ ਸਵਾਲ ਹੈ ਹੀ ਇਹ ਕਿ ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦਾ ਆਪਸ ਵਿਚ ਰਿਸ਼ਤਾ ਸਿੱਧਾ ਹੈ ਕਿ ਪੁੱਠਾ। **ਸਮਾਜ ਵਿਚ ਮਨੋਰਥ ਮਨੁਖ ਹੈ, ਸਰਦਾਰੀ ਉਸ ਦੀ ਹੈ ਜਾਂ ਮਨੋਰਥ ਪੈਸਾ ਤੇ ਪਦਾਰਥ ਹਨ ਤੇ ਸਿਕਦਾਰੀ ਮਾਇਆ ਦੀ।** ਨੋਟ ਕਰਨ ਵਾਲੀ ਗਲ ਇਹ ਹੈ ਕਿ ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦੇ ਆਪਸ ਵਿਚ ਦੋ ਹੀ ਰਿਸ਼ਤੇ ਮੁਮਕਿਨ ਹਨ ਅਤੇ ਉਹ ਦੋਵੇਂ ਆਪਸ ਵਿਚ ਵਿਰੋਧੀ ਹਨ। ਇਸ ਵਾਸਤੇ ਉਨ੍ਹਾਂ ਆਪਸ ਵਿਚ ਵਿਰੋਧੀ ਰਿਸ਼ਤਿਆਂ ਦੇ ਆਧਾਰ ਉਤੇ ਬੁਨਿਆਦੀ ਤੌਰ ਤੇ ਦੋ ਕਿਸਮ ਦੀਆਂ ਤਰਜ਼ੇ-ਜ਼ਿੰਦਗੀਆਂ ਹੀ ਮੁਮਕਿਨ ਹਨ। ਉਹ ਦੋਵੇਂ ਤਰਜ਼ੇ-ਜ਼ਿੰਦਗੀਆਂ ਹਰ ਪਹਿਲੂ ਤੋਂ ਆਪਸ ਵਿਚ ਵਿਰੋਧੀ ਹਨ, ਇਕ ਦੂਸਰੀ ਨੂੰ ਕੱਟਦੀਆਂ ਹਨ। ਇਕ ਦੀ ਜ਼ਿੰਦਗੀ ਦੂਸਰੀ ਦੀ ਮੌਤ ਹੈ।

**ਗੁਰਬਾਣੀ** ਆਪਸ ਵਿਚ ਵਿਰੋਧੀ ਇਨ੍ਹਾਂ ਦੋਹਾਂ ਤਰਜ਼ੇ-ਜ਼ਿੰਦਗੀਆਂ ਦਾ ਟੱਕਰਾ ਪੇਸ਼ ਕਰਦੀ ਹੈ। ਕਾਬਜ਼ ਤਰਜ਼ੇ-ਜ਼ਿੰਦਗੀ ਮਾਇਆ ਦੀ ਹੈ। ਇਸ ਤਰਜ਼ੇ-ਜ਼ਿੰਦਗੀ ਵਿਚ ਮਨੁਖ ਮਾਇਆ ਦੇ ਬੰਧਨ ਵਿਚ ਹੈ, ਪੈਸੇ ਦਾ, ਪਦਾਰਥਾਂ ਦਾ ਗੁਲਾਮ ਹੈ। ਚੂੰਕਿ ਗੁਲਾਮ ਹੈ, ਇਸ ਵਾਸਤੇ ਦੁਖੀ ਹੈ। ਇਹ ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਪੈਦਾ ਤਾਂ ਰਬ ਦੇ ਹੁਕਮ ਵਿਚ ਹੀ ਹੋਈ ਹੈ (ਉਸ ਦੇ ਹੁਕਮ ਤੋਂ ਬਾਹਰ ਤਾਂ ਕੁਝ ਹੈ ਨਹੀਂ); ਸਮਾਜਵਾਦ ਉਸਾਰੀ ਦੇ ਕਾਨੂੰਨ ਨੇ ਹੀ ਪੈਦਾ ਕੀਤੀ ਹੈ (ਸਮਾਜ ਵਿਚ ਜੋ ਵੀ ਹੁੰਦਾ ਹੈ ਸਮਾਜਕ ਉਸਾਰੀ ਦੇ ਕਾਨੂੰਨ ਦੇ ਅਧੀਨ ਹੀ ਹੁੰਦਾ ਹੈ) ਪਰ **ਹੁਣ ਗੁਰਬਾਣੀ ਵਾਲੇ ਰਬ ਦਾ ਹੁਕਮ ਹੈ ਕਿ ਇਹ ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਖਤਮ ਹੋਵੇ, ਮਨੁਖ ਆਪਣੇ ਦਵਾਲਿਉਂ ਮਾਇਆ ਦਾ ਬੰਧਨ ਤੋੜੇ ਅਤੇ ਆਜ਼ਾਦ ਹੋਵੇ। ਆਜ਼ਾਦ ਹੋ ਕੇ ਸੁਖ ਤੇ ਸਫਲਤਾ ਦੀ ਜ਼ਿੰਦਗੀ ਬਤੀਤ ਕਰੇ।**

ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁਧ ਨਾਮ ਦੀ ਤਰਜ਼ੇ-ਜ਼ਿੰਦਗੀ ਹੈ। ਉਸ ਵਲ ਗੁਰਬਾਣੀ ਪਰੇਰਤ ਕਰਦੀ ਹੈ। ਇਥੇ ਨੋਟ ਕਰਨ ਵਾਲੀ ਗਲ ਇਹ ਹੈ ਕਿ ਤਰਜ਼ੇ-ਜ਼ਿੰਦਗੀ ਮਾਇਆ ਵਾਲੀ ਹੋਵੇ ਜਾਂ ਨਾਮ ਵਾਲੀ, ਚਲ ਉਹ ਤਾਂ ਹੀ ਸਕਦੀ ਹੈ ਜੇ ਉਹ ਆਪਣੇ ਪੂਰੇ ਫੇਰ ਵਿਚ ਹੋਵੇ। ਆਪਣੇ ਪੂਰੇ ਅਮਲੇ ਫੈਲੇ ਤੋਂ ਬਗੈਰ ਕੋਈ ਵੀ ਤਰਜ਼ੇ-ਜ਼ਿੰਦਗੀ ਚਲ ਨਹੀਂ ਸਕਦੀ। ਤਰਜ਼ੇ-ਜ਼ਿੰਦਗੀ ਕੋਈ ਵੀ ਹੋਵੇ, ਉਸ ਦਾ ਪੈਦਾਵਾਰ ਦਾ ਆਪਣਾ ਰੂਪ, ਹੋਈ ਪੈਦਾਵਾਰ ਦੀ ਵੰਡ ਦਾ ਤਰੀਕਾ, ਪੈਦਾਵਾਰ ਦੇ ਖਾਸ ਰਿਸ਼ਤੇ ਸਮਾਜ ਦੀ ਨੀਂਹ ਹੋਵੇਗੀ। ਨੀਂਹ ਦੇ ਨਾਲ ਡਾਇਲੈਕਟਿਕ ਤੌਰ 'ਤੇ ਸਬੰਧਤ ਉਸਾਰ ਤੇ ਉਸ ਦੇ ਸਭ ਅੰਗ — ਸਮਾਜਕ ਰਿਸ਼ਤੇ, ਸੰਸਥਾਵਾਂ, ਵਿਚਾਰਧਾਰਾ, ਵਿਚਾਰਧਾਰਕ ਅਡੰਬਰ, ਕਲਚਰ — ਮਨੁਖੀ ਬਣਤਰ।

ਕਾਬਜ਼ ਤਰਜ਼ੇ-ਜ਼ਿੰਦਗੀ ਮਾਇਆ ਦੀ ਹੈ। ਗੁਰਬਾਣੀ ਉਸਦੀ ਅਸਲੀਅਤ ਨੂੰ ਬੇਨਿਕਾਬ ਕਰਦੀ ਹੈ। ਉਸ ਦਾ ਸਾਇੰਟਿਫਿਕ ਕਿਰੀਟੀਕ ਦੇਂਦੀ ਹੈ। ਸਾਇੰਟਿਫਿਕ ਕਿਰੀਟੀਕ ਦੇਣ ਦਾ

ਅਰਥ ਕੀ ਹੈ ? ਮਾਇਆ ਦੀ ਤਰਜ਼ੇ-ਜ਼ਿੰਦਗੀ ਦੀ ਅਸਲੀਅਤ, ਉਸ ਦੀ ਕਲਚਰ, ਉਸ ਦੇ ਰੈਸ਼ਨੇਲ ਦੇ ਜਕੜ ਵਿਚ ਰਹਿੰਦਿਆਂ ਹੋਇਆਂ ਨਾ ਸਮਝ ਆ ਸਕਦੀ ਹੈ ਅਤੇ ਨਾ ਹੀ ਪੇਸ਼ ਕੀਤੀ ਜਾ ਸਕਦੀ ਹੈ । ਉਸ ਦਾ ਸਹੀ ਕਿਰੀਟੀਕ ਉਸ ਦੇ ਕਲਚਰ, ਵਿਚਾਰਧਾਰਕ ਫੰਧੇ ਵਿਚੋਂ ਨਿਕਲਕੇ, ਉਸ ਤਰਜ਼ੇ-ਜ਼ਿੰਦਗੀ ਦੇ ਵਿਰੁਧ ਇਨਕਲਾਬੀ ਪੈਂਤੜੇ 'ਤੇ ਆ ਕੇ ਹੀ ਦਿੱਤਾ ਜਾ ਸਕਦਾ ਹੈ । ਮਾਇਆ ਦੀ ਤਰਜ਼ੇ-ਜ਼ਿੰਦਗੀ ਦੀ ਵਹਿਸ਼ਤ, ਉਸ ਦੀ ਕਰਨੀ ਦੀ ਭਿਆਨਕਤਾ ਉਹ ਹੀ ਸਮਝ ਸਕਦਾ ਹੈ ਜੋ ਉਸ ਨੂੰ ਢਾਹੁਣ ਦੇ ਰਾਹੇ ਪਵੇ ।

ਗੁਰਬਾਣੀ ਨਾਮ ਤੇ ਮਾਇਆ ਵਾਲੀਆਂ ਤਰਜ਼ੇ-ਜ਼ਿੰਦਗੀਆਂ ਦੇ ਦਰਮਿਆਨ ਨਿਰਪਖ ਨਹੀਂ ਹੈ । ਉਹ ਮਾਇਆ ਦੀ ਤਰਜ਼ੇ-ਜ਼ਿੰਦਗੀ ਨੂੰ ਮਲੀਆਮੇਟ ਹੋਇਆ ਵੇਖਣਾ ਚਾਹੁੰਦੀ ਹੈ । ਉਸ ਨੂੰ ਖ਼ਤਮ ਕਰਨ ਵਾਸਤੇ ਪਰੇਰਤ ਕਰਦੀ ਹੈ । ਨਾਮ ਦੀ ਤਰਜ਼ੇ-ਜ਼ਿੰਦਗੀ ਦੇ ਹਾਮੀ ਹੈ । ਉਸ ਨੂੰ ਰਾਇਜ ਕਰਨਾ ਹੀ ਉਸਦਾ ਮੂਲ ਮਨੋਰਥ ਹੈ । ਏਥੇ ਅਸਾਂ ਦੋ ਗਲਾਂ ਹੀ ਵੇਖਣੀਆਂ ਹਨ । **ਪਹਿਲੀ, ਇਨ੍ਹਾਂ ਦੋਹਾਂ ਤਰਜ਼ੇ-ਜ਼ਿੰਦਗੀਆਂ ਦੀ ਆਪਸ ਵਿਚ ਪੂਰ ਪੂਰ ਮੁਖ਼ਾਲਫਤ ਅਤੇ ਦੂਸਰੀ, ਗੁਰਬਾਣੀ ਦਾ ਜਮਾਤੀ ਪੈਂਤੜਾ ।**

| ਰਬ/ਨੇਕੀ | ਮਾਇਆ/ਬਦੀ |
|---|---|
| ਨਾਮ | ਹਉਮੈ |
| ਮਨੁਖੀ ਰੂਪ : ਸਤਿਗੁਰੂ, ਸੰਤ ਭਗਤ, ਬ੍ਰਹਮ-ਗਿਆਨੀ -- ਗੁਰਮੁਖ | ਮਨੁਖੀ ਰੂਪ -- ਮਨਮੁਖ |
| ਮਨੁਖੀ ਬਣਤਰ -- ਨਾਮ ਦਾ ਸਰੂਪ | ਮਨੁਖੀ ਬਣਤਰ -- ਹਉਮੈ ਦਾ ਸਰੂਪ |
| ਮਨੁਖੀ ਮਨੋਰਥ -- ਦਇਆ ਸੰਤੋਖ | ਮਨੁਖੀ ਮਨੋਰਥ -- ਕਾਮ ਕ੍ਰੋਧ ਲੋਭ ਮੋਹ ਹੰਕਾਰ |
| ਸਮਾਜਕ ਮਨੁਖੀ ਰਿਸ਼ਤੇ -- ਸਰਬਤ ਦੇ ਪਿਆਰ ਤੇ ਆਧਾਰਤ | ਸਮਾਜਕ ਮਨੁਖੀ ਰਿਸ਼ਤੇ -- ਕਾਮ ਕ੍ਰੋਧ, ਲੋਭ ਮੋਹ ਹੰਕਾਰ ਤੇ ਆਧਾਰਤ ਰਿਸ਼ਤਿਆਂ ਵਿਚ ਪੈਸੇ ਤੇ ਪਦਾਰਥਾਂ ਦਾ ਵਿਚੋਲਪੁਣਾਂ |
| ਕੰਮ -- ਸਤਿਗੁਰੂ ਦੀ ਸੇਵਾ | ਕੰਮ -- ਗੁੱਲਮ, ਧੰਧਾ |
| ਪੈਦਾਵਾਰ ਦੀ ਵੰਡ -- ਮਨੁਖੀ ਜ਼ਿੰਦਗੀ ਦੇ ਵਸੀਲੇ ਸਾਂਝੇ | ਪੈਦਾਵਾਰ ਦੀ ਵੰਡ -- ਕਾਂਣੀ |
| ਸੰਸਥਾਵਾਂ | ਸੰਸਥਾਵਾਂ |
| 1. ਸਟੇਟ -- ਨਾਮ ਅਨੁਸਾਰੀ | 1. ਸਟੇਟ -- ਮਾਇਆ ਅਨੁਸਾਰੀ |
| 2. ਵਿਆਹ — ਨਾਮ ਅਨੁਸਾਰੀ | 2. ਵਿਆਹ — ਮਾਇਆ ਅਨੁਸਾਰੀ |
| 3. ਵਿਚਾਰਧਾਰਕ ਅਡੰਬਰ -- ਮਜ਼੍ਹਬ -- ਨਾਮ-ਅਨੁਸਾਰੀ | 3. ਵਿਚਾਰਧਾਰਕ ਅਡੰਬਰ — ਮਜ਼੍ਹਬ — ਮਾਇਆ ਅਨੁਸਾਰੀ |
| ਕਲਚਰ ਦਾ ਮੂਲ-ਮਨੁਖੀ ਏਕਤਾ, ਪਿਆਰ | ਕਲਚਰ ਦਾ ਮੂਲ — ਪੈਸੇ, ਪਦਾਰਥਾਂ ਦੀ ਹਵਸ |
| ਸਮਾਜ ਦੀ ਦਸ਼ਾ -- ਮਨੁਖ ਬਰਾਦਰੀ, ਸਰਬਤ ਦਾ ਸੁਖ, ਸਰਬਤ ਦੀ ਸਫਲਤਾ, ਆਜ਼ਾਦੀ | ਸਮਾਜ ਦੀ ਦਸ਼ਾ — ਜਮਾਤੀ ਵਿਰੋਧ, ਵਹਿਸ਼ਤ ਦਾ ਪ੍ਰਵੇਸ਼, ਮਨੁਖ ਦੀ ਗੁਲਾਮੀ । |



ਜਦੋਂ ਸਮਾਜ ਵਿਚ ਜਮਾਤੀ ਅੰਗ ਆਣ ਮੂੰਹ ਵਿਖਾਉਂਦਾ ਹੈ ਤਾਂ 'ਸਾਇਰ ਦੀ ਪੁਤ੍ਰੀ', ਮਾਇਆ ਮਨੁਖ ਨੂੰ ਉਸ ਦੇ ਸਹੀ ਸਥਾਨ, ਜ਼ਿੰਦਗੀ ਦੇ ਕੇਂਦਰ, ਵਿਚੋਂ ਮਖਣ ਵਿਚੋਂ ਵਾਲ ਕਢਣ ਵਾਂਗ ਲਾਂਭੇ ਕਢਕੇ ਉਸ ਦਾ ਥਾਂ ਆਪ ਮਲ ਲੈਂਦੀ ਹੈ । ਸਮਾਜ ਵਿਚ ਆਂਪਣੀ ਸਰਦਾਰੀ ਸਥਾਪਤ ਕਰ ਲੈਂਦੀ ਹੈ ਅਤੇ ਮਨੁਖ ਨੂੰ ਆਪਣਾ ਦਾਸ ਬਣਾ ਲੈਂਦੀ ਹੈ । 'ਵੇਸ ਕਰੇ ਬਹੁ ਰੂਪ ਵਿਖਾਵੈ, ਗ੍ਰਿਹਿ ਬਸਨਿ ਨ ਦੇਈ ਵਖ ਵਖ ਭਰਮਾਵੈ । ਘਰ ਕੀ ਨਾਇਕਿ ਘਰ ਵਾਸੁ ਨ ਦੇਵੈ । ਜਤਨ ਕਰਉ ਉਹ ਲਾਇ ਪਰੇਵੈ ।'' ਚੂੰਕਿ ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦਾ ਆਪਸ ਵਿਚ ਰਿਸ਼ਤਾ ਸਿਧਿਉਂ ਪੁਠਾ ਹੋ ਜਾਂਦਾ ਹੈ, ਸਮਾਜ ਦੀ ਤੋਰ ਪੁਠੀ ਤੁਰਨ ਲੱਗ ਪੈਂਦੀ ਹੈ । ਸਮਾਜ ਦਾ ਕੰਮ, ਸਮਾਜਕ ਰਿਸ਼ਤੇ, ਤੇ ਸਮਾਜਕ ਸੰਸਥਾਵਾਂ ਜੋ ਕਿ ਮਨੁਖ ਦੀ ਸਫਲਤਾ ਦਾ, ਉਸ ਦੀ ਆਜ਼ਾਦੀ ਦਾ ਵਸੀਲਾ ਸਨ, ਸਭ ਉਸ ਦੀ ਫਾਹੀ ਬਣ ਤੁਰਦੇ ਹਨ । ਮਨੁਖ ਦੀ ਜ਼ਿੰਦਗੀ ਦਾ ਮਨੋਰਥ ਹੀ ਪੁਠਾ ਹੋ ਜਾਂਦਾ ਹੈ । ਸਮਾਜਕ ਮਨੁਖੀ ਜ਼ਿੰਦਗੀ ਦਾ ਮਨੋਰਥ ਮਨੁਖ ਦੀ ਮਨੁਖਤਾ, ਉਸ ਦੀ ਆਜ਼ਾਦੀ ਉਸਾਰਨ ਦੀ ਥਾਂ ਜ਼ਾਤੀ ਜਾਇਦਾਦ ਬਣਾਉਣਾ ਹੋ ਜਾਂਦਾ ਹੈ । ਮਨੁਖ ਦੀ ਜ਼ਿੰਦਗੀ ਦੇ ਵਸੀਲੇ ਸਾਂਝੇ ਨਹੀਂ ਰਹਿੰਦੇ । 'ਸਹੁਰੜੀ ਵਥੁ ਸਭੁ ਕਿਛੁ ਸਾਂਝੀ ਪੇਵਕੜੈ ਧਨ ਵਖੇ । ਆਪ ਕੁਚੱਜੀ ਦੋਸ਼ ਨ ਦੇਊ ਜਾਣਾ ਨਾਹੀ ਰਖੇ ।'' ਪੈਦਾਵਾਰ ਦੀ ਵੰਡ ਕਾਣੀ ਹੋ ਜਾਂਦੀ ਹੈ । ''ਫ਼ਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੂਣੁ । ਅਗੈ ਗਏ ਸਿਞਾਪਸਨਿ ਚੋਟਾ ਖਾਸੀ ਕਉਣੁ ।' ਇਕ ਪਾਸੇ ਮਾਇਆਧਾਰੀ ਹੋ ਜਾਂਦੇ ਹਨ ਅਤੇ ਦੂਸਰੇ ਪਾਸੇ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ।'

ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਦੇ ਵਿਰੁਧ ਨਾਮ ਵਾਲੀ ਤਰਜ਼ੇ-ਜ਼ਿੰਦਗੀ ਵਿਚ ਮਨੁਖ ਆਪਣੇ ਸਹੀ ਸਥਾਨ 'ਤੇ ਹੁੰਦਾ ਹੈ । ਸਮਾਜ ਵਿਚ ਸਰਦਾਰੀ ਉਸ ਦੀ ਹੁੰਦੀ ਹੈ ਅਤੇ ਮਾਇਆ ਉਸ ਦੀ ਦਾਸੀ ਹੁੰਦੀ ਹੈ । 'ਘਰੁ ਮੇਰਾ ਇਹ ਨਾਇਕਿ ਹਮਾਰੀ । ਇਹ ਆਮਰਿ ਹਮ ਗੁਰਿ ਕੀਏ ਦਰਬਾਰੀ ।' ਮਨੁਖ ਦੀ ਜ਼ਿੰਦਗੀ ਦੇ ਵਸੀਲੇ ਸਾਂਝੇ ਹੁੰਦੇ ਹਨ ਅਤੇ ਮਨੁਖੀ ਲੋੜ ਅਨੁਸਾਰ ਵਰਤੀਂਦੇ ਹਨ । ਜ਼ਿੰਦਗੀ ਦਾ ਮਨੋਰਥ ਜ਼ਾਤੀ ਜਾਇਦਾਦ ਬਣਾਉਣਾ ਨਹੀਂ, ਬਲਕਿ ਨਾਮ ਗ੍ਰਹਿਣ ਕਰਨਾ ਹੁੰਦਾ ਹੈ, ਸਰਬਤ ਵਿਚ ਰਬ ਨੂੰ ਵੇਖਣਾ ਹੁੰਦਾ ਹੈ, ਸਮਾਜਕ ਮਨੁਖੀ ਜ਼ਿੰਦਗੀ ਨੂੰ ਪਿਆਰ ਦੇ ਆਧਾਰ 'ਤੇ ਚਲਾਉਣਾ ਹੁੰਦਾ ਹੈ । ਸਭ ਸਮਾਜਕ ਮਨੁਖੀ ਰਿਸ਼ਤਿਆਂ ਦਾ, ਸੰਸਥਾਵਾਂ ਦਾ ਆਧਾਰ ਪਿਆਰ ਹੁੰਦਾ ਹੈ । **ਉਸਰਦੀ ਮਨੁਖ ਦੀ ਮਨੁਖਤਾ, ਉਸ ਦੀ ਆਜ਼ਾਦੀ ਹੈ । ਅਤੇ ਸਭ ਮਨੁੱਖਾਂ ਦੀ ਸਾਂਝੀ ।**

ਜ਼ਿਸ ਚੀਜ਼ ਨੂੰ ਸਮਾਜ ਜ਼ਿੰਦਗੀ ਦਾ ਮਨੋਰਥ ਸਥਾਪਤ ਕਰ ਦੇਵੇ, ਉਸ ਦੇ ਵਾਸਤੇ ਮਨੁਖ ਦਾ ਮੋਹ ਹੋਣਾ ਲਾਜ਼ਮੀ ਹੈ । ਸੋ ਜਮਾਤੀ ਸਮਾਜ ਦਾ, ਮਾਇਆ ਦੀ ਤਰਜ਼ੇ-ਜ਼ਿੰਦਗੀ ਦਾ ਮਨੁਖ ਮਾਇਆ ਦੇ ਮੋਹ ਦਾ ਸਰੂਪ ਹੋ ਜਾਂਦਾ ਹੈ । ਸਮਾਜ ਦੇ ਜਮਾਤੀ ਅੰਗ ਦਾ ਅਤੇ ਮਾਇਆ ਦੇ ਮੋਹ ਦਾ ਆਪਸ ਵਿਚ ਨੀਂਹ ਤੇ ਉਸਾਰ ਵਾਲਾ ਡਾਇਲੈਕਟੀਕਲ ਰਿਸ਼ਤਾ ਹੈ । ਇਹ ਦੋਵੇਂ ਇਕ ਦੂਸਰੇ ਨੂੰ ਪੈਦਾ ਕਰਦੇ, ਉਭਾਰਦੇ, ਪੱਕਿਆਂ ਕਰਦੇ ਹਨ । ਇਕ ਦੂਸਰੇ ਨਾਲ ਪ੍ਰਸਪਰ ਤੌਰ ਤੇ ਸਬੰਧਤ ਤੁਰੇ ਜਾਂਦੇ ਹਨ । ਸਮਾਜ ਦੀ ਤੋਰ ਤੇ ਮਨੁਖੀ ਬਣਤਰ ਇਕ ਦੂਸਰੇ ਦਾ ਅਕਸ ਹੁੰਦੇ ਹਨ । ਮਾਇਆ ਦੀ ਤਰਜ਼ੇ-ਜ਼ਿੰਦਗੀ ਮਨੁਖ ਵਿਚ ਮਾਇਆ ਦੇ ਮੋਹ ਨੂੰ ਉਸਾਰਦੀ, ਪੱਕਿਆਂ ਕਰਦੀ ਹੈ । ਇਸ ਦੇ ਐਨ ਵਿਰੁਧ ਨਾਮ ਦੀ ਤਰਜ਼ੇ-ਜ਼ਿੰਦਗੀ ਮਨੁਖ ਵਿਚੋਂ ਮਾਇਆ ਦੇ ਮੋਹ ਤੇ ਹਉਮੈ ਦਾ ਬੀਜ ਨਾਸ ਕਰਦੀ ਹੈ । ਮਾਇਆ ਦੀ ਤਰਜ਼ੇ-ਜ਼ਿੰਦਗੀ ਮਨੁਖ ਦੀ ਬਣਤਰ ਹਉਮੈ ਵਾਲੀ, ਖ਼ੁਦਗਰਜ਼ੀ ਵਾਲੀ

ਬਣਾਉਂਦੀ ਹੈ। ਉਸ ਨੂੰ ਕਾਮ ਕ੍ਰੋਧ ਲੋਭ ਮੋਹ, ਹੰਕਾਰ ਆਦਿ ਮਨੋਰਥਾਂ ਦੇ ਆਧਾਰ 'ਤੇ ਚਲਾਉਂਦੀ ਹੈ। ਨਾਮ ਦੀ ਤਰਜ਼ੇ-ਜ਼ਿੰਦਗੀ ਹਉਮੈ ਨੂੰ ਸਤਿਗੁਰੂ ਦੇ ਸ਼ਬਦ ਨਾਲ ਸਾੜਦੀ ਹੈ। ਕਾਮ ਕ੍ਰੋਧ ਲੋਭ ਮੋਹ, ਹੰਕਾਰ ਆਦਿ ਨੂੰ ਮਨੁਖ ਦੇ ਮਨ ਵਿਚੋਂ ਖਤਮ ਕਰਦੀ ਹੈ। ਮਨੁਖ ਨੂੰ ਸਰਬਤ ਦੇ ਪਿਆਰ ਦਾ ਸਰੂਪ ਬਣਾਉਂਦੀ ਹੈ। ਉਸ ਦੇ ਮਨੋਰਥ ਦਇਆ ਤੇ ਸੰਤੋਖ ਨੂੰ ਬਣਾਉਂਦੀ ਹੈ।

ਮਨਮੁਖ ਦੀ ਬਣਤਰ ਗੁਰਮੁਖ ਦੀ ਬਣਤਰ ਦੇ ਐਨ ਵਿਰੁਧ ਹੈ। ਮਾਇਆ ਦੀ ਤਰਜ਼ੇ-ਜ਼ਿੰਦਗੀ ਮਨੁਖ ਨੂੰ ਮਨੁਖ ਨਹੀਂ ਰਹਿਣ ਦੇਂਦੀ। 'ਕਲੀ ਅੰਦਰ ਨਾਨਕਾ ਜਿਨ੍ਹਾ ਦਾ ਅਉਤਾਰ। ਪੁਤ ਜਿਨੂਰਾ ਧੀ ਜਿਨੂਰੀ ਜੋਰੂ ਜਿਨ੍ਹਾ ਦਾ ਸਿਕਦਾਰ।'' ''ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।'' ''ਇਕੁ ਸੁਆਨੁ ਦੁਇ ਸੁਆਨੀ ਨਾਲਿ। ਭਲਕੇ ਭਉਕੀ ਸਦਾ ਬਇਆਲਿ। ਕੂੜ ਛੁਰਾ ਮੁਠਾ ਮੁਰਦਾਰੁ ਧਾਣਕ ਰੂਪਿ ਰਹਾ ਕਰਤਾਰ। ਮਾਣਸ ਮੂਰਤ ਨਾਨਕ ਨਾਮੁ ਕਰਣੀ ਕੁਤਾ ਦਰ ਫੁਰਮਾਨ।'' ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਮਨੁਖ ਨੂੰ ਵਹਿਸ਼ੀ ਬਣਾ ਧਰਦੀ ਹੈ, ਮਾਇਆ ਧਾਰੀ ਨੂੰ ਮਾਣਸ ਖਾਣਾ ਬਣਾ ਦੇਂਦੀ ਹੈ ਅਤੇ ਗਿਆਨ ਵਿਹੂਣੀ ਰਈਅਤ ਨੂੰ ਉਸ ਦਾ ਸ਼ਿਕਾਰ। ਆਪੋ ਆਪਣੇ ਤਰੀਕੇ ਨਾਲ ਦੋਹਾਂ ਧਿਰਾਂ ਨੂੰ ਮਨੁਖੀ ਪਧਰ ਤੋਂ ਹੈਵਾਨੀ ਪੱਧਰ 'ਤੇ ਲੈ ਜਾ ਬਸ ਕਰਦੀ ਹੈ। ਦੂਸਰੇ ਪਾਸੇ ਨਾਮ ਵਾਲੀ ਤਰਜ਼ੇ-ਜ਼ਿੰਦਗੀ ਦਾ ਕਰਤਵ ਇਸ ਦੇ ਐਨ ਉਲਟ ਹੈ। 'ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ।'' ''ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ। ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ।''

ਦੋਹਾਂ ਤਰਜ਼ੇ-ਜ਼ਿੰਦਗੀਆਂ ਦੇ ਸਿਰਜੇ ਮਨੁਖਾਂ ਦਾ ਆਪਸ ਵਿਚ ਫਰਕ, ਆਪਸ ਵਿਚ ਵਿਰੋਧ ਸਪਸ਼ਟ ਹੈ। ਸਮਾਜਕ ਮਨੁਖੀ ਰਿਸ਼ਤੇ ਮਨੁਖੀ ਮਨੋਰਥਾਂ ਦੇ ਆਧਾਰ ਉਤੇ ਹੀ ਉਸਰਦੇ, ਵਿਕਾਸ ਵਿਚ ਆਉਂਦੇ ਹਨ। ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਸਮਾਜਕ ਮਨੁਖੀ ਰਿਸ਼ਤੇ ਮਨੁਖ ਵਾਸਤੇ ਗੁਲਾਮੀ ਦੀ ਫਾਹੀ ਹੁੰਦੇ ਹਨ। ਇਨ੍ਹਾਂ ਰਿਸ਼ਤਿਆਂ ਰਾਹੀਂ ਅਤੇ ਇਸ ਤਰਜ਼ੇ-ਜ਼ਿੰਦਗੀ ਦੇ ਮਨੁਖ ਦੇ ਮਨ ਵਿਚ ਪਾਏ ਮਨੋਰਥਾਂ ਦੇ ਅਧੀਨ ਜੋ ਜੋ ਕਰਨੀ ਵੀ ਮਨੁਖ ਕਰਦਾ ਹੈ ਉਹ ਉਸ ਦੀ ਗੁਲਾਮੀ ਦੀਆਂ ਜੰਜੀਰਾਂ ਨੂੰ ਹੀ ਪੱਕਿਆਂ ਕਰਦੀ ਹੈ। ''ਭੂਲਿਓ ਮਨੁ ਮਾਇਆ ਉਰਝਾਇਓ। ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।''

**ਸਮਾਜ ਦਾ ਕੰਮ** ਜੋ ਕਿ ਸਾਰੇ ਸਮਾਜ ਦੀ ਜ਼ਿੰਦਗੀ ਦੀ ਨੀਂਹ ਹੈ, ਅਤੇ ਜਿਸ ਨੇ ਇਤਿਹਾਸਕ ਤੌਰ ਤੇ ਮਨੁਖ ਨੂੰ ਪਸ਼ੂ ਤੋਂ ਮਨੁਖ ਬਣਾਇਆ ਹੈ ਉਹ ਇਸ ਤਰਜ਼ੇ-ਜ਼ਿੰਦਗੀ ਵਿਚ ਸਹੀ ਅਰਥਾਂ ਵਿਚ ਕੰਮ ਹੀ ਨਹੀਂ ਰਹਿੰਦਾ; ਗੁਲੱਮ ਹੋ ਜਾਂਦਾ ਹੈ। ਜਿੰਨਾ ਕੋਈ ਇਸ ਗੁਲੱਮ ਵਿਚ ਗੁਸਦਾ ਹੈ, ਉਨਾਂ ਹੀ ਜ਼ਿਆਦਾ ਉਹ ਗੁਲਾਮੀ ਵਿਚ ਧਸਦਾ ਹੈ। ਇਸ ਵਾਸਤੇ ਹੀ ਗੁਰਬਾਣੀ ਇਸ ਤਰਜ਼ੇ-ਜ਼ਿੰਦਗੀ ਦੇ ਕੰਮ ਨੂੰ **'ਧੰਧਾ'** ਕਰਾਰ ਦੇਂਦੀ ਹੈ, ਇਸ ਨੂੰ ਨਿੰਦਦੀ ਹੈ। ਆਮ ਬੋਲੀ ਵਿਚ ਪੌਰਖ ਚੰਗਾ ਸਮਝਿਆ ਜਾਂਦਾ ਹੈ। ਉੱਦਮ ਕਰਨ ਨੂੰ ਸਲਾਹਿਆ ਜਾਂਦਾ ਹੈ। ਪਰ ਮਨਮੁਖ ਦੇ ਉੱਦਮ ਤੇ ਪੌਰਖ ਨੂੰ ਗੁਰਬਾਣੀ 'ਭਟਕਣਾ' ਕਰਾਰ ਦੇਂਦੀ ਹੈ। ਉਸ ਦੇ ਸਿਰ ਘੱਟਾ ਪਾਉਂਦੀ ਹੈ। ਇਸ ਵਾਸਤੇ ਕਿ ਬਦ ਮਨੋਰਥਾਂ ਦੇ ਅਧੀਨ ਜੋ ਵੀ ਮਨੁਖ ਕਰੇਗਾ, ਬਦੀ ਹੀ ਖਿਲਾਰੇਗਾ। ਬਦ ਆਦਮੀ ਜਿੰਨਾ ਜ਼ਿਆਦਾ ਉਦਮੀ ਹੋਵੇਗਾ ਉਤਨੀ ਹੀ ਜ਼ਿਆਦਾ ਉਹ ਬਦੀ ਫੈਲਾਇਗਾ। ਇਸ 'ਧੰਧੇ' ਦੇ ਮੁਕਾਬਲੇ ਉਤੇ ਨਾਮ ਦੀ ਤਰਜ਼ੇ-ਜ਼ਿੰਦਗੀ ਵਿਚਲੇ ਕੰਮ ਨੂੰ ਗੁਰਬਾਣੀ ਸਤਿਗੁਰੂ ਦੀ ਸੇਵਾ ਕਹਿੰਦੀ ਹੈ। ਇਹ ਕੰਮ ਸਚ ਦੀ, ਸਰਬਤ ਦੀ ਸੇਵਾ ਹੈ। ਸਰਬਤ ਦੇ ਪਿਆਰ ਦੇ ਅਧੀਨ ਕੀਤਾ ਹੋਇਆ ਕੰਮ ਮਨੁਖਤਾ ਦੀ, ਮਨੁਖ ਦੀ ਆਜ਼ਾਦੀ ਦੀ ਉਸਾਰੀ ਹੈ। ਮਨੁਖ ਦੀ



ਸਫਲਤਾ ਹੈ। ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਮਾਇਆ ਦੇ ਮੋਹ ਦੀ ਥਾਂ ਮਨੁਖ ਦਾ ਮੂਲ ਮਨੋਰਥ ਸਰਬਤ ਦਾ ਪਿਆਰ ਹੈ। ਉਸ ਤਰਜ਼ੇ-ਜ਼ਿੰਦਗੀ ਵਿਚ ਸਭ ਸਮਾਜਕ ਮਨੁਖੀ ਰਿਸ਼ਤੇ, ਸਭ ਸੰਸਥਾਵਾਂ ਸਰਬਤ ਦੇ ਪਿਆਰ ਤੇ ਆਧਾਰਤ ਹੁੰਦੀਆਂ ਹਨ। ਸਰਬਤ ਦੇ ਪਿਆਰ ਦੇ ਆਧਾਰ ਤੇ ਕੀਤਾ ਕੰਮ ਹੀ ਸਹੀ ਅਰਥਾਂ ਵਿਚ ਕੰਮ ਹੁੰਦਾ ਹੈ। ਸਰਬਤ ਦੀ ਸੇਵਾ ਹੁੰਦਾ ਹੈ। ਇਸ ਕੰਮ ਵਿਚ ਕੰਮ ਕਰਨ ਵਾਲੇ ਦੀ ਤੇ ਜਿਨ੍ਹਾਂ ਵਾਸਤੇ ਕੀਤਾ ਜਾਂਦਾ ਹੈ, ਦੋਹਾਂ ਧਿਰਾਂ ਦੀ, ਸਰਬਤ ਦੀ ਸਫਲਤਾ ਹੁੰਦੀ ਹੈ। ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਸਮਾਜਕ ਮਨੁਖੀ ਰਿਸ਼ਤੇ ਤੇ ਸਮਾਜਕ ਸੰਸਥਾਵਾਂ ਚੂੰਕਿ ਨਾਮ 'ਤੇ, ਸਰਬਤ ਦੇ ਪਿਆਰ 'ਤੇ ਆਧਾਰਤ ਹੁੰਦੀਆਂ ਹਨ, ਉਹ ਗੁਲਾਮੀ ਦੀਆਂ ਫਾਹੀਆਂ ਦੀ ਥਾਂ ਮਨੁਖ ਦੀ ਆਜ਼ਾਦੀ ਦਾ, ਉਸ ਦੀ ਸਫਲਤਾ ਦਾ ਵਸੀਲਾ ਹੁੰਦੀਆਂ ਹਨ। ਇਸ ਤਰਜ਼ੇ-ਜ਼ਿੰਦਗੀ ਵਿਚ ਮਨੁਖ, ਗੁਰਮੁਖ ਜਿੰਨਾ ਵੀ ਉੱਦਮ ਕਰੇ, ਜਿੰਨਾਂ ਵੀ ਪੌਰਖੀ ਹੋਵੇ, ਉਨਾ ਹੀ ਥੋੜਾ ਹੈ। ਉਹ ਜੋ ਵੀ ਕਰੇਗਾ ਨੇਕੀ ਦਾ ਕੰਮ ਹੀ ਕਰੇਗਾ; ਮਨੁਖਤਾ, ਮਨੁਖ ਦੀ ਆਜ਼ਾਦੀ ਹੀ ਉਸਾਰੇਗਾ। ਬਦੀ ਦਾ ਬੀਜ ਨਾਸ ਕਰੇਗਾ।

ਸਾਰੀ ਤਰਜ਼ੇ-ਜ਼ਿੰਦਗੀ ਇਕ ਇਕਾਈ ਹੁੰਦੀ ਹੈ। ਉਸ ਦੀ ਤੋਰ, ਤਾਸੀਰ, ਇਕ ਹੀ ਹੁੰਦੀ ਹੈ। ਕੰਮ ਹੋਵੇ, ਸਮਾਜਕ ਰਿਸ਼ਤੇ, ਸਮਾਜਕ ਸੰਸਥਾਵਾਂ, ਮਨੁਖ ਦੀ ਬਣਤਰ, ਉਸ ਦੇ ਮਨੋਰਥ, ਗਲ ਕੀ ਤਰਜ਼ੇ-ਜ਼ਿੰਦਗੀ ਦਾ ਕੋਈ ਅੰਗ ਪਖ ਵੀ ਹੋਵੇ, ਉਸ ਦੀ ਤਾਸੀਰ ਹਰ ਥਾਂ ਪ੍ਰਵੇਸ਼ ਕਰਦੀ ਹੈ। ਜਿਸ ਤਰ੍ਹਾਂ ਇਨ੍ਹਾਂ ਦੋਹਾਂ ਤਰਜ਼ੇ-ਜ਼ਿੰਦਗੀਆਂ ਦੇ ਮਨੁਖਾਂ ਦੀ ਕਿਸਮ, ਉਨ੍ਹਾਂ ਦੇ ਮਨੋਰਥਾਂ, ਸਮਾਜਕ ਰਿਸ਼ਤਿਆਂ ਆਦਿ ਦਾ ਆਪਸ ਵਿਚ ਮੁਢੋਂ ਲੈ ਕੇ ਅਖੀਰ ਤਕ ਵਿਰੋਧ ਹੈ, ਇਸ ਤਰ੍ਹਾਂ ਹੀ ਇਨ੍ਹਾਂ ਤਰਜ਼ੇ-ਜ਼ਿੰਦਗੀਆਂ ਦੀਆਂ ਸਮਾਜਕ ਸੰਸਥਾਵਾਂ ਦੀ ਤਾਸੀਰ ਦੀ ਆਪਸ ਵਿਚ ਕੋਈ ਸਾਂਝ ਨਹੀਂ ਹੈ। ਮਿਸਾਲ ਵਜੋਂ ਤਿੰਨ ਸੰਸਥਾਵਾਂ ਲਈਆਂ ਜਾ ਸਕਦੀਆਂ ਹਨ। **ਸਟੇਟ, ਕਲਚਰ** — ਵਿਚਾਰਧਾਰਕ ਅਡੰਬਰ, ਅਤੇ ਪਤੀ ਪਤਨੀ ਦਾ ਰਿਸ਼ਤਾ — **ਵਿਆਹ**।

ਮਾਇਆ ਦੀ ਤਰਜ਼ੇ-ਜ਼ਿੰਦਗੀ ਵਿਚ ਹਰ ਸਮਾਜਕ ਰਿਸ਼ਤਾ, ਹਰ ਸੰਸਥਾ, ਸਭ ਕੁਛ ਹੀ ਵਸੋਂ ਵਾਸਤੇ ਫਾਹੀ ਹੈ। **ਸਟੇਟ** ਸਭ ਸੰਸਥਾਵਾਂ ਨਾਲੋਂ ਸਿਖਰ ਤੇ ਹੁੰਦਾ ਹੈ, ਸਭ ਨਾਲੋਂ ਤਾਕਤਵਰ ਹੁੰਦੀ ਹੈ। ਮਾਇਆ ਦੀ ਤਰਜ਼ੇ-ਜ਼ਿੰਦਗੀ ਵਿਚ ਸਟੇਟ ਸਭ ਨਾਲੋਂ ਜ਼ਿਆਦਾ ਚੜਵੇ ਵੱਢ ਹੁੰਦੀ ਹੈ। ਰਾਜੇ ਸੀਂਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ। ਚਾਕਰ ਨਹ ਦਾ ਪਾਇਨਿ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ।'' ''ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡਰਿਆ।'' ਇਹ ਸਟੇਟ ਵਸੋਂ 'ਤੇ ਹਰ ਤਰ੍ਹਾਂ ਛਾਪਾ ਮਾਰਦੀ ਹੈ। ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਰਖਦੀ ਹੈ। ਉਸ ਦੇ ਸਿਰ 'ਤੇ ਸਵਾਰ ਰਹਿੰਦੀ ਹੈ। ਦਾਹਵਾ ਇਹ ਕਰਦੀ ਹੈ ਕਿ ਇਹ ਰਈਅਤ ਦੀ ਮਾਈ ਬਾਪ ਹੈ, ਪਰ ਅਸਲ ਵਿਚ ਹੁੰਦੀ ਹੈ ਰਈਅਤ ਦੀ ਵੈਰਨ। ਇਸ ਦੇ ਮੁਕਾਬਲੇ ਉਤੇ ਨਾਮ ਵਾਲੀ ਤਰਜ਼ੇ-ਜ਼ਿੰਦਗੀ ਵਿਚ ਸਟੇਟ ਸਤਿਗੁਰੂ ਹੈ। ਉਹ ਸੱਚਾ ਪਾਤਸ਼ਾਹ ਹੈ, ਉਸ ਦੇ ਮੁਕਾਬਲੇ ਤੇ ਮਾਇਆ ਦੀ ਤਰਜ਼ੇ-ਜ਼ਿੰਦਗੀ ਦਾ ਬਾਦਸ਼ਾਹ ਝੂਠਾ ਪਾਤਸ਼ਾਹ ਹੁੰਦਾ ਹੈ। ਸਤਿਗੁਰੂ ਸੱਚਾ ਪਾਤਸ਼ਾਹ ਇਸ ਵਾਸਤੇ ਹੈ ਕਿ ਉਹ ਨਾਮ ਦੇਂਦਾ ਹੈ। ਨਾਮ ਗ੍ਰਹਿਣ ਕਰਕੇ ਮਨੁਖ ਮਾਇਆ ਦੇ ਬੰਧਨ ਨੂੰ ਆਪਣੇ ਦਵਾਲਿਉਂ ਤੋੜਦਾ ਹੈ, ਆਜ਼ਾਦ ਹੁੰਦਾ ਹੈ। ਸਤਿਗੁਰੂ ਸਰਬਤ ਦੇ ਪਿਆਰ 'ਤੇ ਆਧਾਰਤ ਤਰਜ਼ੇ-ਜ਼ਿੰਦਗੀ ਉਸਾਰਨ ਵਾਸਤੇ ਜੂਝਦਾ ਹੈ। ਪ੍ਰਬੰਧਕ ਤੌਰ ਤੇ ਉਹ ਪਾਤਸ਼ਾਹ ਰਹਿਣਾ ਹੀ ਨਹੀਂ ਚਾਹੁੰਦਾ। ਹਰ ਮੁਮਕਿਨ ਕੋਸ਼ਿਸ਼ ਨਾਲ ਉਹ ਚਾਹੁੰਦਾ ਹੈ ਕਿ ਸਭ ਦੁਨੀਆਂ ਉਤੇ ਸੰਤ ਭਗਤ ਹੀ ਵਸਣ ਅਤੇ ਸਟੇਟ ਦੀ ਲੋੜ ਹੀ ਨਾ ਹੋਵੇ। ਉਹ ਪਾਤਸ਼ਾਹੀ ਭਗਤ ਜਨਾਂ ਨੂੰ ਦੇਂਦਾ ਹੈ। ਸੰਗਤ

ਇੱਕੋ ਹਿੱਸੇ ਹੁੰਦੀ ਹੈ ਅਤੇ ਗੁਰੂ ਵੀਹ ਹਿੱਸੇ ।

**ਕਲਚਰ** ਦਾ ਰੂਪ, ਵਿਚਾਰਧਾਰਕ ਅਡੰਬਰ ਉਸ ਵੇਲੇ ਮਜ਼ਬੀ ਸੀ । ਮਾਇਆ ਦੇ ਨਿਜ਼ਾਮ ਵਿਚ ਕਾਬਜ਼ ਮਜ਼ਬੀ ਸੰਸਥਾਵਾਂ ਸਟੇਟ ਵਾਂਗ ਹੀ ਰਈਅਤ ਵਾਸਤੇ ਉਜਾੜੇ ਦੀ ਥਾਂ ਹੁੰਦੀਆਂ ਹਨ । 'ਕਾਦੀ ਕੂੜੁ ਬੋਲਿ ਮਲੁ ਖਾਇ । ਬ੍ਰਾਹਮਣ ਨਾਵੈ ਜੀਆ ਘਾਇ । ਜੋਗੀ ਜੁਗਤਿ ਨ ਜਾਣੈ ਅੰਧੁ । ਤੀਨੇ ਉਜਾੜੇ ਦਾ ਬੰਧੁ ।'' "ਕੂੜ ਬੋਲਿ ਮੁਰਦਾਰੁ ਖਾਇ । ਅਵਰੀ ਨੋ ਸਮਝਾਵਣਿ ਜਾਇ । ਮੁਠਾ ਆਪਿ ਮੁਹਾਏ ਸਾਥੈ । ਨਾਨਕ ਐਸਾ ਆਗੂ ਜਾਪੈ ।'' ਇਸ ਦੇ ਵਿਰੁਧ ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਮਜ਼ਬੀ ਸੰਸਥਾ ਸਤਿਗੁਰੂ ਸੀ । ਉਹ ਨਾਮ ਦਾ ਪ੍ਰਵੇਸ਼ ਕਰਾਉਂਦਾ ਸੀ । ਉਸ ਤਰਜ਼ੇ-ਜ਼ਿੰਦਗੀ ਵਿਚ 'ਸਾਹੁਰੜੀ ਵਥੁ ਸਭੁ ਕਿਛੁ ਸਾਝੀ'' ਹੈ । ਕਿਸੇ ਦੇ ਉਜਾੜੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਟੇਟ ਤੇ ਕਲਚਰ ਦੇ ਨਾਲ ਤੀਸਰੀ ਸੰਸਥਾ **ਇਸਤਰੀ ਮਰਦ ਦਾ ਰਿਸ਼ਤਾ** ਹੈ । ਮਾਇਆ ਦੀ ਤਰਜ਼ੇ-ਜ਼ਿੰਦਗੀ ਵਿਚ ਇਸ ਦੀ ਤਾਸੀਰ ਇਸ ਦੀ ਸਟੇਟ ਦੀ ਤਾਸੀਰ ਨਾਲੋਂ ਵਖਰੀ ਨਹੀਂ ਹੋ ਸਕਦੀ । ਮਾਇਆ ਦੀ ਕਰਨੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਲਾਜ਼ਮੀ ਇਕੋ ਹੀ ਹੋਵੇਗੀ । 'ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ।'' ਇਸ ਤਰਜ਼ੇ-ਜ਼ਿੰਦਗੀ ਵਿਚ ਮਰਦ ਸ਼ਿਕਾਰੀ ਹੈ ਅਤੇ ਉਹ ਔਰਤ ਦਾ ਸ਼ਿਕਾਰ ਕਰਦਾ ਹੈ । ਇਸ ਦੇ ਵਿਰੁਧ ਨਾਮ ਵਾਲੀ ਤਰਜ਼ੇ-ਜ਼ਿੰਦਗੀ ਵਿਚ ਪਤੀ ਪਤਨੀ ਦਾ ਰਿਸ਼ਤਾ ਪ੍ਰਸਪਰ ਪਿਆਰ 'ਤੇ ਆਧਾਰਤ ਹੈ । "ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ । ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ।''

ਜ਼ਾਹਿਰ ਹੈ ਕਿ ਮਾਇਆ ਦੀ ਤਰਜ਼ੇ-ਜ਼ਿੰਦਗੀ ਮਨੁਖ ਵਾਸਤੇ ਗੁਲਾਮੀ ਹੈ ਅਤੇ ਰਈਅਤ ਵਾਸਤੇ ਦੋਜ਼ਖ । ਇਸ ਕਲੋਂ ਮਨੁਖ ਵਾਸਤੇ ਭਲਾ ਮੁਮਕਿਨ ਨਹੀਂ । 'ਇਸ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ।' ਸਮਾਜਕ ਦਸ਼ਾ ਕੀ ਹੈ ? "ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ । ਕੂੜੁ ਬੋਲ ਭਉਕਣਾ ਚੂਕਾ ਧਰਮ ਬੀਚਾਰ ।'' "ਲਬ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ ।'' "ਅੰਧੀ ਰਯਤਿ ਗਿਆਨ ਵਿਹੂਣੀ ਭਾਹ ਭਰੇ ਮੁਰਦਾਰ ।'' ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡਰਿਆ । ਕੂੜ ਅਮਾਵਸ ਸਚੁ ਚੰਦਰਮਾ ਦੀਸੈ ਨਾਹੀ ਕਹ ਚੜਿਆ ।'' ਹੰਸ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ । ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ।'' 'ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ । ਰਹਾਉ । ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ।''

ਦੂਸਰੇ ਪਾਸੇ, ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਹੈ ਹੀ ਮਨੁਖਤਾ । ਉਥੇ 'ਮਾਨਸ ਦੀ ਜਾਤਿ ਸਭੈ ਏਕੋ ਪਹਿਚਾਨਬੋ'' ਹੈ । ਗੁਰਬਾਣੀ ਦੇ ਮੁਤਾਬਿਕ ਰਬ ਨੇ ਧਰਤੀ ਸਾਜੀ ਹੀ ਇਸ ਵਾਸਤੇ ਸੀ ਕਿ ਸਭ ਮਨੁਖ ਸੰਤਾਂ ਭਗਤਾਂ ਦੀ ਸੰਗਤ ਬਣ ਕੇ ਧਰਤੀ ਉਤੇ ਵਸਣ । 'ਸੰਤਾ ਹੇਤਿ ਪ੍ਰਭਿ ਤ੍ਰਿਭਵਣ ਧਾਰੇ ।' 'ਗੁਰਮੁਖ ਧਰਤੀ ਸਾਚੈ ਸਾਜੀ ।' 'ਗੁਰਮੁਖ ਕੀਤੇ ਥਾਟ ਸਿਰਜਿ ਸੰਸਾਰਿਆ ।' 'ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ।' 'ਠਾਕੁਰ ਸਿਉ ਜਾਕੀ ਬਨਿ ਆਈ । ਭੋਜਨ ਪੂਰਨ ਰਹੇ ਅਘਾਈ । ਕਛੂ ਨ ਥੋਰਾ ਹਰਿ ਭਗਤਨ ਕਉ ।'' 'ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ । ਤੁਧੁ ਸਭ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ । ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ।'' ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਕਿਸੇ ਗਲ ਦੀ ਤੋਟ ਆਉਣ ਦਾ ਸਵਾਲ ਪੈਦਾ ਨਹੀਂ ਹੁੰਦਾ ।



ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਦੀ ਕਲਚਰ ਦਾ ਮੂਲ ਕੀ ਹੈ ? ਇਸ ਦਾ ਮੂਲ ਹੈ : **ਪੈਸਾ ਪ੍ਰਸਤੀ** । 'ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ ।' ਇਸ ਦੇ ਉਲਟ ਨਾਮ ਵਾਲੀ ਤਰਜ਼ੇ-ਜ਼ਿੰਦਗੀ ਦੀ ਕਲਚਰ ਦਾ ਮੂਲ ਕੀ ਹੈ ? **ਸਰਬਤ ਦਾ ਪਿਆਰ** । 'ਸਤ ਸੰਗਤਿ ਕੈਸੀ ਜਾਣੀਐ । ਜਿਥੈ ਏਕੋ ਨਾਮੁ ਵਖਾਣੀਐ ।'

ਨਾਮ ਤੇ ਮਾਇਆ ਵਾਲੀਆਂ ਤਰਜ਼ੇ-ਜ਼ਿੰਦਗੀਆਂ ਦੀਆਂ ਸਮਾਜਕ ਮਨੁਖੀ ਕੀਮਤਾਂ ਦਾ ਆਪਸ ਵਿਚ ਆਮ੍ਹੋ ਸਾਹਮਣਾ ਵਿਰੋਧ ਹੈ । 'ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ । ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ । ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ । ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ।'

ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਚ ਜੋ ਸਮਾਜ ਦਾ ਸਿਖਰ ਹੈ, ਉਹ ਪਾਤਸ਼ਾਹ ਹੈ; ਨਾਮ ਦੀ ਤਰਜ਼ੇ-ਜ਼ਿੰਦਗੀ ਦੇ ਮੁਤਾਬਿਕ ਉਹ ਕੰਗਾਲ ਹੈ । ਉਸ ਦੇ ਹੱਥ ਪੱਲੇ ਕੁਝ ਨਹੀਂ । ਅਸਲੀ ਦੌਲਤੋਂ ਉਹ ਖਾਲਮਖਾਲੀ ਹੈ । ਮਾਇਆ ਦੀ ਤਰਜ਼ੇ-ਜ਼ਿੰਦਗੀ ਵਿਚ ਜੋ ਗਿਆਨਵਾਨ ਹੈ, ਪਾਰਖੂ ਹੈ, ਨਾਮ ਵਾਲੀ ਦੇ ਮੁਤਾਬਿਕ ਉਹ ਮੂਰਖ ਤੇ ਅੰਨ੍ਹਾ ਹੈ । ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਸਭ ਚਉਧਰੀ, ਸਭ ਲੀਡਰ ਇਲਤੀ ਹਨ । ਉਥੇ ਚੋਰ ਉਚੱਕਾ ਚਉਧਰੀ ਗੁੰਡੀ ਰੰਨ ਪ੍ਰਧਾਨ ਹੈ । ਸਪਸ਼ਟ ਹੈ ਕਿ ਜੋ ਇਕ ਤਰਜ਼ੇ-ਜ਼ਿੰਦਗੀ ਵਾਸਤੇ ਅੰਮ੍ਰਿਤ ਹੈ, ਉਹ ਦੂਸਰੀ ਵਾਸਤੇ ਜ਼ਹਿਰ ਹੈ । ਇਨ੍ਹਾਂ ਦੋਹਾਂ ਦਾ ਆਪਸ ਵਿਚ ਮੇਲ ਮੁਮਕਿਨ ਨਹੀਂ । 'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ।''

ਗੁਰਬਾਣੀ ਦੇ ਸਾਹਮਣੇ ਮਸਲਾ ਕੀ ਹੈ ? ਮਸਲਾ ਇਹ ਹੈ ਕਿ ਇਹ ਧਰਤੀ ਰਬ ਨੇ ਸਾਧਾਂ ਸੰਤਾਂ ਦੀ ਵਸੋਂ ਵਾਸਤੇ ਬਣਾਈ ਸੀ, ਪਰ ਇਸ ਉਤੇ ਕਬਜਾ ਆਣ ਕੀਤਾ ਹੈ ਚੋਰਾਂ ਨੇ । 'ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਮਾਹਿ ।' ਇਸ ਧਰਤੀ ਉਤੇ ਸਰਦਾਰੀ ਮਨੁਖ ਦੀ ਸੀ । 'ਅਵਰ ਜੋਨਿ ਤੇਰੀ ਪਨਿਹਾਰੀ । ਇਸੁ ਧਰਤੀ ਮਹਿ ਤੇਰੀ ਸਿਕਦਾਰੀ । ਸੁਇਨਾ ਰੂਪਾ ਤੁਝ ਪਹਿ ਕਾਮ । ਸੀਲੁ ਬਗਾਰਿਓ ਤੇਰਾ ਨਾਮ ।'' ਹੁਣ ਸਰਦਾਰੀ ਮਾਇਆ ਦੀ ਹੋ ਗਈ ਹੈ ਅਤੇ ਮਨੁਖ ਨੂੰ ਉਸ ਨੇ ਗੁਲਾਮ ਬਣਾ ਲਿਆ ਹੈ । ਮਨੁਖ ਵਸਤੂਆਂ ਵਿਚ ਵਸਤੂ ਹੋ ਗਿਆ ਹੈ । ਜ਼ਿੰਦਗੀ ਪੁਠੇ ਰਾਹੇ ਪੈ ਤੁਰੀ ਹੈ । ਇਸ ਨੂੰ ਮੁੜ ਸਿੱਧੇ ਰਾਹੇ ਤੋਰਨਾ ਹੈ । ਪਰ ਜਿਨ੍ਹਾਂ ਚੋਰਾਂ ਨੇ ਇਸ ਧਰਤੀ ਉਤੇ ਕਬਜ਼ਾ ਕਰ ਲਿਆ ਹੈ ਉਹ ਪੋਲੀਂ ਪੈਰੀਂ ਛੱਡੂ ਨਹੀਂ । ਮਾਇਆ ਦੇ ਬੰਧਨ ਨੂੰ ਤੋੜਨਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ।

ਬੰਦ ਖਲਾਸ ਹੋਣੀ ਕਿਸ ਤਰ੍ਹਾਂ ਹੈ ? **ਬਲ ਨਾਲ** । 'ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ' । ਇਸ ਵਾਸਤੇ ਹੀ ਗੁਰੂ ਨਾਨਕ ਸਾਹਿਬ ਨੇ ਤੁਰਦਿਆਂ ਹੀ ਕਹਿ ਦਿਤਾ ਸੀ : "ਜਉ ਤਉ ਪ੍ਰੇਮ ਖੇਲਣ ਕਾ ਚਾਉ । ਸਿਰੁ ਧਰਿ ਤਲੀ ਗਲੀ ਮੇਰੀ ਆਉ । ਇਤੁ ਮਾਰਗਿ ਪੈਰ ਧਰੀਜੈ । ਸਿਰੁ ਦੀਜੈ ਕਾਣਿ ਨ ਕੀਜੈ ।''

ਇਨ੍ਹਾਂ ਤਰਜ਼ੇ-ਜ਼ਿੰਦਗੀਆਂ ਦਾ ਆਪਸ ਵਿਚ ਮੁਢੋਂ ਲੈ ਕੇ ਅਖ਼ੀਰ ਤਕ ਵਿਰੋਧ ਹੈ । **ਇਹ ਵਿਰੋਧ ਜਮਾਤੀ ਹੈ** । "ਪੇਵਕੜੈ ਧਨ ਵਖੋ'' ਜਮਾਤੀ ਸਮਾਜ ਹੈ ਜੋ ਉਸ ਵਕਤ ਫਿਊਡਲ ਸਮਾਜ ਸੀ । ਉਸ ਵਿਚ ਲੋਕਾਂ ਦੀ ਦਸ਼ਾ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ'' ਸੀ । ਹਾਕਮ ਜਮਾਤਾਂ ਦੀ ਜਾਇਦਾਦ ਦੀ ਮਾਲਕੀ, ਉਨ੍ਹਾਂ ਦੀ ਤਰਜ਼ੇ-ਜ਼ਿੰਦਗੀ ਲੋਕਾਂ ਦਾ ਲਹੂ ਚੂਸਣ ਤੋਂ ਬਿਨਾਂ ਚਲ ਨਹੀਂ ਸੀ ਸਕਦੀ । ਦੂਸਰੇ ਪਾਸੇ "ਸਹੁਰੜੀ ਵਥੁ ਸਭੁ ਕਿਛੁ ਸਾਂਝੀ'' ਲੋਕ ਹਿੱਤ

ਦਾ ਪੈਂਤੜਾ ਹੈ। **ਲੋਕਾਂ ਦਾ ਹਿੱਤ ਮਨੁਖੀ ਜ਼ਿੰਦਗੀ ਦੇ ਵਸੀਲਿਆਂ ਦੇ ਸਾਂਝੇ ਹੋਣ ਵਿਚ ਹੈ। ਸਿਰਫ਼ ਸਾਂਝੇ ਹੋਣ ਨਾਲ ਹੀ ਉਹ ਸਭਸ ਨੂੰ ਮਨੁਖੀ ਲੋੜਾਂ ਅਨੁਸਾਰ ਮਿਲ ਸਕਦੇ ਹਨ।** ਉਸ ਤੋਂ ਬਗ਼ੈਰ ਸਭਸ ਦੀਆਂ ਮਨੁਖੀ ਲੋੜਾਂ ਪੂਰੀਆਂ ਹੋ ਨਹੀਂ ਸਕਦੀਆਂ। ਜੈਸੇ ਸਮਾਜਕ ਰਿਸ਼ਤੇ, ਜੈਸੀਆਂ ਸਮਾਜਕ, ਵਿਚਾਰਧਾਰਕ, ਕਲਚਰਲ, ਸਿਆਸੀ ਸੰਸਥਾਵਾਂ, ਸਟੇਟ, ਮਨੁਖ ਦੀ ਕਿਸਮ, ਉਸ ਦੇ ਮਨੋਰਥ ਨਾਮ ਉਸਾਰਦਾ ਹੈ, ਉਹ 'ਵਥੁ' ਸਾਂਝੀ ਹੋਣ ਤੋਂ ਬਗ਼ੈਰ ਉੱਸਰ ਨਹੀਂ ਸਕਦੇ। ਮਾਇਆ ਦਾ ਨਿਜ਼ਾਮ ਕਾਬਜ਼ ਹੋਵੇ ਤਾਂ ਉਸ ਦੇ ਵਿਰੁਧ ਇਨਕਲਾਬੀ ਪੈਂਤੜੇ 'ਤੇ ਆਇਆਂ ਹੀ ਉੱਸਰਦੇ ਹਨ।

ਜ਼ਾਹਿਰ ਹੈ ਕਿ ਲੋਕ-ਹਿੱਤ ਤੇ ਹਾਕਮ ਜਮਾਤਾਂ ਦੇ ਹਿੱਤਾਂ ਦੀ, ਇਨ੍ਹਾਂ ਦੋਹਾਂ ਤਰਜ਼ੇ-ਜ਼ਿੰਦਗੀਆਂ ਦੀ ਆਪਸ ਵਿਚ ਰਸਾਈ ਹੋਣੀ ਅਸੰਭਵ ਹੈ। ਇਨ੍ਹਾਂ ਦੋਹਾਂ ਦਾ ਆਪਸ ਵਿਚ ਵੈਰ ਇਨ੍ਹਾਂ ਦੇ ਹੱਡਾਂ ਦਾ ਵੈਰ ਹੈ। **ਸਿਖ-ਲਹਿਰ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਕਾਮਿਆਂ ਦੀ ਫ਼ਿਊਡਲ ਦੇ ਵਿਰੁਧ ਆਪਣੀ ਆਜ਼ਾਦੀ ਵਾਸਤੇ ਇਨਕਲਾਬੀ ਜਦੋ-ਜਹਿਦ ਸੀ ਅਤੇ ਗੁਰਬਾਣੀ ਉਸ ਲਹਿਰ ਦੀ ਵਿਚਾਰਧਾਰਾ, ਮਜ਼੍ਹਬੀ ਰੂਪ ਵਿਚ ਮਨੁਖ ਦੀ, ਸਰਬਤ ਦੀ ਆਜ਼ਾਦੀ ਦਾ ਸੱਚ।**

ਗੁਰਬਾਣੀ ਦੇ ਕਈ ਵਿਆਖਿਆਕਾਰ ਉਸ ਦੀ ਵਿਆਖਿਆ ਐਸ ਤਰ੍ਹਾਂ ਕਰਦੇ ਹਨ ਜਿਵੇਂ ਨਾਮ ਗ੍ਰਹਿਣ ਕਰਕੇ, ਉਸ ਦੀ ਸਮਾਜਕ ਮਨੁਖੀ ਅਮਲ ਵਿਚ ਤਰਜਮਾਨੀ ਕਰਦਾ ਹੋਇਆ, ਦੂਸਰੇ ਲਫ਼ਜ਼ਾਂ ਵਿਚ ਸਹੀ ਅਰਥਾਂ ਵਿਚ ਨਾਮ ਗ੍ਰਹਿਣ ਕਰਦਾ ਹੋਇਆ ਮਨੁਖ ਮਾਇਆ ਦੀ ਕਾਬਜ਼ ਤਰਜ਼ੇ-ਜ਼ਿੰਦਗੀ ਨਾਲ ਰਸਾਈ ਪੈਦਾ ਕਰਕੇ ਜੀਵਨ ਗੁਜ਼ਾਰ ਸਕਦਾ ਹੈ। ਇਸ ਤਰ੍ਹਾਂ ਦੀ ਗੁਰਬਾਣੀ ਦੀ ਵਿਆਖਿਆ ਕਰਨਾ ਗ਼ਲਤ ਹੈ, ਬਾਣੀ ਨਾਲ ਬੇਇਨਸਾਫ਼ੀ ਹੈ। ਕੂੜ ਤੋਲਣ ਦੇ ਤੁੱਲ ਹੈ। **ਨਾਮ ਤੇ ਮਾਇਆ ਦੀ ਆਪਸ ਵਿਚ ਕਿਸੇ ਕਿਸਮ ਦੀ ਰਸਾਈ ਮੁਮਕਿਨ ਨਹੀਂ।**

ਮਾਇਆ ਦੀ ਤਰਜ਼ੇ-ਜ਼ਿੰਦਗੀ ਨਾਲ ਰਸਾਈ ਤਾਂ ਹੀ ਹੋ ਸਕਦੀ ਹੈ, ਜੇ, ਜਾਂ ਤਾਂ ਨਾਮ ਨੂੰ ਜ਼ਬਾਨੀ ਜਮ੍ਹਾਂ ਖ਼ਰਚ ਹੀ ਬਣਾ ਲਿਆ ਜਾਵੇ, ਅਤੇ ਜਾਂ ਗੁਰਬਾਣੀ ਦੇ ਮੂਲ ਨੂੰ ਵਿਗਾੜਿਆ ਜਾਵੇ। ਸੱਚ ਤਾਂ ਇਹ ਹੈ ਕਿ ਇਹੀ ਕੰਮ ਹਰ ਹਾਕਮ ਜਮਾਤ ਦੀ ਕਲਚਰ ਕਰਦੀ ਆਈ ਹੈ, ਕਰਦੀ ਹੈ। ਜਦੋਂ ਸਮਾਜਕ ਸਥਿਤੀ ਇਨਕਲਾਬੀ ਨਾ ਰਹੇ, ਹਰ ਹਾਕਮ ਜਮਾਤ ਇਨਕਲਾਬੀ ਵਿਚਾਰਧਾਰਾ ਦੀ ਵੀ ਆਪਣੇ ਹਿੱਤ ਅਨੁਸਾਰ ਸੁਧਾਈ ਕਰ ਲੈਂਦੀ ਹੈ ਅਤੇ ਉਸ ਨੂੰ ਆਪਣੇ ਹਿੱਤ ਵਾਸਤੇ ਵਰਤਦੀ ਹੈ। ਇਹੋ ਹੀ ਗੱਲ ਅਜ ਗੁਰਬਾਣੀ ਦੇ ਕਈ ਵਿਆਖਿਆਕਾਰ ਕਰ ਰਹੇ ਹਨ। ਗੁਰਬਾਣੀ ਦੇ ਸੱਚ ਨਾਲ ਧਰੋਹ ਕਮਾ ਰਹੇ ਹਨ।

ਸਿਖ-ਲਹਿਰ ਤੇ ਕਾਬਜ਼ ਨਿਜ਼ਾਮ ਦਾ ਆਪਸ ਵਿਚ ਵਿਰੋਧ ਜਮਾਤੀ ਸੀ। ਉਨ੍ਹਾਂ ਦਾ ਆਪਸ ਵਿਚ ਟਕਰਾਉਣਾ ਲਾਜ਼ਮੀ ਸੀ। ਵਕਤ ਦਾ ਤਕਾਜ਼ਾ ਸੀ। ਸਿਖ-ਲਹਿਰ ਨਾਮ ਗ੍ਰਹਿਣ ਕਰਾਉਂਦੀ ਸੀ। ਮਾਇਆ ਦੀ ਵਹਿਸ਼ਤ ਨੂੰ ਉਘੇੜਦੀ ਸੀ। ਲੋਕਾਂ ਦੀ ਪੂਰਨ ਵਫ਼ਾਦਾਰੀ ਲਹਿਰ ਦੇ ਲੀਡਰ ਸਤਿਗੁਰੂ ਨੂੰ ਦਿਵਾਉਂਦੀ ਸੀ। ਕਾਬਜ਼ ਨਿਜ਼ਾਮ ਦੀ ਸਟੇਟ ਦੇ ਵਿਰੁਧ ਉਹ ਆਪਣੀ ਸਟੇਟ ਉਸਾਰੀ ਆਉਂਦੀ ਸੀ? ਕਾਬਜ਼ ਨਿਜ਼ਾਮ ਦੀ ਸਟੇਟ ਨੂੰ ਉਹ ਜਾਬਰ, ਡਾਕੂ ਤੇ ਲਹੂ-ਚੂਸ ਤੇ ਉਸ ਦੇ ਬਾਦਸ਼ਾਹ ਨੂੰ ਝੂਠਾ ਪਾਤਸ਼ਾਹ ਕਰਾਰ ਦੇਂਦੀ ਸੀ। ਝੂਠੇ ਪਾਤਸ਼ਾਹ ਦੇ ਵਿਰੁਧ ਸਤਿਗੁਰੂ ਸੱਚਾ ਪਾਤਸ਼ਾਹ ਸੀ। ਚੂੰਕਿ ਸਿਖ-ਲਹਿਰ ਦਾ ਜਮਾਤੀ ਪੈਂਤੜਾ ਇਨਕਲਾਬੀ ਸੀ ਉਸ ਨੇ



ਆਪਣੀ ਸਟੇਟ ਲਾਜ਼ਮੀ ਉਸਾਰਨੀ ਸੀ। ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ ਲੋਕਾਂ ਦੀ ਪੂਰਨ ਵਫ਼ਾਦਾਰੀ ਜਿਤਨੀ ਸੀ, ਜਥੇਬੰਦ ਕਰਨੀ ਸੀ।

ਦੂਸਰੇ ਪਾਸੇ ਤੋਂ, ਕਾਬਜ਼ ਨਿਜ਼ਾਮ ਦੀ ਸਟੇਟ ਨੇ ਇਸ ਨੂੰ ਜਰਨਾ ਕਿਸ ਤਰ੍ਹਾਂ ਸੀ? ਪੈਂਤੜਿਆਂ ਤੋਂ ਹੀ ਦੋਹਾਂ ਦਾ ਆਪਸ ਵਿਚ ਟੱਕਰਾ ਆਮ੍ਹੋ ਸਾਹਮਣਾ ਸੀ। ਜਿਸ ਜਿਸ ਮੌਕੇ ਅਮਲੀ ਤੌਰ ਤੇ ਟਕਰਾ ਹੋਇਆ, ਵਕਤੀ ਕਾਰਨ ਵੀ ਬਣਨੇ ਹੀ ਸਨ। ਉਹ ਬਣੇ। ਇਨ੍ਹਾਂ ਵਕਤੀ ਕਾਰਨਾਂ ਰਾਹੀਂ ਹੀ ਬੁਨਿਆਦੀ ਕਾਰਨ ਨੇ ਪ੍ਰਵੇਸ਼ ਕੀਤਾ। ਹਾਲਾਤ ਦੇ ਉਸ ਖ਼ਾਸ ਪ੍ਰਸੰਗ ਵਿਚ ਵਕਤੀ ਕਾਰਨ ਬੁਨਿਆਦੀ ਕਾਰਨ ਦੇ ਪ੍ਰਵੇਸ਼ ਦਾ ਰੂਪ ਸਨ। ਮੂਲ ਕਾਰਨ ਦੇ ਪ੍ਰਸੰਗ ਵਿਚ ਵਕਤੀ ਕਾਰਨਾਂ ਦਾ ਵੀ ਰੋਲ ਹੁੰਦਾ ਹੈ। ਇਸ ਵਾਸਤੇ ਹੀ ਉਹ ਹੋਂਦ ਵਿਚ ਆਉਂਦੇ ਹਨ। ਪਰ ਉਹ ਬੁਨਿਆਦੀ ਕਾਰਨ ਨਹੀਂ ਹੁੰਦੇ। ਵਕਤੀ ਕਾਰਨਾਂ ਨੂੰ ਬੁਨਿਆਦੀ ਕਾਰਨ ਸਮਝ ਲੈਣਾ ਅਤੇ ਬੁਨਿਆਦੀ ਕਾਰਨ ਤਕ ਪਹੁੰਚਣਾ ਹੀ ਨਾ, ਇਤਿਹਾਸ ਨੂੰ ਗ਼ਲਤ ਸਮਝਣਾ ਹੈ। ਇਸ ਤੋਂ ਉਪਰੰਤ ਇਹ ਵੀ ਗਲ ਨਜ਼ਰ-ਅੰਦਾਜ਼ ਨਹੀਂ ਕਰਨੀ ਚਾਹੀਦੀ ਕਿ ਜਦੋਂ ਕਾਬਜ਼ ਸਟੇਟ ਨੂੰ ਇਨਕਲਾਬੀ ਵੰਗਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਆਪਣਾ ਹਰ ਹਥਿਆਰ ਵਰਤਦੀ ਹੈ। ਹਰ ਮੁਮਕਿਨ ਤਅਸਬ ਨੂੰ ਇਸਤਾਮਾਲ ਕਰਦੀ ਹੈ। ਉਸ ਵੇਲੇ ਦੀ ਕਾਬਜ਼ ਸਟੇਟ ਨੇ ਵੀ, ਆਪਣੇ ਆਪ ਨੂੰ ਖ਼ਤਰਾ ਮਹਿਸੂਸ ਕਰਦੀ, ਹਰ ਸਟੇਟ ਵਾਂਗ ਹਰ ਤਅੱਸਬ ਨੂੰ, ਮਜ਼੍ਹਬੀ ਤਅੱਸਬ ਨੂੰ ਵੀ, ਵਰਤਿਆ। ਪਰ ਸਟੇਟ ਵਲੋਂ ਮਜ਼੍ਹਬੀ ਤਅੱਸਬ ਨੂੰ ਵਰਤੇ ਜਾਣ ਦਾ ਇਹ ਮਤਲਬ ਨਹੀਂ ਕਿ ਸਿਖ-ਲਹਿਰ ਤੇ ਕਾਬਜ਼ ਨਿਜ਼ਾਮ ਦੀ ਸਟੇਟ ਦੀ ਆਪਸ ਵਿਚ ਲੜਾਈ ਹਿੰਦੂ ਤੇ ਮੁਸਲਮਾਨਾਂ ਦੀ ਆਪਸ ਵਿਚ ਫਿਰਕੂ ਲੜਾਈ ਸੀ। ਕਾਬਜ਼ ਨਿਜ਼ਾਮ ਦੇ ਵਿਰੁਧ ਸਿਖ-ਲਹਿਰ ਦੀ ਜਦੋ-ਜਹਿਦ ਇਨਕਲਾਬੀ ਸੀ। ਉਸ ਦਾ ਪੈਂਤੜਾ ਜਮਾਤੀ ਸੀ, ਲੋਕ ਹਿੱਤ ਦਾ ਸੀ, ਮਨੁਖ ਦੀ ਆਜ਼ਾਦੀ ਦਾ ਸੀ। ਇਹ ਪੈਂਤੜਾ ਫਿਰਕੂ ਬਿਲਕੁਲ ਨਹੀਂ ਸੀ। ਇਸ ਨੂੰ ਫਿਰਕੂ ਰੰਗਤ ਦੇਣਾ ਉਸ ਦੇ ਇਨਕਲਾਬੀ ਅਸਲੇ ਨੂੰ ਘੱਟੇ ਵਿਚ ਰੋਲਣਾ ਹੈ।

PHONE — 274915 →

BLOCKS _ DESIGNS _ STEREOS _
CINEMA SLIDES _ DIES AND _
ART PRINTING

_Sun Process REGD.
JATWARA, NETAJI SUBASH ROAD, DELHI—6

**SEDH** (Panjabi Monthly) JANUARY, 1976
Registered with the Registrar of Newspapers
for India—Registration No. 23895/72 Regd. No. D (S) 022

FOR FASHION & TASTE

Visit

Zenith
SAREE HOUSE

SILK & SAREE FASHIONIST

fully air conditioned

ਜ਼ੀਨਤ ਸਾੜੀ ਹਾਊਸ

2402/3, Hardhian Singh Road
(Gurdwara side), Karol Bagh
New Delhi - 110005.

Phones : 568620, 589118